ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 16 | 19 April to 25 April 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



ਅੰਦਰ ਪੜ੍ਹੋ 03 ਭਾਈਚਾਰਾ

ਸਟਾਕਟਨ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਮੌਕੇ ਵਿਸ਼ਾਲ ਨਗਰ ਕੀਰਤਨ





08 ਵਿਚਾਰ ਚਰਚਾ

ਡੇਰੇ ਤੋਂ ਵੋਟ ਮੰਗਣ ਵਾਲੇ ਸਿੱਖ ਆਗੂ ਚਾਹ-ਪਾਣੀ ਦੀ ਖ਼ਾਤਰਦਾਰੀ ਮਗਰੋਂ ਤਨਖ਼ਾਹੀਏ ਕਰਾਰ




# ਕੈਪਟਨ ਆਪੇ ਆਇਆ ਕੁੜਿੱਕੀ ’ਚ

## ਹਰਜੀਤ ਸਿੰਘ ਸੱਜਣ ਉੱਤੇ ‘ਖ਼ਾਲਿਸਤਾਨੀ ਹਮਦਰਦ’ ਹੋਣ ਦਾ ਦੋਸ਼ ਲਾ ਕੇ ਅਮਰਿੰਦਰ ਸਿੰਘ ਨੇ ਅਪਣੀ ਹੀ ਹੇਠੀ ਕਰਵਾਈ

### *ਸਿਆਸੀ ਧਿਰਾਂ ਨੇ ਕੈਪਟਨ ਦੀ ਨਿੱਜੀ ਖੁੰਦਕ ਵਾਲੀ ਹਰਕਤ ਨੂੰ ਆੜੇ ਹੱਥੀਂ ਲਿਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨਾਲ ਮਿਲਣੀ ਤੋਂ ਇਨਕਾਰ ਕਰਕੇ ਜਿੱਥੇ ਅਪਣੀ ਹੇਠੀ ਕਰਵਾਈ ਹੈ ਉੱਥੇ ਸਿੱਖ ਭਾਈਚਾਰੇ ਤੇ ਸਿਆਸੀ ਹਲਕਿਆਂ ਵਿਚ ਤਿੱਖੀ ਚਰਚਾ ਛੇੜ ਦਿੱਤੀ ਹੈ। ਸਿਆਸੀ ਮਾਹਰਾਂ ਨੇ ਕੈਪਟਨ ਦੀ ਨਿੱਜੀ ਖੁੰਦਕ ਵਾਲੀ ਹਰਕਤ ਨੂੰ ਆੜੇ ਹੱਥੀਂ ਲੈਂਦਿਆ ਕਿਹਾ ਹੈ ਕਿ ਕੈਪਟਨ ਨੇ ਹਰਜੀਤ ਸਿੰਘ ਸੱਜਣ ਨੂੰ ਖ਼ਾਲਿਸਤਾਨੀ ਸਮਰਥਕ ਕਹਿ ਕੇ ਮੁਸੀਬਤ ਮੁੱਲ ਲੈ ਲਈ ਹੈ। ਚਾਰੇ ਪਾਸੇ ਕੈਪਟਨ ਦਾ ਵਿਰੋਧ ਹੋ ਰਿਹਾ ਹੈ। ਕੋਈ ਇਸ ਨੂੰ ਕੈਪਟਨ ਦੀ ਨਿੱਜੀ ਖੁੰਦਕ ਦੱਸ ਰਿਹਾ ਹੈ ਤੇ ਕੋਈ ਇਸ ਨੂੰ ਓਂਟਾਰੀਓ ਸਰਕਾਰ ਵਲੋਂ 1984 ਦੇ ਕਤਲੇਆਮ ਖ਼ਿਲਾਫ ਪਾਸ ਮਤੇ ਦੇ ਵਿਰੋਧ ਕਾਰਨ ਚੁੱਕਿਆ ਗਿਆ ਕਦਮ ਦੱਸ


**ਸਬੰਧਤ ਹੋਰ ਖ਼ਬਰਾਂ ਸਫ਼ਾ 14 ’ਤੇ ਪੜ੍ਹੋ**



**ਬਾਕੀ ਸਫ਼ਾ 35 ’ਤੇ**




ਕੈਪਟਨ ਅਮਰਿੰਦਰ ਸਿੰਘ ਵਲੋਂ ਜਿੱਥੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ‘ਖ਼ਾਲਿਸਤਾਨੀ ਸਮਰਥਕ’ ਕਹਿ ਕੇ ਮਿਲਣ ਤੋਂ ਇਨਕਾਰ ਕੀਤਾ ਗਿਆ, ਉਥੇ ਭਾਰਤੀ ਫ਼ੌਜ ਨੇ ਨਵੀਂ ਦਿੱਲੀ ਦੇ ਸਾਊਥ ਬਲਾਕ ਸਥਿਤ ਉਨ੍ਹਾਂ ਨੂੰ ‘ਗਾਰਡ ਆਫ਼ ਆਨਰ’ ਦੇ ਕੇ ਕੀਤਾ ਸਨਮਾਨਤ।

# ਸਿੱਖਾਂ ਨੇ ਟਾਈਮ ਸੁਕੇਅਰ ਵਿਚ 8000 ਲੋਕਾਂ ਦੇ ਸਜਾਈ ਦਸਤਾਰ

## ਕਿਹਾ-ਸਾਨੂੰ ਅਤਿਵਾਦੀ ਨਾ ਸਮਝੋ





ਨਿਊ ਯਾਰਕ/ਬਿਊਰੋ ਨਿਊਜ਼ : ਅਮਰੀਕਾ ਵਿਚ ਸਿੱਖਾਂ ਵਿਰੁੱਧ ਵਧੇ ਨਫ਼ਰਤੀ ਅਪਰਾਧਾਂ ਦੇ ਚਲਦਿਆਂ ਸ਼ਨਿਚਰਵਾਰ ਨੂੰ ਟਾਈਮਜ਼ ਸਕੁਏਅਰ ਪੂਰੀ ਤਰ੍ਹਾਂ ਸਿੱਖੀ ਸਭਿਆਚਾਰ ਅਤੇ ਰਵਾਇਤਾਂ ਦੀ ਰੰਗਤ ਵਿਚ ਡੁੱਬ ਗਿਆ। ਇੱਥੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਨਿਊਯਾਰਕ ਦੇ ਰਹਿਣ ਵਾਲੇ 8000 ਲੋਕਾਂ ਅਤੇ ਸੈਲਾਨੀਆਂ ਦੇ ਸਿਰਾਂ ’ਤੇ ਦਸਤਾਰਾਂ ਸਜਾ ਕੇ ਸਿੱਖਾਂ ਦੀ ਵੱਖਰੀ ਪਛਾਣ ਪ੍ਰਤੀ ਜਾਗਰੂਕ ਕੀਤਾ। ਟਾਈਮਜ਼ ਸਕੁਏਅਰ ’ਤੇ ਇਹ ਸਮਾਗਮ ਗ਼ੈਰ ਸਰਕਾਰੀ ਸੰਗਠਨ ‘ਦਿ ਸਿੱਖਸ ਆਫ ਨਿਊਯਾਰਕ’ ਵਲੋਂ ਕੀਤਾ ਗਿਆ ਸੀ। ਵਿਸਾਖੀ ਮੌਕੇ 4 ਘੰਟਿਆਂ ਤੱਕ ਚੱਲੇ ਇਸ ਸਮਾਗਮ ਵਿਚ ਸੰਗਠਨ ਦੇ ਮੈਂਬਰਾਂ ਨੇ 8000 ਅਮਰੀਕੀਆਂ ਅਤੇ ਵੱਖ-ਵੱਖ ਦੇਸ਼ਾਂ ਤੇ ਜਾਤੀ-ਭਾਈਚਾਰਿਆਂ ਦੇ ਲੋਕਾਂ ਨੂੰ ਰੰਗ-ਬਿਰੰਗੀਆਂ ਪੱਗਾਂ ਬੰਨ੍ਹੀਆਂ। ਇਸ ਦਾ ਉਦੇਸ਼ ਅਮਰੀਕੀਆਂ ਅਤੇ ਹੋਰ ਦੇਸ਼ਾਂ ਦੇ ਲੋਕਾਂ ਵਿਚਕਾਰ ਸਿੱਖ ਧਰਮ ਅਤੇ ਇਸ ਵਿਚ ਪਵਿੱਤਰ ਮੰਨੀਆਂ ਜਾਣ ਵਾਲੀਆਂ ਵਸਤੂਆਂ ਜਿਵੇਂ ਕਿ ਪੱਗ ਨੂੰ ਲੈ ਕੇ ਜਾਗਰੂਕਤਾ ਪੈਦਾ ਕਰਨਾ ਸੀ। ਅਮਰੀਕਾ ਵਿਚ ਹਾਲ ਹੀ ਦੇ ਸਮੇਂ ਵਿਚ ਸਿੱਖਾਂ ਪ੍ਰਤੀ ਨਫ਼ਰਤ ਅਪਰਾਧਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ ਅਤੇ ਲੋਕਾਂ ਵਿਚ ਦਸਤਾਰ ਸੰਬੰਧੀ ਜਾਣਕਾਰੀ ਪੈਦਾ ਕਰਕੇ ਇਨ੍ਹਾਂ ਘਟਨਾਵਾਂ ਨੂੰ ਰੋਕਣ ਵਿਚ ਕਾਫੀ ਮਦਦ ਮਿਲ ਸਕਦੀ ਹੈ। ਦੱਸਣਯੋਗ ਹੈ ਕਿ 9/11 ਅੱਤਵਾਦੀ ਹਮਲੇ ਤੋਂ ਬਾਅਦ ਪੱਗ ਨੂੰ ਲੈ ਕੇ ਗ਼ਲਤ ਧਾਰਨਾ ਬਣ ਗਈ ਹੈ ਅਤੇ ਇਸ ਨੂੰ ਆਮ ਤੌਰ ’ਤੇ ਅੱਤਵਾਦ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਸਮਾਰੋਹ ਵਿਚ ਕਾਂਗਰਸੀ ਜਾਰਜ ਮੀਕਸ ਨੇ 15 ਅਪ੍ਰੈਲ, 2017 ਨੂੰ ‘ਟਰਬਨ ਡੇਅ’ (ਦਸਤਾਰ ਦਿਵਸ) ਐਲਾਨਿਆ। ਸੰਗਠਨ ਦੇ ਸੰਸਥਾਪਕ ਚੰਨਪ੍ਰੀਤ ਸਿੰਘ ਨੇ ਕਿਹਾ ਕਿ ਦਸਤਾਰ ਦਿਵਸ ਦੀ ਸ਼ੁਰੂਆਤ ਸਾਲ 2013 ਵਿਚ ਕੀਤੀ ਗਈ ਸੀ। ਉਨ੍ਹਾਂ ਕਿਹਾ, ‘ਸਿੱਖਾਂ ਦੀ ਪੱਗ ਅਤੇ ਧਰਮ ਦੇ ਸਭਿਆਚਾਰ ਬਾਰੇ ਅਸੀਂ ਜਾਗਰੂਕਤਾ ਲਿਆ ਰਹੇ ਹਨ। ਪੱਗ ਹਰ ਸਿੱਖ ਦਾ ਤਾਜ ਹੁੰਦੀ ਹੈ ਅਤੇ ਇਹ ਸਾਡੇ ਲਈ ਮਾਣ ਅਤੇ ਦਲੇਰੀ ਦਾ ਪ੍ਰਤੀਕ ਹੈ। ਜਿਹੜੇ ਲੋਕ ਪੱਗ ਨਹੀਂ ਬੰਨ੍ਹਦੇ, ਉਨ੍ਹਾਂ ਲਈ ਦਸਤਾਰ ਦਿਵਸ ਇਸ ਨੂੰ ਬੰਨ੍ਹਣ


**ਬਾਕੀ ਸਫ਼ਾ 35 ’ਤੇ**


## ਮੇਰੀਆਂ ਜੜ੍ਹਾਂ ਤੋਂ ਮੈਨੂੰ ਕੋਈ ਵੱਖ ਨਹੀਂ ਕਰ ਸਕਦਾ : ਹਰਜੀਤ ਸੱਜਣ

ਭਾਰਤ ਦੇ ਦੌਰੇ ’ਤੇ ਆਏ ਕੈਨੇਡਾ ਦੇ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਨੇ ਕਿਹਾ, ‘ਪੰਜਾਬ ਵਿਚ ਮੇਰੀਆਂ ਜੜ੍ਹਾਂ ਹਨ, ਜਿਸ ਤੋਂ ਮੈਨੂੰ ਕੋਈ ਵੱਖ ਨਹੀਂ ਕਰ ਸਕਦਾ ਅਤੇ ਨਾ ਹੀ ਮੇਰਾ ਘਰ ਤੇ ਮੇਰੀ ਪੰਜਾਬੀ ਪਛਾਣ ਤੋਂ ਕੋਈ ਵੱਖ ਕਰ ਸਕਦਾ ਹੈ।’ ਇਹ ਬਿਆਨ ਉਨ੍ਹਾਂ ਦਿੱਲੀ ਪੁੱਜਣ ’ਤੇ ਦਿੱਤਾ। ਉਨ੍ਹਾਂ ਦਾ ਦੌਰਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਕਾਰਨ ਵਧੇਰੇ ਸੁਰਖ਼ੀਆਂ ਵਿਚ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ’ਤੇ ਖ਼ਾਲਿਸਤਾਨੀ ਸਮਰਥਕ ਹੋਣ ਸਬੰਧੀ ਲਾਏ ਦੋਸ਼ਾਂ ਕਾਰਨ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਕੈਪਟਨ ਦੇ ਬਿਆਨ ’ਤੇ ਪ੍ਰਤੀਕਰਮ ਕਰਦਿਆਂ ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਨੇ ਨਾ ਸਿਰਫ ਪੰਜਾਬ ਦੌਰੇ ’ਤੇ ਜਾਣ ਦੇ ਪ੍ਰੋਗਰਾਮ ਵਿਚ ਕੋਈ ਬਦਲਾਅ ਕਰਨ ਤੋਂ ਇਨਕਾਰ ਕੀਤਾ ਸਗੋਂ ਇਹ ਵੀ ਕਿਹਾ ਕਿ ਉਹ ਦੇਸ਼ ਤੋੜਨ ਵਿਚ ਨਹੀਂ ਰਿਸ਼ਤੇ ਬਣਾਉਣ ਵਿਚ ਯਕੀਨ ਰੱਖਦੇ ਹਨ।


**ਪੂਰੀ ਖ਼ਬਰ ਸਫ਼ਾ 32 ’ਤੇ ਪੜ੍ਹੋ**



ਵਿਸ਼ੇਸ਼ ਸੂਚਨਾ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਜੈ ਸਿੰਘ

ਫੋਨ ਨੰਬਰ

510-677-2777

SAVE $2500
ON DIESEL PER TRUCK WITH
ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

Punjabi
408-272-5200

KHALSA
INSURANCE AGENCY, INC.
Khalsa Insurance Agency is among TOP 50 agencies
COVERED CALIFORNIA
OBAMACARE
Call Now for the
Lowest Health Insurance
Premiums available
Some Households
qualify for
FREE HEALTHCARE
408-272-2500

VISA
Global Visa Service
• Indian visa
• indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539


MADHAR PRODUCTIONS & DE LUXE PRODUCTIONS
PRESENTS
Madhar productions
NIMRAT KHAIRA
HIMANSHI KHURANA
NINJA
MANKIRT AULAKH
SUNANDA SHARMA
ASHA SHARMA
(STAGE SECRETARY)
Vaisakhi 2017
LIVE IN CONCERT
APRIL • 30, 2017 • SUNDAY • 7-10
DOOR OPENS AT 6PM • SHOW START AT 7PM
YUBA SUTTER FAIRGROUNDS ( MAIN EXHIBIT HALL )
442 FRANKLIN AVENUE YUBA CITY, CA 95991
BUY ONLINE • www.sulekha.com/VoiceOfPunjab
• VVIP • VIP • $39 • $19
SPONSORSHIPS & FURTHER INFO CALL :
SUKHVINDER SINGH 530.713.2805
AMAN MADHAR 415.717.2283

# ਸਟਾਕਟਨ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਮੌਕੇ ਵਿਸ਼ਾਲ ਨਗਰ ਕੀਰਤਨ

## ਅਮਰਿੰਦਰ ਸਿੰਘ ਦਾ ਪਿਛੋਕੜ ਸਿੱਖ ਕੌਮ ਨਾਲ ਕੀਤੀਆਂ ਗਦਾਰੀਆਂ ਨਾਲ ਭਰਿਆ ਹੋਇਆ ਹੈ : ਡਾ. ਅਮਰਜੀਤ ਸਿੰਘ

### ਅਮਰੀਕਨ ਤੇ ਸਿੱਖ ਆਗੂਆਂ ਸਮੇਤ ਭਾਰੀ ਗਿਣਤੀ ਸੰਗਤਾਂ ਨੇ ਕੀਤੀ ਸ਼ਿਰਕਤ

**ਸਟਾਕਟਨ/ਹੁਸਨ ਲੜੋਆ ਬੰਗਾ:** ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਸਟਾਕਟਨ, ਕੈਲੀਫੋਰਨੀਆ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ ਤੇ ਵਿਸ਼ਾਲ ਨਗਰ ਕੀਰਤਨ ਕੀਤਾ ਗਿਆ ਜਿਸ ਦੌਰਾਨ ਭਾਰੀ ਮੀਂਹ ਦੇ ਬਾਵਜੂਦ ਹਜਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪੰਜਾਂ ਪਿਆਰਿਆਂ ਦੀ ਅਗਵਾਈ ਵਿਚੋਂ ਕੱਢੇ ਗਏ ਨਗਰ ਕੀਰਤਨ ਤੋਂ ਪਹਿਲਾਂ ਰਾਤ ਤੇ ਸਵੇਰੇ ਭਾਰੀ ਦੀਵਾਨ ਸਜਾਏ ਗਏ ਜਿਸ ਵਿਚ ਵੱਖ ਵੱਖ ਸਿੱਖ ਤੇ ਅਮਰੀਕਨ ਆਗੂਆਂ ਨੇ ਭਰਵੀਂ ਹਾਜ਼ਰੀ ਲੁਆਈ ਤੇ ਆਪਣੇ ਆਪਣੇ ਵਿਚਾਰ ਰੱਖੇ।

ਇਨ੍ਹਾਂ ਬੁਲਾਰਿਆਂ ਵਿਚ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਨੇ ਆਪਣੀ ਤਕਰੀਰ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਉਨ੍ਹਾਂ ਵਿਚਾਰਾਂ ਨੂੰ ਕਾਫ਼ੀ ਭੰਡਿਆ ਜਿਸ ਵਿਚ ਉਨ੍ਹਾਂ ਕੈਨੇਡਾ ਦੇ ਸਿੱਖ ਰੱਖਿਆ ਮੰਤਰੀ ਨੂੰ ਖਾਲਿਸਤਾਨ ਨਾਲ ਜੋੜ ਕੇ ਨਾ ਮਿਲਣ ਦੀ ਗੱਲ ਆਖੀ ਸੀ . ਇਸ ਦੇ ਜਵਾਬ ਵਿਚ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਪਿਛੋਕੜ ਸਿੱਖ ਕੌਮ ਨਾਲ ਕੀਤੀਆਂ ਗਦਾਰੀਆਂ ਨਾਲ ਭਰਿਆ ਹੋਇਆ ਹੈ ਤੇ ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕੈਨੇਡਾ ਫੇਰੀ ਦੌਰਾਨ ਉਸਨੂੰ ਕਿਧਰੋ ਵੀ ਬੋਲਣ ਨਹੀਂ ਸੀ ਦਿੱਤਾ ਗਿਆ ਜਿਸ ਕਰਕੇ ਉਹ ਬੁਖਲਾ ਗਿਆ।

ਬਾਕੀ ਬੁਲਾਰਿਆਂ ਵਿਚ ਸੁਖਵਿੰਦਰ ਸਿੰਘ ਸਿੱਖਸ ਫਾਰ ਜਸਟਿਸ, ਨਿਰਮਲ ਸਿੰਘ ਥਿਆੜਾ, ਹਰਪ੍ਰੀਤ ਸਿੰਘ ਸੰਧੂ ਸਿੱਖ ਕਾਕਸ, ਮਨਮੀਤ ਸਿੰਘ, ਜੋ ਸੈਨੇਟ ਲਈ ਮੋਡੈਸਟੋ ਸ਼ਹਿਰ ਤੋਂ ਉਮੀਦਵਾਰ ਹਨ ਤੋਂ ਇਲਾਵਾ ਸਟਾਕਟਨ

ਬਾਕੀ ਸਫ਼ਾ 34 'ਤੇ










# ਖ਼ਾਲਸਾ ਸਾਜਨਾ ਦਿਵਸ ਮੌਕੇ ਫਰੀਮੌਂਟ ਦੀ ਸੰਗਤ ਨੇ ਸਹਿਜ ਪਾਠ ਸੰਪੂਰਨ ਕੀਤੇ

**ਫਰੀਮੌਂਟ/ਬਿਊਰੋ ਨਿਊਜ਼ :** ਫਰੀਮੌਂਟ ਗੁਰਦੁਆਰਾ ਸਾਹਿਬ ਵਿਖੇ 319ਵਾਂ ਖ਼ਾਲਸਾ ਸਾਜਨਾ ਦਿਵਸ ਸਬੰਧੀ ਸਮਾਗਮ ਹੋਏ। ਇਸ ਮੌਕੇ 60 ਤੋਂ ਵੱਧ ਪਰਿਵਾਰਾਂ ਨੇ ਸ਼ਮੂਲੀਅਤ ਕਰਕੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਹਿਜ ਪਾਠ ਸੰਪੂਰਨ ਕੀਤੇ। ਅਰਦਾਸ ਮਗਰੋਂ ਗੁਰਦੁਆਰਾ ਕਮੇਟੀ ਨੇ ਸਮੂਹ ਪਰਿਵਾਰਾਂ ਨੂੰ ਵਧਾਈ ਦਿੱਤੀ।

ਭਾਈ ਪਰਮਜੀਤ ਸਿੰਘ ਆਨੰਦਪੁਰ ਸਾਹਿਬ ਵਾਲਿਆਂ ਨੇ ਕਥਾ ਕੀਤੀ ਅਤੇ ਭਾਈ ਨਿਰੰਜਣ ਸਿੰਘ ਜਵੱਦੀ, ਭਾਈ ਹਰਮਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਭਾਈ ਦਿਲਬਾਗ ਸਿੰਘ ਤੇ ਜਥਾ ਭਾਈ ਗੁਰਪ੍ਰੀਤ ਸਿੰਘ ਤੇ ਜਥਾ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਫਰੀਮੌਂਟ ਵਲੋਂ ਕੀਰਤਨ ਸਰਵਣ ਕਰਵਾਇਆ ਗਿਆ। ਖ਼ਾਲਸਾ ਸਕੂਲ ਦੇ ਬੱਚਿਆਂ ਨੇ ਵੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਪਹਿਲਾਂ 8 ਅਪ੍ਰੈਲ ਨੂੰ ਸਿੱਖ ਚਿਲਡਰਨ ਡੇਅ ਵੀ ਮਨਾਇਆ ਗਿਆ। ਖ਼ਾਲਸਾ ਸਾਜਨਾ ਦਿਵਸ ਸਬੰਧੀ ਪ੍ਰੋਗਰਾਮ 29 ਅਪ੍ਰੈਲ ਤੱਕ ਜਾਰੀ ਰਹਿਣਗੇ।

12 ਅਪ੍ਰੈਲ ਨੂੰ ਅਖੰਡ ਪਾਠ ਆਰੰਭ ਹੋਏ ਸਨ। 13 ਅਪ੍ਰੈਲ ਨੂੰ ਦਸਤਾਰ ਸਿਖਲਾਈ ਦਿੱਤੀ ਗਈ। 14 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। 15 ਅਪ੍ਰੈਲ ਨੂੰ ਸੁਖਮਨੀ ਸਾਹਿਬ, ਚੌਪਈ ਸਾਹਿਬ ਦੇ ਪਾਠ ਹੋਏ। 16 ਅਪ੍ਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। 22 ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਹੋਵੇਗਾ। 29 ਅਪ੍ਰੈਲ ਨੂੰ ਗਲਾਈਡ ਮੈਮੋਰੀਅਲ ਚਰਚ, ਸਾਨ ਫਰਾਂਸਿਸਕੋ ਵਿਖੇ ਲੰਗਰ ਦੀ ਸੇਵਾ ਹੋਵੇਗੀ।






CHAAT BHAVAN RESTAURANT

CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM



# ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

**AT GURDWARA SAHIB KHALSA CARE FOUNDATION**

**9899 Laurel canyon Blvd, Pacoima CA 91331**

# ਖ਼ਾਲਸਾ ਪੰਥ ਦੇ ਸਿਰਜਣਾ ਦਿਵਸ

# ਵਿਸਾਖੀ

ਦੀਆਂ

# ਲੱਖ ਲੱਖ ਵਧਾਈਆਂ



**16 April (Sunday) & 23 April 2017 (Sunday)**

**11:00 am - 01:00 pm KIRTAN BY SANT ANOOP SINGH JI**

**17 April (Monday) To 22 April 2017 (Saturday)**

**06:30 pm - 08:30 pm KIRTAN BY SANT ANOOP SINGH JI**

On 21st April Five Sri Akhand Paath Sahib Aarambh at 10:00 am
Bhog of Sri Akhand Paath Sahib On 23rd at 10:00 am

**On 23rd April 2017, Saturday**

**AMRIT SANCHAR**

**At 07:00 AM**

**BHAI GHANHAIYA JEE LANGAR SEWA DAL**

FOR MORE INFORMATION PLEASE CONTACT:
BALDEV SINGH (818) 468-9595
BALWINDER SINGH (818) 404-0811
MAKHAN SINGH (661) 225-7157
PARAMJIT SINGH (626) 354-6653


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਰਾਜਾ ਬੱਧਨੀ ਕਲਾਂ ਪਰਿਵਾਰ ਨੂੰ ਸਦਮਾ ਪਿਤਾ ਸ. ਸੁਦਾਗਰ ਸਿੰਘ ਦਾ ਅਕਾਲ ਚਲਾਣਾ

### *ਅੰਤਿਮ ਸੰਸਕਾਰ 22 ਅਪ੍ਰੈਲ, ਸ਼ਨਿੱਚਰਵਾਰ ਨੂੰ*



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਇਥੋਂ ਦੇ ਸਮਾਜ ਸੇਵੀ ਰਾਜਾ ਬੱਧਨੀ ਕਲਾਂ ਦੇ ਪਰਿਵਾਰ ਨੂੰ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਸ. ਸੁਦਾਗਰ ਸਿੰਘ ਧਾਲੀਵਾਲ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 84 ਸਾਲਾ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਹੈ। ਉਹ ਪਿਛਲੇ 14 ਸਾਲਾ ਤੋਂ ਫਰਿਜ਼ਨੋ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 22 ਅਪ੍ਰੈਲ, ਸ਼ਨਿੱਚਰਵਾਰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਾਉਲਰ ਵਿਖੇ ਹੋਵੇਗਾ ਅਤੇ ਉਪਰੰਤ ਭੋਗ ਗੁਰਦੁਆਰਾ ਨਾਨਕਸਰ ਚੈਰੀ ਰੋਡ ਫਰਿਜ਼ਨੋ ਵਿਖੇ ਪਾਇਆ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਰਾਜਾ ਬੱਧਨੀ ਕਲਾਂ ਨੂੰ 559-367-6854 'ਤੇ ਕਾਲ ਕਰ ਸਕਦੇ ਹੋ।

## ਸ਼ਮਿੰਦਰ ਪਾਲ ਸਿੰਘ ਦੇ ਪਰਿਵਾਰ ਨੂੰ ਸਦਮਾ, ਮਾਤਾ ਗੁਰਦੇਵ ਕੌਰ ਦਾ ਦੇਹਾਂਤ

### *ਅੰਤਿਮ ਸੰਸਕਾਰ 22 ਅਪ੍ਰੈਲ, ਸ਼ਨਿਚਰਵਾਰ ਨੂੰ*



**ਬੇਕਰਸਫੀਲਡ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਸਥਾਨਕ ਨਿਵਾਸੀ ਸ਼ਮਿੰਦਰ ਪਾਲ ਸਿੰਘ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਗੁਰਦੇਵ ਕੌਰ ਪਤਨੀ ਸ. ਬਲਵੀਰ ਸਿੰਘ 16 ਅਪ੍ਰੈਲ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾ ਵਿੱਚ ਜਾ ਬਿਰਾਜੇ। ਉਨ੍ਹਾਂ ਦਾ ਪਿਛਲਾ ਪਿੰਡ ਸੇਵੇਵਾਲਾ (ਗੁੰਮਟੀ ਖੁਰਦ) ਨੇੜੇ ਜੈਤੋ ਮੰਡੀ ਜ਼ਿਲ੍ਹਾ ਫਰੀਦਕੋਟ ਹੈ। ਮਾਤਾ ਗੁਰਦੇਵ ਕੌਰ ਦਾ ਅੰਤਿਮ ਸੰਸਕਾਰ 22 ਅਪ੍ਰੈਲ, ਸ਼ਨਿੱਚਰਵਾਰ ਨੂੰ 10:00 ਵਜੇ ਤੋਂ 12:00 ਵਜੇ ਤੱਕ 2739 Panama lane. Bakersfield, CA 93313 ਵਿਖੇ ਹੋਵੇਗਾ ਅਤੇ ਉਪਰੰਤ ਪਾਠ ਦਾ ਭੋਗ ਗੁਰਦੁਆਰਾ ਦਸ਼ਮੇਸ਼ ਦਰਬਾਰ 7000 Wible rd. Bakersfield, CA 93313 ਵਿਖੇ ਪਾਇਆ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ਼ਮਿੰਦਰ ਪਾਲ ਸਿੰਘ ਨਾਲ (661)-380-0184 ਅਤੇ ਰੁਪਿੰਦਰ ਪਾਲ ਸਿੰਘ ਨਾਲ (661)-221-1448 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂਥ ਅਕਾਲੀ ਆਗੂ ਸ. ਦਲਵਿੰਦਰ ਸਿੰਘ ਨੂੰ ਸਦਮਾ, *ਭਰਜਾਈ ਬਲਵਿੰਦਰ ਕੌਰ ਦਾ ਦੇਹਾਂਤ*



**ਨਿਊਯਾਰਕ/ਬਿਊਰੋ ਨਿਊਜ਼ :** ਯੂਥ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ (ਨਿਊਯਾਰਕ ਇਕਾਈ) ਦੇ ਅਗਜ਼ੈਕਟਿਵ ਮੈਂਬਰ ਸ. ਦਲਵਿੰਦਰ ਸਿੰਘ ਦੇ ਭਰਾ ਸ. ਰਜਿੰਦਰ ਸਿੰਘ ਦੀ ਪਤਨੀ ਬੀਬੀ ਬਲਵਿੰਦਰ ਕੌਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਬੀਬੀ ਬਲਵਿੰਦਰ ਕੌਰ ਜੀ ਗੁਰਬਾਣੀ ਦੇ ਰਸੀਏ ਸਨ। ਸ. ਦਲਵਿੰਦਰ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਦਿਨ-ਰਾਤ ਕੌਮ ਦੀ ਸੇਵਾ ਕਰ ਰਿਹਾ ਹੈ। ਬੀਬੀ ਬਲਵਿੰਦਰ ਕੌਰ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸੇਵਾਦਾਰ ਸ. ਅਮਰਜੀਤ ਸਿੰਘ, ਕਰਨਜੋਤ ਸਿੰਘ, ਨਰਿੰਦਰ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ, ਦਲਜੀਤ ਸਿੰਘ, ਬਲਵਿੰਦਰ ਸਿੰਘ, ਲਖਵਿੰਦਰ ਸਿੰਘ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਕਾਲ ਪੁਰਖ ਅੱਗੇ ਬੀਬੀ ਬਲਵਿੰਦਰ ਕੌਰ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।

## ਭਾਈਚਾਰਕ ਮਾਮਲਿਆਂ ਬਾਰੇ ਮੰਤਰੀ ਐੱਨ.ਕੇ. ਮਿਸ਼ਰਾ ਨੂੰ ਨਿੱਘੀ ਵਿਦਾਇਗੀ




**ਮੈਰੀਲੈਂਡ/ਰਾਜ ਗੋਗਨਾ :** ਵਾਸ਼ਿੰਗਟਨ ਡੀ.ਸੀ. ਸਥਿਤ ਭਾਰਤੀ ਅੰਬੈਸੀ ਦੇ ਭਾਈਚਾਰਕ ਮਾਮਲਿਆਂ ਬਾਰੇ ਮੰਤਰੀ ਸ੍ਰੀ ਐੱਨ.ਕੇ. ਮਿਸ਼ਰਾ ਨੂੰ ਇੱਥੇ ਭਾਰਤੀ ਭਾਈਚਾਰੇ ਵਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਉਹ ਪਿਛਲੇ ਤਿੰਨ ਸਾਲਾਂ ਤੋਂ ਇੱਥੇ ਕਮਿਊਨਿਟੀ ਦੀਆਂ ਮੁਸ਼ਕਲਾਂ ਹੱਲ ਕਰਨ ਅਤੇ ਦੋਹਾਂ ਮੁਲਕਾਂ ਵਿਚਾਲੇ ਰਿਸ਼ਤਿਆਂ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਸਨ। ਉਨ੍ਹਾਂ ਅਮਰੀਕਾ ਅਤੇ ਭਾਰਤ ਵਿਚਲੇ ਰਿਸ਼ਤਿਆਂ ਦੀ ਬਿਹਤਰੀ ਲਈ ਅਹਿਮ ਰੋਲ ਅਦਾ ਕੀਤਾ ਹੈ। ਇਸੇ ਕਰਕੇ ਭਾਰਤ ਸਰਕਾਰ ਵਲੋਂ ਉਨ੍ਹਾਂ ਦੀਆਂ ਸੇਵਾਵਾਂ ਵਿੱਚ ਕੁਝ ਵਾਧਾ ਵੀ ਕੀਤਾ ਗਿਆ ਹੈ। ਉਹ ਆਪਣੀਆਂ ਸੇਵਾਵਾਂ ਹੁਣ ਭਾਰਤ ਵਿਚ ਦੇਣਗੇ। ਨੈਸ਼ਨਲ ਕੌਂਸਲ ਆਫ ਏਸ਼ੀਅਨ ਅਮਰੀਕਨ ਸੰਸਥਾ ਵਲੋਂ ਸੈਫਰਨ ਰੈਸਟੋਰੈਂਟ ਵਿਚ ਉਨ੍ਹਾਂ ਦੀ ਸ਼ਾਨ ਵਿਚ ਦਿੱਤੀ ਗਈ ਪਾਰਟੀ ਮੌਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਡਾ. ਸੁਰੇਸ਼ ਗੁਪਤਾ ਨੇ ਮਿਸ਼ਰਾ ਨੂੰ ਅਜਿਹੇ ਸ਼ਬਦਾਂ ਨਾਲ ਨਿਵਾਜਿਆ ਜੋ ਕਾਬਲੇ ਤਾਰੀਫ ਸਨ। ਸੰਸਥਾ ਦੇ ਪ੍ਰਧਾਨ ਪਵਨ ਬੈਜਵਾੜਾ ਨੇ ਕਿਹਾ ਕਿ ਐੱਨ.ਕੇ. ਮਿਸ਼ਰਾ ਸਾਡੇ ਨਾਲ ਪਰਿਵਾਰਕ ਤੌਰ 'ਤੇ ਵਿਚਰਦੇ ਰਹੇ ਹਨ। ਉਨ੍ਹਾਂ ਹਮੇਸ਼ਾ ਹੀ ਕਮਿਊਨਿਟੀ ਦੀ ਬਿਹਤਰੀ ਲਈ ਅਹਿਮ ਰੋਲ ਅਦਾ ਕੀਤਾ ਹੈ। ਵਾਈਸ ਚੇਅਰਮੈਨ ਅਸ਼ੋਕ ਬਤਰਾ ਨੇ ਕਿਹਾ ਕਿ ਅਜਿਹੇ ਅਫਸਰ ਵਿਰਲੇ ਹੀ ਹੁੰਦੇ ਹਨ ਜੋ ਕਮਿਊਨਿਟੀ ਦੀਆਂ ਮੁਸ਼ਕਲਾਂ ਅਤੇ ਬਿਹਤਰੀ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਡਾ. ਸੁਰਿੰਦਰ ਗਿੱਲ ਅਤੇ ਆਨੰਦੀ ਨਾਇਕ ਨੇ ਵੀ ਇਸ ਮੌਕੇ ਸੰਬੋਧਨ ਕੀਤਾ। ਸ੍ਰੀ ਮਿਸ਼ਰਾ ਨੇ ਅੰਬੈਸੀ ਦੇ ਓਪਨ ਹਾਊਸ, ਵੀਜ਼ਾ, ਪਾਸਪੋਰਟ ਅਤੇ ਓ.ਸੀ.ਆਈ. ਸੇਵਾਵਾਂ ਦੀ ਸਰਲਤਾ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਉਹ ਕਮਿਊਨਿਟੀ ਦੇ ਕੰਮ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ। ਸਟੇਜ ਦੀ ਸੇਵਾ ਡਾ. ਕਲੀਮ ਕਵਾਜਾ ਨੇ ਬਾਖੂਬੀ ਨਿਭਾਈ। ਸੰਸਥਾ ਵਲੋਂ ਯਾਦਗਾਰੀ ਚਿੰਨ੍ਹ ਰਾਹੀਂ ਮਿਸ਼ਰਾ ਜੀ ਨੂੰ ਸਨਮਾਨਤ ਕੀਤਾ। ਕਲਚਰਲ ਪ੍ਰੋਗਰਾਮ ਮਿਸਟਰ ਅਤੇ ਮਿਸਿਜ ਗੋਸਵਾਮੀ ਨੇ ਪੇਸ਼ ਕੀਤਾ। ਅਲਕਾ ਬਤਰਾ ਅਤੇ ਡਾ. ਸੁਰੇਸ਼ ਵਲੋਂ ਵੀ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ ਗਿਆ। ਰੇਣਕੂ ਮਿਸ਼ਰਾ ਨੇ ਕਮਿਊਨਿਟੀ ਮਨਿਸਟਰ ਦੇ ਸਫਰ 'ਤੇ ਕਵਿਤਾ ਪੜ੍ਹੀ। ਇਸ ਸਮਾਗਮ ਵਿੱਚ ਸੁਰਜੀਤ ਸਿੰਘ ਸਿੱਧੂ, ਮਨਜੀਤ ਸਿੰਘ, ਦਲਵੀਰ ਸਿੰਘ, ਰੁਲ਼ਦਾ ਸਿੰਘ, ਮੀਊਰ ਮੋਦੀ, ਸੋਮਾ ਬਰਮਨ, ਸੁਰਮੁਖ ਸਿੰਘ ਮਾਣਕੂ ਤੇ ਕੁਲਵਿਦਰ ਫਲੋਰਾ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੀ ਖਿੱਚ ਸ਼ਲੀਨੀ ਮਿਸ ਬਿਊਟੀ ਅਮਰੀਕਨ ਭਾਰਤੀ ਰਹੀ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce



ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SINGH TRANSPORT INC



- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ Owner Operatiors ਦੀ ਲੋੜ ਹੈ।
- ਡਰਾਇਵਰ ਵੀਰ ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4800 ਤੋਂ $6000 ਕਮਾਉਣ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਜਗਤਾਰ ਸਿੰਘ (510) 918-2439, (510) 943-9578

SFO/LAX to DELHI



LOW FARE
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

CIS
# CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !

Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com


# ਨਿਊ ਯਾਰਕ 'ਚ ਨਸ਼ੇੜੀ ਮੁਸਾਫ਼ਰਾਂ ਨੇ ਸਿੱਖ ਟੈਕਸੀ ਡਰਾਈਵਰ 'ਤੇ ਕੀਤਾ ਹਮਲਾ



*ਦਸਤਾਰ ਲਾਹ ਕੇ ਨਾਲ ਲੈ ਗਏ*

**ਨਿਊ ਯਾਰਕ/ਬਿਊਰੋ ਨਿਊਜ਼ :** ਨਸ਼ੇ ਵਿੱਚ ਧੁੱਤ ਮੁਸਾਫ਼ਰਾਂ ਨੇ ਇਥੇ ਇਕ ਸਿੱਖ ਟੈਕਸੀ ਡਰਾਈਵਰ 'ਤੇ ਹਮਲਾ ਕਰ ਦਿੱਤਾ। ਸ਼ਰਾਬੀ ਹੋਏ ਮੁਸਾਫ਼ਰਾਂ ਨੇ ਨੌਜਵਾਨ ਸਿੱਖ ਦੀ ਦਸਤਾਰ ਲਾਹ ਦਿੱਤੀ ਤੇ ਫ਼ਰਾਰ ਹੋਣ ਮੌਕੇ ਦਸਤਾਰ ਆਪਣੇ ਨਾਲ ਲੈ ਗਏ। ਸਥਾਨਕ ਪੁਲੀਸ ਨੇ ਇਸ ਸਾਰੇ ਮਾਮਲੇ ਦੀ ਸੰਭਾਵੀ ਨਫ਼ਰਤੀ ਹਮਲੇ ਵਜੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਸਿੱਖ ਡਰਾਈਵਰ 'ਤੇ ਹਮਲੇ ਦੀ ਇਹ ਘਟਨਾ ਐਤਵਾਰ ਤੜਕੇ ਵਾਪਰੀ ਤੇ ਡਰਾਈਵਰ ਦੀ ਪਛਾਣ ਹਰਕੀਰਤ ਸਿੰਘ ਵਜੋਂ ਹੋਈ ਹੈ, ਜੋ ਕਿ ਤਿੰਨ ਸਾਲ ਪਹਿਲਾਂ ਪੰਜਾਬ ਤੋਂ ਅਮਰੀਕਾ ਆਇਆ ਸੀ। ਹਰਕੀਰਤ ਨੇ ਰੋਜ਼ਨਾਮਚਾ ਨਿਊ ਯਾਰਕ ਡੇਲੀ ਨਿਊਜ਼ ਨੂੰ ਕਿਹਾ, 'ਮੈਂ ਬਹੁਤ ਡਰ ਗਿਆ ਹਾਂ। ਮੈਂ ਕੰਮ ਨਹੀਂ ਕਰਨਾ ਚਾਹੁੰਦਾ। ਦਸਤਾਰ ਨੂੰ ਹੱਥ ਪਾਉਣਾ ਮੇਰੇ ਧਰਮ ਤੇ ਅਕੀਦੇ ਦੀ ਤੌਹੀਨ ਹੈ। ਇਹ ਬਹੁਤ ਡਰਾਉਣਾ ਸੀ।' ਹਰਕੀਰਤ ਨੇ ਕਿਹਾ ਕਿ ਇਕ ਮਹਿਲਾ ਸਮੇਤ ਚਾਰ ਜਾਣੇ ਐਤਵਾਰ ਤੜਕੇ ਪੰਜ ਵਜੇ ਦੇ ਕਰੀਬ ਮੈਡੀਸਨ ਸਕੁਏਅਰ ਗਾਰਡਨ ਤੋਂ ਉਸ ਦੀ ਕਾਰ ਵਿੱਚ ਬੈਠੇ ਸਨ।

ਬਾਕੀ ਸਫ਼ਾ 29 'ਤੇ







ੴ ਸਤਿਗੁਰ ਪ੍ਰਸਾਦਿ ॥

# ਗੁਰਦੁਆਰਾ ਸਿੰਘ ਸਭਾ ਬੇਅ ਏਰੀਆ ਮਿਲਪੀਟਸ

**680 East Calaveras Blvd. Milpitas CA 95035**

ਵਲੋਂ ਵਿਸ਼ੇਸ਼ ਪ੍ਰੋਗਰਾਮ



ਬੱਚਿਆਂ ਦੇ ਪਬਲਿਕ ਸਪੀਕਿੰਗ ਮੁਕਾਬਲੇ

## ਜਿੱਤੋ ਢੇਰ ਸਾਰੇ ਵੱਡੇ ਇਨਾਮ

ਸਮਾਂ: ਐਤਵਾਰ 30 ਅਪ੍ਰੈਲ ਸਵੇਰੇ 11:00 ਵਜੇ ਤੋਂ

ਉਮਰ ਅਨੁਸਾਰਾਂ ਗਰੁੱਪਾਂ ਦੀ ਵੰਡ
ਗਰੁੱਪ 1: 4 ਤੋਂ 6 ਗਰੇਡ ਤੱਕ
ਗਰੁੱਪ 2: 7 ਤੋਂ 8 ਗਰੇਡ ਤੱਕ
ਗਰੁੱਪ 3: 9 ਤੋਂ 12 ਗਰੇਡ ਤੱਕ



*ਮੁਕਾਬਲਿਆਂ ਵਿੱਚ ਭਾਗ ਲੈਣ ਦੇ ਚਾਹਵਾਨ ਕ੍ਰਿਪਾ ਕਰਕੇ 17 ਅਪ੍ਰੈਲ 2017 ਤੱਕ ਨਿੱਜੀ ਤੌਰ ਉੱਤੇ ਜਾਂ ਈਮੇਲ* igosmilpitas@gmail.com *ਰਾਹੀਂ ਅਪਣੇ ਨਾਂਅ ਦਰਜ ਕਰਵਾ ਲੈਣ*

# ਡੇਰੇ ਤੋਂ ਵੋਟ ਮੰਗਣ ਵਾਲੇ ਸਿੱਖ ਆਗੂ ਚਾਹ-ਪਾਣੀ ਦੀ ਖ਼ਾਤਰਦਾਰੀ ਮਗਰੋਂ ਤਨਖ਼ਾਹੀਏ ਕਰਾਰ

***ਸਾਬਤ ਸੂਰਤ ਸਿੱਖ ਆਗੂਆਂ ਅਤੇ ਪਤਿਤ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡ ਕੇ ਲਾਈ ਧਾਰਮਿਕ ਸਜ਼ਾ • ਬੀਬੀ ਭੱਠਲ, ਅਜਾਇਬ ਭੱਟੀ, ਅਰਜਨ ਬਾਦਲ ਤੇ ਜਨਮੇਜਾ ਸਿੰਘ ਸੇਖੋਂ ਨਹੀਂ ਪੁੱਜੇ***

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇੱਥੇ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਵਾਲੇ ਸਿੱਖ ਸਿਆਸੀ ਆਗੂਆਂ ਨੂੰ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਤਨਖਾਹ ਲਾਈ ਗਈ। ਤਨਖ਼ਾਹ ਲਾਉਣ ਸਮੇਂ ਸਾਬਤ ਸੂਰਤ ਸਿੱਖ ਆਗੂਆਂ ਅਤੇ ਪਤਿਤ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ। ਇਸ ਤੋਂ ਪਹਿਲਾਂ ਸਾਰੇ ਆਗੂਆਂ ਨੇ ਆਪੋ-ਆਪਣੇ ਸਪਸ਼ਟੀਕਰਨ ਸੌਂਪੇ। ਇਕੱਤਰਤਾ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁੱਖ ਸਿੰਘ ਗੈਰਹਾਜ਼ਰ ਰਹੇ। ਅਕਾਲ ਤਖ਼ਤ ਵਿਖੇ ਤਲਬ ਕੀਤੇ 44 ਸਿੱਖ ਆਗੂਆਂ ਵਿੱਚੋਂ ਚਾਰ ਨਹੀਂ ਪੁੱਜੇ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਅਜਾਇਬ ਸਿੰਘ ਭੱਟੀ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਪੁੱਤਰ ਅਰਜਨ ਸਿੰਘ ਬਾਦਲ (ਸਾਰੇ ਕਾਂਗਰਸੀ) ਅਤੇ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਸ਼ਾਮਲ ਹਨ। ਗੈਰਹਾਜ਼ਰ ਆਗੂਆਂ ਨੂੰ ਅਗਲੀ ਇਕੱਤਰਤਾ ਸਮੇਂ ਪੇਸ਼ ਹੋਣਾ ਪਵੇਗਾ। ਪੰਜ ਸਿੰਘ ਸਾਹਿਬਾਨ ਨੇ 39 ਆਗੂਆਂ ਨੂੰ ਤਨਖਾਹ ਲਾਈ, ਜਿਨ੍ਹਾਂ ਵਿੱਚ 27 ਅਕਾਲੀ ਦਲ, 11 ਕਾਂਗਰਸ ਅਤੇ ਇਕ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ, ਜਦੋਂ ਕਿ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ ਨੂੰ ਇਸ ਦੋਸ਼ ਹੇਠੋਂ ਮੁਆਫ਼ ਕਰ ਦਿੱਤਾ ਗਿਆ। ਉਨ੍ਹਾਂ ਆਪਣੇ ਸਪਸ਼ਟੀਕਰਨ ਵਿੱਚ ਸਾਬਤ ਕੀਤਾ ਕਿ ਉਹ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਵਿੱਚ ਸ਼ਾਮਲ ਨਹੀਂ ਸੀ।



ਗੁਰਸਿੱਖ ਆਗੂਆਂ ਨੂੰ ਪੰਥਕ ਰਵਾਇਤ ਮੁਤਾਬਕ ਅਕਾਲ ਤਖ਼ਤ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਨੇ ਤਨਖਾਹ ਸੁਣਾਈ। ਇਨ੍ਹਾਂ ਕੁੱਲ 21 ਆਗੂਆਂ ਵਿੱਚ 20 ਸ਼੍ਰੋਮਣੀ ਅਕਾਲੀ ਦਲ ਦੇ ਅਤੇ ਇਕ ਕਾਂਗਰਸੀ (ਅਜੀਤਇੰਦਰ ਸਿੰਘ ਮੋਫਰ) ਹੈ। ਅਕਾਲੀ ਆਗੂਆਂ ਵਿੱਚ ਅਜੀਤ ਸਿੰਘ ਸ਼ਾਂਤ, ਦਰਬਾਰਾ ਸਿੰਘ ਗੁਰੂ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਵਰਿੰਦਰ ਕੌਰ, ਇੰਦਰ ਇਕਬਾਲ ਸਿੰਘ ਅਟਵਾਲ, ਮਨਤਾਰ ਸਿੰਘ ਬਰਾੜ, ਪ੍ਰਕਾਸ਼ ਸਿੰਘ ਭੱਟੀ, ਸਿਕੰਦਰ ਸਿੰਘ ਮਲੂਕਾ, ਗੁਰਪ੍ਰੀਤ ਸਿੰਘ ਰਾਜੂ, ਜੀਤਮਹਿੰਦਰ ਸਿੰਘ ਸਿੱਧੂ, ਪਰਮਬੰਸ ਸਿੰਘ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਹਰਪ੍ਰੀਤ ਸਿੰਘ ਕੋਟਭਾਈ, ਸੁਰਜੀਤ ਸਿੰਘ ਰੱਖੜਾ, ਇਕਬਾਲ ਸਿੰਘ ਝੂੰਦਾ, ਈਸ਼ਰ ਸਿੰਘ ਮਿਹਰਬਾਨ, ਗੋਬਿੰਦ ਸਿੰਘ ਲੌਂਗੋਵਾਲ, ਰਣਜੀਤ ਸਿੰਘ ਤਲਵੰਡੀ, ਹਰੀ ਸਿੰਘ ਨਾਭਾ ਅਤੇ ਦੀਦਾਰ ਸਿੰਘ ਭੱਟੀ ਸ਼ਾਮਲ ਹਨ। ਇਹ ਸਾਰੇ ਆਗੂ ਸਮੂਹਕ ਰੂਪ ਵਿੱਚ ਪੰਜ ਦਿਨ ਵੱਖ ਵੱਖ ਸੇਵਾਵਾਂ ਪੂਰੀਆਂ ਕਰਨਗੇ। ਇਕ ਦਿਨ ਇਹ ਸਾਰੇ ਇਕੱਠੇ ਹੋ ਕੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਤੋਂ ਦਰਸ਼ਨੀ ਡਿਊਢੀ ਤੱਕ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਰਸਤੇ ਦੀ ਸਫ਼ਾਈ ਕਰਨਗੇ, ਇਕ ਦਿਨ ਦੋ ਘੰਟੇ ਜੋੜਾ ਘਰ ਵਿੱਚ ਜੋੜਿਆਂ ਨੂੰ ਪਾਲਿਸ਼ ਕਰਨ ਦੀ ਸੇਵਾ ਕਰਨਗੇ, ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਪਰਿਕਰਮਾ ਦੀ ਸਫ਼ਾਈ ਅਤੇ ਧੁਆਈ ਦੀ ਸੇਵਾ ਕਰਨਗੇ, ਇਕ ਦਿਨ ਦੋ

ਬਾਕੀ ਸਫ਼ਾ 34 'ਤੇ

## ਸਿਆਸੀ ਦਬਾਅ ਹੇਠ ਹੋਏ ਅਕਾਲ ਤਖ਼ਤ ਦੇ ਫ਼ੈਸਲੇ : ਭਾਈ ਗੁਰਮੁਖ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਖੁਲਾਸਾ ਕੀਤਾ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਵਾਲਾ ਫੈਸਲਾ ਸਿਆਸੀ ਦਬਾਅ ਹੇਠ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵੀ ਕਈ ਫੈਸਲੇ ਸਿਆਸੀ ਦਬਾਅ ਹੇਠ ਹੋਏ ਹਨ। ਉਹ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋਏ। ਇਕੱਤਰਤਾ ਦੇ ਸਮੇਂ ਦੌਰਾਨ ਉਹ ਅਕਾਲ ਤਖ਼ਤ ਵਿਖੇ ਬੈਠ ਕੇ ਪਾਠ ਕਰਦੇ ਰਹੇ। ਸਵੇਰੇ ਜਦੋਂ ਇਕੱਤਰਤਾ ਸ਼ੁਰੂ ਹੋਣੀ ਸੀ ਤਾਂ ਭਾਈ ਗੁਰਮੁਖ ਸਿੰਘ ਅਕਾਲ ਤਖ਼ਤ 'ਤੇ ਪੁੱਜ ਗਏ। ਦੂਜੇ ਪਾਸੇ ਬਾਕੀ ਸਿੰਘ ਸਾਹਿਬਾਨ ਸਕੱਤਰੇਤ ਵਿੱਚ ਇਕੱਤਰਤਾ ਲਈ ਹਾਜ਼ਰ ਸਨ। ਜਦੋਂ ਉਹ ਇਕੱਤਰਤਾ ਲਈ ਨਹੀਂ ਪੁੱਜੇ ਤਾਂ ਤਿੰਨ ਤਖ਼ਤਾਂ ਦੇ ਜਥੇਦਾਰ ਉਨ੍ਹਾਂ ਨੂੰ ਮਨਾਉਣ ਵਾਸਤੇ ਗਏ ਪਰ ਭਾਈ ਗੁਰਮੁਖ ਸਿੰਘ ਨੇ ਸ਼ਰਤ ਰੱਖੀ ਕਿ ਪਹਿਲਾਂ ਇਹ ਦੱਸਿਆ ਜਾਵੇ ਕਿ ਡੇਰਾ ਮੁਖੀ ਦੀ ਮੁਆਫ਼ੀ ਵਾਲਾ ਪੱਤਰ ਕੌਣ ਲੈ ਕੇ ਆਇਆ ਸੀ ਅਤੇ ਕਿਸ ਕੋਲ ਆਇਆ ਸੀ। ਦੂਜਾ ਮੀਟਿੰਗ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਕਾਲ ਤਖ਼ਤ 'ਤੇ ਕੀਤੀ ਜਾਵੇ। ਮਨਾਉਣ ਵਿੱਚ ਸਫ਼ਲ ਨਾ ਹੋਣ ਮਗਰੋਂ ਭਾਈ ਗੁਰਮੁਖ ਸਿੰਘ ਦੀ ਥਾਂ ਸ੍ਰੀ ਹਰਿਮੰਦਰ



ਬਾਕੀ ਸਫ਼ਾ 34 'ਤੇ

# ਅਕਾਲ ਤਖ਼ਤ ਦੇ ਜਥੇਦਾਰ ਵਲੋਂ ਕਰਵਾਈਆਂ ਜਾਣ ਵਾਲੀਆਂ ਬੰਦ ਕਮਰਾ ਮੀਟਿੰਗਾਂ 'ਚ ਸ਼ਾਮਲ ਨਹੀਂ ਹੋਵਾਂਗਾ : ਭਾਈ ਗੁਰਮੁਖ ਸਿੰਘ

***ਡੇਰਾ ਸਿਰਸਾ ਮੁਖੀ, ਫੇਰ ਪਿਪਲੀਵਾਲੇ ਮੁਖੀ ਸਤਨਾਮ ਸਿੰਘ ਨੂੰ ਅਕਾਲ ਤਖ਼ਤ ਵਲੋਂ ਮੁਆਫ਼ੀ ਦਿੱਤੇ ਜਾਣ ਕਾਰਨ ਨਾਰਾਜ਼***

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੇ ਸਮੇਂ ਦੌਰਾਨ ਅਕਾਲ ਤਖ਼ਤ ਸਾਹਿਬ 'ਤੇ ਹੋਏ ਕੁਝ ਵਿਵਾਦਤ ਫ਼ੈਸਲਿਆਂ ਨੂੰ ਲੈ ਕੇ ਜਿੱਥੇ ਪੰਜ ਸਿੰਘ ਸਾਹਿਬਾਨ ਵਿਚ ਵਿਵਾਦ ਪੈਦਾ ਹੋ ਗਿਆ ਹੈ, ਉਥੇ ਵਿਸਾਖੀ ਮੌਕੇ ਦਮਦਮਾ ਸਾਹਿਬ ਦੇ ਸਿੰਘ ਸਾਹਿਬਾਨ ਭਾਈ ਗੁਰਮੁਖ ਸਿੰਘ ਨੇ ਤਖ਼ਤ ਦਮਦਮਾ ਸਾਹਿਬ 'ਤੇ ਇਹ ਐਲਾਨ ਕਰ ਦਿੱਤਾ ਕਿ ਉਹ ਅਕਾਲ ਤਖ਼ਤ ਦੇ ਜਥੇਦਾਰ ਗਿਆਨ ਗੁਰਬਚਨ ਸਿੰਘ ਵਲੋਂ ਕਰਵਾਈਆਂ ਜਾਣ ਵਾਲੀਆਂ ਬੰਦ ਕਮਰਾ ਮੀਟਿੰਗਾਂ ਵਿਚ ਸ਼ਾਮਲ ਨਹੀਂ ਹੋਣਗੇ। ਦੂਸਰਾ ਹਾਲ ਹੀ ਵਿਚ ਨੀਲਧਾਰੀ ਸੰਸਥਾ ਪਿਪਲੀ ਦੇ ਮੁਖੀ ਸਤਨਾਮ ਸਿੰਘ ਨੂੰ ਮੁਆਫ਼ ਕੀਤੇ ਜਾਣ ਦੇ ਮਾਮਲੇ ਵਿਚ ਹੁਣ ਤਖ਼ਤ ਸ਼੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੀ ਕਹਿ ਦਿੱਤਾ ਕਿ ਸਤਨਾਮ ਸਿੰਘ ਪਿਪਲੀਵਾਲੇ ਨੂੰ ਮੁਆਫ਼ ਕੀਤੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਸਤਨਾਮ ਸਿੰਘ ਵਾਲੀ ਚਿੱਠੀ ਪੜ੍ਹਨ ਲਈ ਨਹੀਂ ਦਿੱਤੀ ਗਈ ਤੇ ਜਦੋਂ ਉਹ ਚਿੱਠੀ ਪੜ੍ਹਨ ਲੱਗੇ ਤਾਂ ਸਪਸ਼ਟੀਕਰਨ ਉਨ੍ਹਾਂ ਦੇ ਹੱਥੋਂ ਖੋਹ ਲਿਆ ਗਿਆ ਸੀ।

### ਹੁਣ ਅਕਾਲ ਤਖ਼ਤ 'ਤੇ ਹੋਵੇਗੀ ਇਕੱਤਰਤਾ

ਪੰਥਕ ਮਰਿਆਦਾ ਅਨੁਸਾਰ ਸਿੱਖ ਕੌਮ ਦੇ ਫ਼ੈਸਲਿਆਂ ਦੀ ਇਕੱਤਰਤਾ ਅਕਾਲ ਤਖ਼ਤ 'ਤੇ ਹੀ ਮੰਨੀ ਜਾਂਦੀ ਹੈ ਪਰ ਪਿਛਲੇ ਕੁਝ ਸਮੇਂ ਦੌਰਾਨ ਇਕੱਤਰਤਾ ਦੀ ਬਜਾਏ ਬੰਦ ਕਮਰਾ ਮੀਟਿੰਗਾਂ ਹੋ ਰਹੀਆਂ ਸਨ, ਜਿਸ ਨੂੰ ਲੈ ਕੇ ਵੱਖਰਾ ਵਿਵਾਦ ਚੱਲ ਰਿਹਾ ਸੀ, ਇਹ ਵਿਵਾਦ ਉਸ ਸਮੇਂ ਵੱਧ ਗਿਆ ਸੀ, ਜਦੋਂ ਬੰਦ ਕਮਰਾ ਮੀਟਿੰਗ ਵਿਚ ਸਿਰਸੇ ਵਾਲੇ ਨੂੰ ਮੁਆਫ਼ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਅਕਾਲੀ ਦਲ ਵਲੋਂ ਸਿਰਸਾ ਵਾਲੇ ਦੀ ਹਮਾਇਤ ਲੈਣ ਮਗਰੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਦੇ ਲਗਾਤਾਰ ਤਿੱਖੇ ਤੇਵਰ ਦੇਖਣ ਨੂੰ ਮਿਲ ਰਹੇ ਹਨ। ਦਮਦਮਾ ਸਾਹਿਬ 'ਤੇ ਜਾਰੀ ਸੰਦੇਸ਼ ਵਿਚ ਉਨ੍ਹਾਂ ਸਪਸ਼ਟ ਕਰ ਦਿੱਤਾ ਕਿ ਉਹ ਕਿਸੇ ਵੀ ਬੰਦ ਕਮਰਾ ਮੀਟਿੰਗ ਵਿਚ ਨਹੀਂ ਜਾਣਗੇ ਤੇ ਜੋ ਅਕਾਲ ਤਖ਼ਤ ਸਾਹਿਬ 'ਤੇ ਇਕੱਤਰਤਾ ਹੋਵੇਗੀ ਉਸ ਵਿਚ ਹੀ ਸ਼ਾਮਲ ਹੋਣਗੇ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਅਕਾਲੀ ਦਲ ਤੇ ਕਾਂਗਰਸ ਤੇ 'ਆਪ' ਨੇਤਾਵਾਂ ਨੂੰ ਤਲਬ ਕੀਤੇ ਜਾਣ ਵਾਲੀ ਤਰੀਖ਼ ਮਹਿਜ਼ ਨੇੜੇ ਆ ਗਈ ਹੈ। ਭਾਈ ਗੁਰਮੁਖ ਸਿੰਘ ਦੇ ਇਸ ਐਲਾਨ ਨੇ ਗਿਆਨੀ ਗੁਰਬਚਨ ਸਿੰਘ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ ਕਿ ਉਹ ਤਾਂ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਹੁਣ ਜੋ ਮੀਟਿੰਗ ਹੋਵੇਗੀ, ਉਹ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੋਵੇਗੀ ਪਰ ਜਦੋਂ ਜਥੇਦਾਰ ਤੋਂ ਇਹ ਪੁਛਿਆ ਗਿਆ ਤਾਂ ਕਿ ਇਹ ਐਲਾਨ ਕਦੋਂ ਕੀਤਾ ਤਾਂ ਉਨ੍ਹਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ ਅਕਾਲ ਤਖ਼ਤ ਸਕੱਤਰੇਤ ਵਿਚ ਬੰਦ ਕਮਰੇ ਵਿਚ ਹੁੰਦੀਆਂ ਆਈਆਂ ਹਨ।

**ਸਰਕਾਰ ਕੌਮ ਨੂੰ ਹਥਿਆਰ ਚੁੱਕਣ ਲਈ ਮਜਬੂਰ ਨਾ ਕਰੇ :** ਦਮਦਮਾ ਸਾਹਿਬ ਤੋਂ ਜਾਰੀ ਸੰਦੇਸ਼ ਵਿਚ ਭਾਈ ਗੁਰਮੁਖ ਸਿੰਘ ਨੇ ਕਿਹਾ ਕਿ ਕੈਪਟਨ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਵੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਤਿਹਾਸਕ ਹਵਾਲਾ ਦਿੰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਪੁਰਖੇ ਭੁੱਖ ਨਾਲ ਮਰਦੇ ਸਨ ਤੇ ਇਨ੍ਹਾਂ ਦੇ ਪੁਰਖਿਆਂ ਨੇ 6ਵੇਂ ਅਤੇ 7ਵੇਂ ਗੁਰੂ ਸਾਹਿਬ ਦੀ ਸੇਵਾ ਕਰਕੇ ਰਾਜ ਭਾਗ ਹਾਸਲ ਕੀਤਾ ਹੈ ਤੇ ਕਿਹਾ ਕਿ ਜਦੋਂ 6ਵੇਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਪਿਤਾ 5ਵੇਂ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ ਤਾਂ ਉਸ ਸਮੇਂ ਦੀ ਸਰਕਾਰ ਨੇ ਕੁਝ ਨਹੀਂ ਕੀਤਾ , ਨਤੀਜਾ ਇਹ ਹੋਇਆ ਸੀ ਕਿ 11 ਸਾਲ ਦੀ ਉਮਰ ਵਿਚ ਹੀ ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਅਕਾਲ ਤਖ਼ਤ 'ਤੇ ਹੁਕਮਨਾਮਾ ਜਾਰੀ ਕਰਕੇ ਕੌਮ ਨੂੰ ਹਥਿਆਰ ਚੁੱਕਣ ਦਾ ਆਦੇਸ਼ ਦਿੱਤਾ ਸੀ ਤੇ ਹੁਣ ਇਹ ਨੌਬਤ ਆ ਗਈ ਹੈ ਕਿ ਜੇਕਰ ਕੈਪਟਨ ਸਰਕਾਰ ਨੇ ਸਮਾਂ ਰਹਿੰਦਿਆਂ ਕਾਰਵਾਈ ਨਾ ਕੀਤੀ ਤਾਂ ਕੌਮ ਹਥਿਆਰ ਚੁੱਕਣ ਤੋਂ ਪਿਛੇ ਨਹੀਂ ਹਟੇਗੀ।

### ਜਥੇਦਾਰ ਇਕਬਾਲ ਸਿੰਘ ਨੇ ਕਿਹਾ-ਚਿੱਠੀ ਨਹੀਂ ਪੜ੍ਹਨ ਦਿੱਤੀ

ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੀ ਇਥੋਂ ਤਕ ਕਹਿ ਦਿੱਤਾ ਕਿ ਗਿਆਨੀ ਗੁਰਬਚਨ ਸਿੰਘ ਨੇ ਸਤਨਾਮ ਸਿੰਘ ਪਿਪਲੀਵਾਲੇ ਦੇ ਸਪਸ਼ਟੀਕਰਨ ਵਾਲੀ ਚਿੱਠੀ ਉਨ੍ਹਾਂ ਦੇ ਹੱਥੋਂ ਖੋਹ ਲਈ ਸੀ ਜਦੋਂ ਉਹ ਚਿੱਠੀ ਪੜ੍ਹਨ ਲੱਗੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਜਥੇਦਾਰ ਦੇ ਕਹਿਣ 'ਤੇ ਹੀ ਮੁਆਫ਼ੀਨਾਮੇ ਵਾਲੇ ਹੁਕਮਨਾਮੇ 'ਤੇ ਹਸਤਾਖ਼ਰ ਕਰ ਦਿੱਤੇ ਸਨ। ਹਾਲਾਂਕਿ ਇਹ ਵਿਵਾਦ ਚੱਲ ਰਿਹਾ ਹੈ ਕਿ ਪਿਪਲੀਵਾਲੇ ਮਾਮਲੇ 'ਤੇ ਭਾਈ ਗੁਰਮੁਖ ਸਿੰਘ ਤੇ ਗਿਆਨੀ ਰਘੁਵੀਰ ਸਿੰਘ ਨੇ ਹਾਲੇ ਤਕ ਹਸਤਾਖ਼ਰ ਨਹੀਂ ਕੀਤੇ।

ਉਧਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਚਿੱਠੀ ਪੜ੍ਹਨ ਤੋਂ ਕਿਸੇ ਨੂੰ ਨਹੀਂ ਰੋਕਿਆ ਤੇ ਉਹ ਚਿੱਠੀ ਪਿਪਲੀਵਾਲਾ ਦੇ ਸਮਰਥਕ ਦੇ ਕੇ ਗਏ ਸਨ। ਪਹਿਲਾਂ ਸਪਸ਼ਟੀਕਰਨ ਮੰਗਿਆ ਜਾਂਦਾ ਹੈ ਜੇਕਰ ਉਸ 'ਤੇ ਤਸੱਲੀ ਨਾ ਹੋਵੇ ਤਾਂ ਹੀ ਤਲਬ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਸਪਸ਼ਟੀਕਰਨ ਸੰਤੋਸ਼ਜਨਕ ਸੀ।

## ਗਿਆਨੀ ਗੁਰਮੁਖ ਸਿੰਘ ਦੇ ਬਦਲ ਦੀ ਅੰਦਰਖਾਤੇ ਭਾਲ ਸ਼ੁਰੂ

**ਬਠਿੰਡਾ/ਬਿਊਰੋ ਨਿਊਜ਼ :** ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਬਦਲ ਦੀ ਤਲਾਸ਼ ਅੰਦਰਖਾਤੇ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਹੁਣ ਜਥੇਦਾਰ ਗੁਰਮੁਖ ਸਿੰਘ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਥੇਦਾਰ ਗਿਆਨੀ ਗੁਰਮੁਖ ਸਿੰਘ ਅੱਜ ਵਿਸਾਖੀ ਮੇਲੇ ਤੇ ਮਹੱਲਾ ਸਮਾਪਤੀ ਮਗਰੋਂ ਹੀ ਦਮਦਮਾ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਚਲੇ ਗਏ, ਜਦਕਿ ਉਹ ਵਿਸਾਖੀ ਮੇਲੇ ਤੋਂ ਐਨ ਪਹਿਲਾਂ 10 ਅਪ੍ਰੈਲ ਨੂੰ ਹੀ ਦਮਦਮਾ ਸਾਹਿਬ ਪੁੱਜੇ ਸਨ। ਵਿਸਾਖੀ ਮੇਲੇ ਦੌਰਾਨ ਵੀ ਉਨ੍ਹਾਂ ਜ਼ਿਆਦਾ ਸਮਾਂ ਆਪਣੀ ਰਿਹਾਇਸ਼ 'ਤੇ ਹੀ ਬਿਤਾਇਆ। ਜਥੇਦਾਰ ਨੇ ਨਵੇਂ ਦੀਵਾਨ ਹਾਲ ਵਿੱਚ ਧਾਰਮਿਕ ਦੀਵਾਨਾਂ ਦੀ ਸ਼ੁਰੂਆਤ ਤਾਂ ਕਰਾਈ ਪਰ ਸਮਾਪਤੀ ਸਮਾਰੋਹਾਂ ਵਿਚੋਂ ਗਾਇਬ ਰਹੇ। ਨਵੇਂ ਦੀਵਾਨ ਹਾਲ ਵਿੱਚ ਧਾਰਮਿਕ ਸਮਾਗਮਾਂ ਦੇ ਸਮਾਪਤੀ ਸਮਾਰੋਹਾਂ ਤੇ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਜ਼ਿੰਮੇਵਾਰੀ ਨਿਭਾਉਣੀ ਪਈ। ਧਾਰਮਿਕ ਸ਼ਖ਼ਸੀਅਤਾਂ ਨੂੰ ਸਿਰੋਪੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਵਣਾਂਵਾਲੀ ਨੇ ਭੇਟ ਕੀਤੇ। ਮੈਂਬਰ ਅਵਤਾਰ ਵਣਾਂਵਾਲੀ ਨੇ ਕਿਹਾ ਕਿ ਧਾਰਮਿਕ ਸਮਾਗਮ ਜਥੇਦਾਰ ਸਾਹਿਬ ਨੇ ਆਰੰਭ ਕਰਾਏ ਸਨ ਅਤੇ ਜਥੇਦਾਰ ਮਹੱਲਾ ਸਮਾਗਮਾਂ ਵਿੱਚ ਵੀ ਹਾਜ਼ਰ ਹੋਏ ਹਨ। ਉਨ੍ਹਾਂ ਆਖਿਆ ਕਿ ਧਾਰਮਿਕ ਸਮਾਗਮਾਂ ਦੇ ਸਮਾਪਤੀ ਸਮਾਰੋਹਾਂ ਵਿਚ ਜਥੇਦਾਰ ਦੀ ਥਾਂ ਡਿਊਟੀ ਹੈੱਡ ਗਰੰਥੀ ਨੇ ਨਿਭਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਿਸਾਖੀ ਮੇਲੇ 'ਤੇ ਆਏ ਸਨ ਪਰ ਉਹ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਬਿਨਾਂ ਮਿਲੇ ਹੀ ਪਰਤ ਗਏ। ਵਿਸਾਖੀ ਸਮਾਗਮਾਂ ਮੌਕੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਖ ਦਿੱਤਾ ਹੈ ਕਿ ਉਹ ਪੰਥ ਦਾ ਜਥੇਦਾਰ ਹੈ ਨਾ ਕਿ ਕਿਸੇ ਇੱਕ ਪਰਿਵਾਰ ਦਾ। ਸੂਤਰ ਦੱਸਦੇ ਹਨ ਕਿ ਇਸ ਟਿੱਪਣੀ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਹੋਰ ਖ਼ਫ਼ਾ ਹੋ ਗਈ ਹੈ। ਇੱਕ ਦੋ ਸੀਨੀਅਰ ਆਗੂਆਂ ਨੇ ਜਥੇਦਾਰ ਦੇ ਬਦਲ ਦੀ ਤਲਾਸ਼ ਵਾਸਤੇ ਵੀ ਅੰਦਰ ਖਾਤੇ ਆਖ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਨ੍ਹਾਂ ਲਈ ਸਭ ਜਥੇਦਾਰ ਸਤਿਕਾਰਤ ਹਨ ਅਤੇ ਉਹ ਸਿੰਘ ਸਾਹਿਬਾਨ 'ਤੇ ਕੋਈ ਟਿੱਪਣੀ ਨਹੀਂ ਕਰਨਗੇ। ਦੂਜੇ ਤਰਫ਼ ਗਿਆਨੀ ਗੁਰਮੁਖ ਸਿੰਘ ਨਾਲ ਇਸ ਮੁੱਦੇ 'ਤੇ ਗੱਲ ਕਰਨ ਲਈ ਜਦੋਂ ਫੋਨ ਕੀਤਾ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।



# ਟਰੂਡੋ ਨੇ ਬੁਲਾਈ ਫਤਹਿ, ਪੰਜਾਬੀ ਵਿਚ ਦਿੱਤੀਆਂ ਵਿਸਾਖੀ ਦੀਆਂ ਵਧਾਈਆਂ

**ਓਟਵਾ/ਬਿਊਰੋ ਨਿਊਜ਼ :** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੁਨੀਆ ਭਰ ਵਿਚ ਵੱਸਦੇ ਪੰਜਾਬੀਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨੇ 'ਵਾਹਿਗੁਰੂ ਜੀ ਕਾ ਖਾਲਸਾ ਅਤੇ ਵਾਹਿਗੁਰੂ ਜੀ ਕੀ ਫਤਹਿ' ਬੁਲਾ ਕੇ ਪੂਰੀ ਦੁਨੀਆ ਵਿਚ ਵੱਸਦੇ ਪੰਜਾਬੀਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਬਹੁਤ ਹੀ ਮਹੱਤਵਪੂਰਨ ਹੈ, ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਕੈਨੇਡਾ ਵਿਚ ਰਹਿ ਰਹੇ ਪੰਜਾਬੀਆਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੈਨੇਡਾ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਅਗਲੇ ਹਫ਼ਤੇ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮ ਦੀ 35ਵੀਂ ਵਰ੍ਹੇਗੰਢ ਮਨਾਈ ਜਾਵੇਗੀ। ਜਿਵੇਂ ਸਿੱਖਾਂ ਵਿਚ ਖ਼ਾਲਸੇ ਦੀ ਅਹਿਮੀਅਤ ਹੈ, ਉਸੇ ਤਰ੍ਹਾਂ ਕੈਨੇਡੀਅਨਾਂ ਲਈ ਇਹ ਦਿਨ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਆਓ ਮਿਲ ਕੇ ਸਾਰੇ ਧਰਮਾਂ, ਸਭਿਆਚਾਰਾਂ ਤੇ ਰਵਾਇਤਾਂ ਦਾ ਸਨਮਾਨ ਕਰੀਏ ਤੇ ਕੈਨੇਡਾ ਨੂੰ ਰਹਿਣ ਲਈ ਬਿਹਤਰੀਨ ਥਾਂ ਬਣਾਈਏ। ਕੈਨੇਡਾ ਨੂੰ ਇਸ ਗੱਲ ਦਾ ਮਾਣ ਹੈ ਕਿ ਵਿਸ਼ਵ ਵਿਚ ਵੱਡੀ ਸਿੱਖ ਵਸੋਂ ਵਾਲੇ ਖੇਤਰ ਵਿਚ ਇਹ ਵੀ ਸ਼ਾਮਲ ਹੈ। ਸਿੱਖ-ਕੈਨੇਡੀਅਨ ਇਸ ਮੁਲਕ ਨੂੰ ਹੋਰ ਮਜ਼ਬੂਤ ਕਰਨ ਲਈ ਭਰਵਾਂ ਸਹਿਯੋਗ ਦੇ ਰਹੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਮੂਹ ਪੰਜਾਬੀਆਂ ਨੂੰ ਇਸ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ, 'ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ, ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ।'



# ਪਟਨਾ ਸਾਹਿਬ ਦੇ ਸਮਾਗਮ ਨੂੰ ਫ਼ੇਲ੍ਹ ਕਰਨਾ ਚਾਹੁੰਦੇ ਸਨ ਬਾਦਲ ਤੇ ਸ਼੍ਰੋਮਣੀ ਕਮੇਟੀ : ਜਥੇਦਾਰ ਇਕਬਾਲ ਸਿੰਘ

**ਪਟਨਾ ਸਾਹਿਬ/ਬਿਊਰੋ ਨਿਊਜ਼ :**
ਕੁਝ ਸਮਾਂ ਪਹਿਲਾਂ ਪਟਨਾ ਸਾਹਿਬ 'ਚ ਦਸ਼ਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨਾਏ ਗਏ 350 ਸਾਲਾ ਸਮਾਗਮ ਦੇ ਮਾਮਲੇ 'ਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੱਡਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਦੋਸ਼ ਲਗਾਇਆ ਹੈ ਕਿ ਉਹ ਇਸ ਸਮਾਗਮ ਨੂੰ ਫ਼ੇਲ੍ਹ ਕਰਨਾ ਚਾਹੁੰਦੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਕੋਈ ਸਮਾਗਮ ਪੰਜਾਬ ਤੋਂ ਬਾਹਰ ਮਨਾਇਆ ਜਾਵੇ।

ਗਿਆਨੀ ਇਕਬਾਲ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ 'ਚ ਗੱਲਬਾਤ ਕਰਦਿਆਂ ਇਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੇ ਖ਼ੁਲਾਸੇ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਹੁਣ ਪਟਨਾ ਸਾਹਿਬ ਦੇ ਜਥੇਦਾਰ ਵੀ ਖੁੱਲ੍ਹੇ ਤੌਰ 'ਤੇ ਅਕਾਲੀ ਦਲ ਦੇ ਵਿਰੁੱਧ ਮੈਦਾਨ 'ਚ ਆ ਗਏ ਹਨ। ਇਸ ਤੋਂ ਪਹਿਲਾਂ ਦਮਦਮਾ ਸਾਹਿਬ ਦੇ ਮੁਖੀ ਭਾਈ ਗੁਰਮੁਖ ਸਿੰਘ ਅਕਾਲੀ ਦਲ ਦੇ ਵਿਰੁੱਧ ਗ਼ੁੱਸਾ ਕੱਢ ਰਹੇ ਸਨ ਅਤੇ ਇਹ ਅਕਾਲੀ ਦਲ ਦੀ ਧਾਰਮਿਕ ਰਾਜਨੀਤੀ ਲਈ ਖ਼ਤਰੇ ਦੀ ਘੰਟੀ ਹੈ। ਇਸ ਖ਼ੁਲਾਸੇ ਤੋਂ ਬਾਅਦ ਸਿਰਫ਼ ਅਕਾਲ ਤਖ਼ਤ ਦੇ ਜਥੇਦਾਰ ਹੀ ਅਕਾਲੀ ਦਲ ਦੇ ਨਾਲ ਰਹਿ ਗਏ ਹਨ।

## ਦੋਸ਼ ਝੂਠੇ ਹਨ : ਵਲਟੋਹਾ

ਇਸ ਸਬੰਧੀ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਇਹ ਦੋਸ਼ ਬੇਬੁਨਿਆਦ ਹਨ। ਸ਼ਤਾਬਦੀ ਸਮਾਗਮ ਤਾਂ ਉਥੇ ਹੀ ਮਨਾਇਆ ਜਾਂਦਾ ਹੈ, ਜਿੱਥੇ ਇਤਿਹਾਸ ਜੁੜਿਆ ਹੋਵੇ ਅਤੇ ਇਹ ਸ਼ਤਾਬਦੀ ਤਾਂ ਪਟਨਾ ਸਾਹਿਬ 'ਚ ਹੀ ਮਨਾਈ ਜਾਣੀ ਸੀ। ਰਹੀ ਗੱਲ ਸਰਕਾਰ ਦੀ ਮਦਦ ਕਰਨ ਦੀ, ਪੰਜਾਬ ਸਰਕਾਰ ਨੇ ਤਾਂ ਬਕਾਇਦਾ ਤੌਰ 'ਤੇ ਸੰਗਤ ਨੂੰ ਉਥੇ ਪਹੁੰਚਾਉਣ ਲਈ ਆਪਣੇ ਖ਼ਰਚੇ 'ਤੇ ਕਈ ਇੰਤਜ਼ਾਮ ਕੀਤੇ ਹਨ।



### ਨਿਤਿਸ਼ ਕੁਮਾਰ ਨੂੰ ਦਿੱਤਾ ਗਿਆ ਸੇਵਾ ਰਤਨ

ਉਂਜ ਤਾਂ ਸਿੱਖ ਪੰਥ ਦਾ ਸਭ ਤੋਂ ਵੱਡਾ ਪੁਰਸਕਾਰ ਪੰਥ ਰਤਨ ਹੈ ਅਤੇ ਉਹ ਸਿਰਫ਼ ਗੁਰਸਿੱਖ ਨੂੰ ਹੀ ਦਿੱਤਾ ਜਾਂਦਾ ਹੈ, ਪਰ ਨਿਤਿਸ਼ ਕੁਮਾਰ ਦੇ ਇਸ ਕੰਮ ਨੂੰ ਵੇਖਦਿਆਂ ਉਨ੍ਹਾਂ ਨੂੰ ਸਭ ਤੋਂ ਵੱਡਾ ਪੁਰਸਕਾਰ ਸੇਵਾ ਰਤਨ ਦੇ ਕੇ ਨਿਵਾਜਿਆ ਗਿਆ। ਨਿਤਿਸ਼ ਕੁਮਾਰ ਦੀ ਇੰਨੀ ਸ਼ਰਧਾ ਸੀ ਕਿ ਜਿਸ ਦਿਨ ਜਨਮ ਦਿਨ ਸੀ, ਉਸੇ ਦਿਨ ਰਾਤ ਨੂੰ 11:00 ਵਜੇ ਤੋਂ ਲੈ ਕੇ ਸਵੇਰੇ 2:00 ਵਜੇ ਤਕ ਉਥੇ ਹੀ ਰਹੇ। ਉਨ੍ਹਾਂ ਦੇ ਸੇਵਾ ਭਾਵ ਨੂੰ ਵੇਖਦਿਆਂ ਹੀ ਕਮੇਟੀ ਨੇ ਉਨ੍ਹਾਂ ਨੂੰ ਸੇਵਾ ਰਤਨ ਦੇਣ ਦਾ ਫ਼ੈਸਲਾ ਕੀਤਾ ਸੀ।

## ਪਹਿਲਾਂ 100 ਕਰੋੜ ਦੀ ਮਦਦ ਦਾ ਐਲਾਨ ਕੀਤਾ, ਬਾਅਦ 'ਚ ਮੁੱਕਰੇ ਬਾਦਲ

ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ 2008 'ਚ ਹੀ ਐਲਾਨ ਕਰ ਦਿੱਤਾ ਸੀ ਕਿ ਉਹ 350 ਸਾਲਾ ਸ਼ਤਾਬਦੀ ਤਖ਼ਤ ਸ੍ਰੀ ਪਟਨਾ ਸਾਹਿਬ 'ਚ ਮਨਾਉਣਗੇ। ਇਸ ਸਬੰਧੀ ਬਾਕਾਇਦਾ ਤੌਰ 'ਤੇ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਇਹ ਐਲਾਨ ਕਰ ਦਿੱਤਾ ਸੀ ਕਿ ਪੰਜਾਬ ਸਰਕਾਰ ਇਸ 'ਚ 100 ਕਰੋੜ ਖ਼ਰਚ ਕਰ ਕੇ ਮਦਦ ਕਰੇਗੀ। ਹਾਲਾਂਕਿ ਇਹ ਸਾਰਾ ਕੁੱਝ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਲਾਹ-ਮਸ਼ਵਰੇ ਤੋਂ ਬਿਨਾਂ ਕੀਤਾ ਗਿਆ ਸੀ। ਬਾਅਦ 'ਚ ਕਮੇਟੀ ਨੇ ਇਸ ਲਈ ਸਹਿਮਤੀ ਵੀ ਦੇ ਦਿੱਤੀ ਸੀ। ਜਦੋਂ ਸਮਾਗਮ ਲਈ ਸਿਰਫ਼ 6 ਮਹੀਨੇ ਰਹਿ ਗਏ ਅਤੇ ਮਦਦ ਲਈ ਬਾਦਲ ਕੋਲ ਪੁੱਜੇ ਤਾਂ ਬਾਦਲ ਵਾਅਦੇ ਤੋਂ ਮੁੱਕਰ ਗਏ ਅਤੇ ਕਹਿਣ ਲੱਗੇ ਕਿ ਇਹ ਸਮਾਗਮ ਰੱਦ ਕਰ ਦਿੱਤਾ ਜਾਵੇ। ਜਦੋਂ ਪੰਜਾਬ ਸਰਕਾਰ ਨੇ ਮਨ੍ਹਾ ਕਰ ਦਿੱਤਾ ਤਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ, ਪਰ ਉਨ੍ਹਾਂ ਨੇ ਇਹ ਕਹਿੰਦਿਆਂ ਮਨ੍ਹਾ ਕਰ ਦਿੱਤਾ ਕਿ ਉਹ ਕਮੇਟੀ ਨੂੰ ਕੋਈ ਪੈਸਾ ਨਹੀਂ ਦੇਣਗੇ, ਜੋ ਵੀ ਖਰਚਾ ਕਰਨਗੇ ਉਹ ਆਪਣੇ ਤੌਰ 'ਤੇ ਕਰਨ।

### *ਸਮਾਗਮ ਰੋਕਣ ਦੀ ਕਰਦੇ ਰਹੇ ਸਾਜ਼ਿਸ਼ :*

ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਐਸ.ਜੀ.ਪੀ.ਸੀ. ਨੇ ਪੂਰੀ ਕੋਸ਼ਿਸ਼ ਕੀਤੀ ਕਿ ਇਸ ਸ਼ਤਾਬਦੀ ਸਮਾਗਮ ਨੂੰ ਰੋਕਿਆ ਜਾਵੇ। ਇੱਥੇ ਤਕ ਕਿ ਸ਼੍ਰੋਮਣੀ ਕਮੇਟੀ ਦੇ ਕਈ ਲੋਕਾਂ ਦੇ ਉਨ੍ਹਾਂ ਨੂੰ ਫ਼ੋਨ ਵੀ ਆਏ ਅਤੇ ਇਹ ਕਹਿੰਦੇ ਰਹੇ ਕਿ ਸ਼ਤਾਬਦੀ ਮਨਾਉਣਾ ਸੌਖਾ ਕੰਮ ਨਹੀਂ ਹੈ, ਤੁਸੀਂ ਇਸ ਨੂੰ ਰੋਕ ਦਿਓ।

### *ਫਿਰ ਨਿਤਿਸ਼ ਨੇ ਫੜੀ ਬਾਂਹ :*

ਪੰਜਾਬ ਤੇ ਕੇਂਦਰ ਸਕਾਰ ਵੱਲੋਂ ਮਨ੍ਹਾ ਕਰ ਦਿੱਤੇ ਜਾਣ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ ਨਿਤਿਸ਼ ਕੁਮਾਰ ਨੂੰ ਮਿਲੀ ਅਤੇ ਉਨ੍ਹਾਂ ਨੇ ਇਸ ਲਈ ਹਾਂ ਕਰ ਦਿੱਤੀ। ਇੱਥੋਂ ਤਕ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਬਿਹਾਰ ਦੇ ਗੋਬਿੰਦ ਰਾਏ ਸਨ। ਪਹਿਲਾ ਫ਼ਰਜ਼ ਸਾਡਾ ਹੈ। ਬਿਹਾਰ ਸਰਕਾਰ ਨੇ ਸ਼ਤਾਬਦੀ ਲਈ ਪਾਣੀ ਵਾਂਗ ਪੈਸਾ ਵਹਾਇਆ ਅਤੇ ਪੰਜਾਬ ਸਮੇਤ ਪੂਰੀ ਦੁਨੀਆ ਤੋਂ 50 ਲੱਖ ਤੋਂ ਵੱਧ ਸ਼ਰਧਾਲੂ ਪੁੱਜੇ ਅਤੇ ਸਮਾਗਮ ਅਜਿਹਾ ਸੀ ਕਿ ਕਿਸੇ ਨੂੰ ਪ੍ਰੇਸ਼ਾਨੀ ਨਹੀਂ ਆਈ।

# ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਸਿੱਖਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ

**ਵਾਸ਼ਿੰਗਟਨ/ਬਿਊਰੋ ਨਿਊਜ਼** :ਪ੍ਰਤੀਨਿਧ ਸਦਨ ਦੇ ਸਪੀਕਰ ਪੌਲ ਰੇਆਨ ਦੀ ਅਗਵਾਈ ਵਿੱਚ ਦੋਵਾਂ ਰਿਪਬਲਿਕਨ ਤੇ ਡੈਮੋਕਰੇਟਿਕ ਪਾਰਟੀਆਂ ਦੇ ਕਾਨੂੰਨਸਾਜ਼ਾਂ ਨੇ ਕੁੱਲ ਦੁਨੀਆ ਵਿੱਚ ਵਸਦੇ ਸਿੱਖਾਂ ਨੂੰ ਵਿਸਾਖੀ ਦੀ ਮੁਬਾਰਕਬਾਦ ਦਿੱਤੀ ਅਤੇ ਦੇਸ਼ ਦੇ ਵਿਕਾਸ ਵਿੱਚ ਪਾਏ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।
ਜਦੋਂ ਦੁਨੀਆ ਭਰ ਵਿੱਚ ਸਿੱਖ ਹਾੜ੍ਹੀ ਦੇ ਇਸ ਵਾਢੀ ਸੀਜ਼ਨ ਦੇ ਸਾਲਾਨਾ ਜਸ਼ਨ ਮਨਾ ਰਹੇ ਸਨ ਤਾਂ ਰੇਆਨ ਨੇ ਟਵੀਟ ਕੀਤਾ ਕਿ "ਸਾਡੇ ਸਿੱਖ-ਅਮਰੀਕੀ ਗੁਆਂਢੀਆਂ ਤੇ ਮਿੱਤਰਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ।" ਸੈਨੇਟ ਇੰਡੀਆ ਕੌਕਸ ਦੇ ਸਹਿ-ਚੇਅਰਮੈਨ ਸੈਨੇਟਰ ਜੌਹਨ ਕੋਰਨਿਨ, ਮਿਸ਼ੀਗਨ ਦੇ ਸੈਨੇਟਰ ਗੈਰੀ ਪੀਟਰਜ਼, ਇਲੀਨੌਇ ਦੇ ਸੈਨੇਟਰ ਡਿੱਕ ਡਰਬਿਨ, ਸੈਨੇਟਰ ਬੇਨ

**ਬਾਕੀ ਸਫ਼ਾ 34 'ਤੇ**



**ਕਿਸਾਨ, ਕਰਜ਼ ਅਤੇ ਮੁਆਫ਼ੀ। ਪੰਜਾਬ ਹੋਵੇ ਜਾਂ ਹਰਿਆਣਾ, ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਵਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਤੋਂ ਬਾਅਦ ਤਿੰਨੇ ਸੂਬੇ ਕੇਂਦਰ ਬਿੰਦੂ 'ਚ ਹਨ। ਉੱਤਰ ਪ੍ਰਦੇਸ਼ ਦੇ ਮੁਕਾਬਲੇ ਹਰਿਆਣਾ ਅਤੇ ਪੰਜਾਬ ਦੀ ਆਰਥਿਕ ਸਥਿਤੀ ਅਤੇ ਖੇਤੀ 'ਤੇ ਆਉਣ ਵਾਲਾ ਖਰਚਾ ਵੱਖਰਾ ਹੈ। ਬਾਵਜੂਦ ਇਸ ਦੇ ਕਰਜ਼ ਮੁਆਫ਼ੀ ਨੂੰ ਲੈ ਕੇ ਬਹਿਸ ਛਿੜੀ ਹੋਈ ਹੈ। ਪੰਜਾਬ ਦੀ ਕੈਪਟਨ ਅਤੇ ਹਰਿਆਣਾ ਦੀ ਖੱਟੜ ਸਰਕਾਰ 'ਤੇ ਕਰਜ਼ ਮੁਆਫ਼ੀ ਨੂੰ ਲੈ ਕੇ ਸਿਆਸੀ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ। ਕੈਪਟਨ ਦੀ ਕਰਜ਼ਾ ਮੁਆਫ਼ੀ ਵਿੱਤੀ ਮੰਤਰੀ ਮਨਪ੍ਰੀਤ ਬਾਦਲ ਦੇ ਫ਼ਾਰਮੂਲੇ 'ਤੇ ਟਿਕੀ ਹੋਈ ਹੈ ਤਾਂ ਹਰਿਆਣਾ ਫ਼ਿਲਹਾਲ ਕਰਜ਼ ਮੁਆਫ਼ ਕਰਨ ਦੇ ਮੂਡ 'ਚ ਵਿਖਾਈ ਨਹੀਂ ਦੇ ਰਿਹਾ। ਵਿੱਤ ਮੰਤਰੀ ਕੈਪਟਨ ਅਭਿਮਨਿਯੂ ਇਸ ਤੋਂ ਸਾਫ਼ ਤੌਰ 'ਤੇ ਨਾਂਹ ਕਹਿ ਚੁੱਕੇ ਹਨ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਦੇ ਮਾਸਟਰ ਸਟਰੋਕ ਤੋਂ ਬਾਅਦ ਹੁਣ ਗੇਂਦ ਕੈਪਟਨ ਅਤੇ ਖੱਟੜ ਸਰਕਾਰ ਦੇ ਪਾਲੇ 'ਚ ਹੈ ਅਤੇ ਉਨ੍ਹਾਂ 'ਤੇ ਰਾਜਨੀਤਕ ਵਿਰੋਧੀਆਂ ਦੇ ਨਾਲ ਹੀ ਕਿਸਾਨਾਂ ਦੀਆਂ ਨਜ਼ਰਾਂ ਵੀ ਟਿਕੀਆਂ ਹੋਈਆਂ ਹਨ। ਹੁਣ ਵੇਖਣਾ ਇਹ ਹੈ ਕਿ ਕਿਸਾਨਾਂ ਨੂੰ ਦੋਨਾਂ ਸੂਬਿਆਂ 'ਚ ਕਰਜ਼ ਮੁਆਫ਼ੀ ਦਾ ਤੋਹਫ਼ਾ ਮਿਲਦਾ ਹੈ ਜਾਂ ਨਹੀਂ। ਪੇਸ਼ ਹੈ ਸੀਨੀਅਰ ਪੱਤਰਕਾਰਾਂ ਚੰਡੀਗੜ੍ਹ ਤੋਂ ਅਖਿਲ ਤਲਵਾਰ, ਯਸ਼ਪਾਲ ਸ਼ਰਮਾ, ਮਾਨਸਾ ਤੋਂ ਜਗਤਾਰ ਸਿੰਘ, ਸੰਗਰੂਰ ਤੋਂ ਜਸਵੀਰ ਭੱਟੀ ਤੇ ਬਠਿੰਡਾ ਤੋਂ ਭਾਰਤ ਭੂਸ਼ਣ ਮਿੱਤਲ ਵਲੋਂ ਤਿਆਰ ਵਿਸ਼ੇਸ਼ ਰਿਪੋਰਟ।**

# ਪੰਜਾਬ ਵਿਚ ਕਰਜ਼ੇ ਦਾ ਕਹਿਰ

## ਕਿਸਾਨਾਂ ਨੂੰ ਮੁਆਫ਼ੀ ਦੀ ਆਸ



**ਸੂਬੇ ਦਾ ਕਰਜ਼ਾ 1.32 ਲੱਖ ਕਰੋੜ** | **ਕਿਸਾਨਾਂ 'ਤੇ 80 ਹਜ਼ਾਰ ਕਰੋੜ** | **ਪ੍ਰਤੀ ਕਿਸਾਨ 8 ਲੱਖ ਰੁਪਏ**

## 24 ਹਜ਼ਾਰ ਕਰੋੜ ਰੁਪਏ ਕਿਸਾਨਾਂ ਨੇ ਆੜ੍ਹਤੀਆਂ ਤੋਂ ਲਏ

ਚੰਡੀਗੜ੍ਹ/ਬਿਊਰੋ ਨਿਊਜ਼ : ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ 'ਚ ਸੱਤਾ ਵਿਚ ਆਉਂਦਿਆਂ ਹੀ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਹਾਲੇ ਤਕ ਕਰਜ਼ ਮੁਆਫ਼ੀ ਦਾ ਬਲੂ ਪ੍ਰਿੰਟ ਤਿਆਰ ਕਰਨ ਵਾਲੀ ਕਮੇਟੀ ਵੀ ਨਹੀਂ ਬਣਾ ਸਕੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥਸ਼ਾਸਤਰੀ ਪ੍ਰੋ. ਗਿਆਨ ਸਿੰਘ ਦੀ ਟੀਮ ਨੇ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸਿਜ਼ ਰਿਸਰਚ ਲਈ ਕਰਜ਼ੇ 'ਤੇ ਸਰਵੇਖਣ ਕੀਤਾ ਸੀ, ਜਿਸ ਅਨੁਸਾਰ ਸਾਲ 2014 ਤਕ ਕਿਸਾਨਾਂ 'ਤੇ 69,355 ਕਰੋੜ ਦਾ ਕਰਜ਼ਾ ਸੀ। ਢਾਈ ਏਕੜ ਜ਼ਮੀਨ ਵਾਲੇ ਕਿਸਾਨ 'ਤੇ 27,839 ਰੁਪਏ ਔਸਤ ਕਰਜ਼ਾ ਸੀ। ਔਸਤਨ ਇਕ ਘਰ 'ਤੇ 5,52,604 ਰੁਪਏ ਕਰਜ਼ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਟੱਡੀ ਅਨੁਸਾਰ ਜਿੰਨੀ ਘੱਟ ਜ਼ਮੀਨ ਉਨਾ ਹੀ ਵੱਧ ਕਰਜ਼ਾ ਹੈ। ਪ੍ਰਤੀ ਹੈਕਟੇਅਰ ਕਰਜ਼ ਆਮ ਕਿਸਾਨਾਂ 'ਤੇ 1,70,184, ਛੋਟੇ ਕਿਸਾਨਾਂ 'ਤੇ 1,04,155 ਅਤੇ ਹੋਰ ਕਿਸਾਨਾਂ 'ਤੇ 44,069 ਰੁਪਏ ਹੈ। 89 ਫ਼ੀਸਦੀ ਆਮ ਅਤੇ 91 ਫ਼ੀਸਦੀ ਛੋਟੇ ਕਿਸਾਨ ਕਰਜ਼ੇ 'ਚ ਡੁੱਬੇ ਪਏ ਹਨ। ਮਾਹਰਾਂ ਦਾ ਕਹਿਣਾ ਮੰਨਣਾ ਹੈ ਕਿ ਉੱਤਰ ਪ੍ਰਦੇਸ਼ ਦੇ ਪੈਟਰਨ 'ਤੇ ਪੰਜਾਬ 'ਚ ਕਰਜ਼ ਮੁਆਫ਼ੀ ਇਸ ਲਈ ਵੀ ਮੁਮਕਿਨ ਨਹੀਂ ਹੈ, ਕਿਉਂਕਿ ਯੂ.ਪੀ. 'ਚ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਕਿਸਾਨ 92 ਫ਼ੀਸਦੀ ਹੈ। ਜਦਕਿ ਪੰਜਾਬ ਦੇ ਲਗਭਗ 14 ਲੱਖ ਕਿਸਾਨਾਂ 'ਚ ਅਜਿਹੇ ਕਿਸਾਨ ਸਿਰਫ਼ 34 ਫ਼ੀਸਦੀ ਹਨ। ਅਜਿਹੇ 'ਚ ਸਰਕਾਰ ਨੂੰ ਇਕੱਠਿਆਂ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨਾ ਹੋਵੇਗਾ।

## 2010 ਤੱਕ 6926 ਖੁਦਕੁਸ਼ੀਆਂ

ਸੂਬਾ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਅਗਵਾਈ 'ਚ ਪੀ.ਏ.ਯੂ., ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਹਰਾਂ ਦੀ ਟੀਮ ਬਣਾਈ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਾਲ 2000 ਤੋਂ ਲੈ ਕੇ 2010 ਤੱਕ ਪੰਜਾਬ 'ਚ 6926 ਖੁਦਕੁਸ਼ੀਆਂ ਹੋਈਆਂ, ਜਿਨ੍ਹਾਂ 'ਚ 3954 ਕਿਸਾਨ ਅਤੇ ਬਾਕੀ ਖੇਤੀ ਮਜ਼ਦੂਰ ਸਨ। ਔਸਤਨ 692 ਖੁਦਕੁਸ਼ੀਆਂ ਪ੍ਰਤੀ ਸਾਲ ਹੋਈਆਂ। ਸਭ ਤੋਂ ਵੱਧ ਖੁਦਕੁਸ਼ੀਆਂ ਸੰਗਰੂਰ, ਮਾਨਸਾ, ਬਠਿੰਡਾ 'ਚ ਹੋਈਆਂ। ਇਕ ਲੱਖ ਆਬਾਦੀ 'ਤੇ 18 ਲੋਕਾਂ ਨੇ ਪ੍ਰਤੀ ਸਾਲ ਖ਼ੁਦਕੁਸ਼ੀ ਕੀਤੀ। ਸਾਲ 2010 ਤੋਂ ਬਾਅਦ ਹੋਈਆਂ ਖੁਦਕੁਸ਼ੀਆਂ ਦੇ ਅੰਕੜੇ ਟੀਮ ਜੁਟਾ ਰਹੀ ਹੈ, ਜਿਸ ਲਈ ਪੰਜਾਬ ਦੇ 12,500 ਪਿੰਡਾਂ ਦਾ ਡੋਰ-ਟੂ-ਡੋਰ ਸਰਵੇਖਣ ਕਰਵਾਇਆ ਜਾ ਰਿਹਾ ਹੈ। ਰਿਪੋਰਟ ਮਈ 2017 ਤੱਕ ਆਉਣ ਦੀ ਉਮੀਦ ਹੈ। ਸ਼ੁਰੂਆਤੀ ਅੰਕੜਿਆਂ ਅਨੁਸਾਰ 2010 ਤੋਂ ਬਾਅਦ ਖੁਦਕੁਸ਼ੀਆਂ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਵੱਧ ਹੈ। 80 ਫ਼ੀਸਦੀ ਖੁਦਕੁਸ਼ੀਆਂ ਮਾਲਵਾ ਦੀ ਕਾਟਨ ਬੈਲਟ ਦੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਮੁਕਤਸਰ, ਫ਼ਰੀਦਕੋਟ, ਸੰਗਰੂਰ, ਬਰਨਾਲਾ, ਫ਼ਿਰੋਜ਼ਪੁਰ 'ਚ ਹੋਈਆਂ ਹਨ। ਇਨ੍ਹਾਂ 'ਚ ਜ਼ਿਆਦਾਤਰ ਨਰਮਾ ਉਤਪਾਦਕ ਕਿਸਾਨ ਹਨ। ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ 2008 'ਚ ਕਿਸਾਨਾਂ ਨੂੰ ਪਹਿਲੀ ਵਾਰ ਰਾਹਤ ਪੈਕੇਜ ਦਿੱਤਾ ਸੀ। ਯੂ.ਪੀ.ਏ. ਨੇ ਪੂਰੇ ਦੇਸ਼ ਦੇ ਕਿਸਾਨਾਂ ਦੇ ਕਰੋੜਾਂ ਰੁਪਏ ਦਾ ਕਰਜ਼ ਮੁਆਫ਼ ਕੀਤਾ ਸੀ, ਜਿਨ੍ਹਾਂ 'ਚ ਲਗਭਗ ਡੇਢ ਫ਼ੀਸਦੀ ਮਤਲਬ 937 ਕਰੋੜ ਰੁਪਏ ਦਾ ਕਰਜ਼ ਪੰਜਾਬ ਦੇ ਕਿਸਾਨਾਂ ਦਾ ਵੀ ਮੁਆਫ਼ੀ ਕੀਤਾ ਸੀ।



## ਕਰਜ਼ ਨਿਪਟਾਰੇ ਦਾ ਬਿਲ ਲਿਆਈ ਸੀ ਸਰਕਾਰ

ਕਿਸਾਨਾਂ ਦੇ ਕਰਜ਼ ਦੇ ਨਿਪਟਾਰੇ ਲਈ ਅਕਾਲੀ-ਭਾਜਪਾ ਸਰਕਾਰ ਨੇ ਸਾਲ 2016 'ਚ ਕਵਾਇਦ ਸ਼ੁਰੂ ਕੀਤੀ ਸੀ। ਸਰਕਾਰ ਨੇ ਦੀ ਪੰਜਾਬ ਐਗਰੀਕਲਚਰ ਇਨਡੇਟਨੈਸ ਬਿਲ 2016 ਪਾਸ ਕੀਤਾ ਸੀ, ਜਿਸ ਤਹਿਤ ਜ਼ਿਲ੍ਹਾ ਪੱਧਰ 'ਤੇ ਕਰਜ਼ ਨਿਪਟਾਰਾ ਫੋਰਮ ਅਤੇ ਸੂਬਾ ਪੱਧਰ 'ਤੇ ਟ੍ਰਿਬਿਊਨਲ ਬਣਾਏ ਜਾਣੇ ਸਨ। ਫੋਰਮ ਦਾ ਚੇਅਰਮੈਨ ਰਿਟਾਇਰਡ ਜ਼ਿਲ੍ਹਾ ਤੇ ਸੈਸ਼ਨ ਜੱਜ ਹੋਣਾ ਸੀ। ਇਸ 'ਚ ਕਿਸਾਨ ਅਤੇ ਆੜ੍ਹਤੀਆਂ ਦਾ ਇਕ-ਇਕ ਮੈਂਬਰ ਲਿਆ ਜਾਣਾ ਸੀ। ਉਥੇ ਹੀ ਟ੍ਰਿਬਿਊਨਲ ਹਾਈਕੋਰਟ ਦੇ ਰਿਟਾਇਰਡ ਜੱਜ ਦੀ ਅਗਵਾਈ 'ਚ ਬਣਾਇਆ ਜਾਣਾ ਸੀ। ਇਸ ਰਾਹੀਂ ਕਿਸਾਨਾਂ ਵੱਲੋਂ ਆੜ੍ਹਤੀਆਂ ਤੋਂ ਲਏ ਕਰਜ਼ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਣਾ ਸੀ, ਪਰ ਇਹ ਕਵਾਇਦ ਕਾਗ਼ਜ਼ਾਂ 'ਚ ਹੀ ਰਹਿ ਗਈ।

## ਰਿਟਾਇਰਡ ਆਈ.ਏ.ਐੱਸ. ਤਿਆਰ ਕਰਨਗੇ ਕਰਜ਼ ਮੁਆਫ਼ੀ ਦਾ ਬਲੂ ਪ੍ਰਿੰਟ :

ਪੰਜਾਬ ਸਰਕਾਰ ਨੇ ਪਹਿਲੀ ਕੈਬਨਿਟ ਮੀਟਿੰਗ 'ਚ ਐਲਾਨ ਕੀਤਾ ਸੀ ਕਿ ਛੇਤੀ ਹੀ ਮਾਹਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ, ਜੋ 60 ਦਿਨਾਂ 'ਚ ਰਿਪੋਰਟ ਦੇਵੇਗੀ। ਕਮੇਟੀ ਨਾ ਸਿਰਫ਼ ਕਰਜ਼ ਦਾ ਮੁਲਾਂਕਣ ਕਰੇਗੀ, ਸਗੋਂ ਇਸ ਨੂੰ ਕਿਵੇਂ ਮੁਆਫ਼ ਕਰਨਾ ਹੈ, ਇਸ ਦਾ ਬਲੂ ਪ੍ਰਿੰਟ ਵੀ ਤਿਆਰ ਕਰੇਗੀ। ਸਰਕਾਰ ਨੇ ਇਸ ਲਈ ਕੇਂਦਰ ਤੋਂ ਰਿਟਾਇਰ ਹੋਏ ਅਧਿਕਾਰੀਆਂ ਦੀ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਲਈ ਰਿਟਾਇਰਡ ਕੇਂਦਰੀ ਆਈ.ਏ.ਐੱਸ. ਅਫ਼ਸਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਇਨ੍ਹਾਂ 'ਚ ਸਾਬਕਾ ਖੇਤੀਬਾੜੀ ਅਤੇ ਸਹਿਕਾਰਤਾ ਸਕੱਤਰ ਜੇ.ਐਨ. ਸ੍ਰੀਵਾਸਤਵ ਤੇ ਸਾਬਕਾ ਖੇਤੀਬਾੜੀ ਤੇ ਖਾਦ ਸਕੱਤਰ ਟੀ. ਨੰਦ ਕੁਮਾਰ ਸ਼ਾਮਲ ਹਨ।



"ਪੂਰੀ ਤਰ੍ਹਾਂ ਕਰਜ਼ਾ ਮੁਆਫ਼ੀ ਸੰਭਵ ਨਹੀਂ ਹੈ। ਸਰਕਾਰ ਕੋਲ ਏਨਾ ਪੈਸਾ ਹੀ ਨਹੀਂ ਹੈ ਕਿ ਬਜਟ ਵਿਚ ਪਾ ਕੇ ਸਾਰਾ ਕਰਜ਼ਾ ਮੁਆਫ਼ ਕਰ ਦੇਵੇ। ਕਰਜ਼ਾ ਵਿਅਕਤੀਗਤ ਹੁੰਦਾ ਹੈ, ਪੂਰੇ ਭਾਈਚਾਰੇ 'ਤੇ ਨਹੀਂ। ਜੋ ਕਿਸਾਨ ਵਾਕਿਆ ਕਰਜ਼ਾ ਚੁਕਾਉਣ ਵਿਚ ਅਸਮਰਥ ਹਨ, ਉਨ੍ਹਾਂ ਦਾ ਸਾਰਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇ ਪਰ ਜੋ ਚੰਗੇ ਭਲੇ ਹਨ, ਕਰਜ਼ਾ ਚੁਕਾ ਸਕਦੇ ਹਨ, ਉਨ੍ਹਾਂ ਤੋਂ ਵਸੂਲਿਆ ਜਾਵੇ।"

**ਡਾ. ਐਸ.ਐਸ ਜੌਹਲ** ਵੀ.ਸੀ. ਬਠਿੰਡਾ,
ਸੈਂਟਰਲ ਯੂਨੀਵਰਸਿਟੀ ਅਤੇ ਖੇਤੀਬਾੜੀ ਅਰਥਸ਼ਾਸ਼ਤਰੀ

"ਸੂਬੇ ਦੇ 34 ਫ਼ੀਸਦੀ ਕਿਸਾਨਾਂ ਦਾ ਬੈਂਕਾਂ ਦਾ ਕਰਜ਼ਾ ਸਰਕਾਰ ਤੁਰੰਤ ਮੁਆਫ਼ ਕਰੇ। ਆੜ੍ਹਤੀਆਂ ਤੋਂ ਲਿਆ ਸਾਰੇ ਕਿਸਾਨਾਂ ਦਾ ਕਰਜ਼ਾ ਬੈਂਕਾਂ ਵਿਚ ਟਰਾਂਸਫਰ ਕਰਕੇ ਲੰਬੇ ਮਿਆਦੀ ਕਰਜ਼ੇ ਵਿਚ ਤਬਦੀਲ ਕੀਤਾ ਜਾਵੇ। ਬਾਕੀ ਕਿਸਾਨਾਂ ਤੋਂ ਸਿਰਫ਼ ਮੂਲ ਰਾਸ਼ੀ ਲਈ ਜਾਵੇ। ਮੂਲ ਰਾਸ਼ੀ ਵੀ ਦਸ ਸਾਲਾਂ ਵਿਚ ਹੀ ਲਈ ਜਾਵੇ। ਲਗਾਤਾਰ ਕਿਸ਼ਤਾਂ ਭਰਨ ਵਾਲਿਆਂ ਨੂੰ ਆਖ਼ਰੀ ਦੋ-ਤਿੰਨ ਕਿਸ਼ਤਾਂ ਮੁਆਫ਼ ਕੀਤੀਆਂ ਜਾਣ। ਤਿੰਨ ਹਜ਼ਾਰ ਕਰੋੜ ਦਾ ਐਨਪੀਏ. ਹੈ, ਉਸ ਨੂੰ ਮਿਆਦੀ ਕਰਜ਼ੇ ਵਿਚ ਤਬਦੀਲ ਕਰੇ।"

**ਡਾ. ਸੁਖਪਾਲ ਸਿੰਘ**, ਅਰਥਸ਼ਾਸ਼ਤਰੀ, ਪੀ.ਏ.ਯੂ., ਲੁਧਿਆਣਾ

"ਸਰਕਾਰ ਕੋਆਪਰੇਟਿਵ ਸੁਸਾਇਟੀਆਂ ਤੋਂ ਲਿਆ ਸਾਰਾ ਕਰਜ਼ਾ ਤੁਰੰਤ ਮੁਆਫ਼ ਕਰੇ। ਬਾਕੀ ਕੌਮੀ ਬੈਂਕਾਂ ਦੇ ਕਰਜ਼ੇ ਦਾ ਯਕਮੁਸ਼ਤ ਸੈਟਲਮੈਂਟ ਕਰ ਲਵੇ। ਕਿਸਾਨਾਂ ਦੀਆਂ ਜ਼ਮੀਨਾਂ ਤਾਂ ਬੈਂਕਾਂ ਦੇ ਕੋਲ ਗਿਰਵੀ ਪਈਆਂ ਹਨ। ਉਨ੍ਹਾਂ ਦੀਆਂ ਕਿਸ਼ਤਾਂ ਸਰਕਾਰ ਦਿੰਦੀ ਰਹੇ।"

**ਬਲਬੀਰ ਸਿੰਘ ਰਾਜੇਵਾਲ**
ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ

# ਪੰਜਾਬ ਲਈ ਆਸਾਨ ਨਹੀਂ ਹੈ ਕਰਜ਼ ਮੁਆਫ਼ ਦਾ ਰਸਤਾ

1967-68 'ਚ ਪੰਜਾਬ ਵਿਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ ਸੀ। ਹਰੀ ਕ੍ਰਾਂਤੀ ਤੋਂ ਬਾਅਦ ਤਿੰਨ ਦਹਾਕਿਆਂ ਤੱਕ ਕਿਸਾਨਾਂ ਨੇ ਜ਼ਬਰਦਸਤ ਪਰਫ਼ਾਰਮ ਕੀਤਾ, ਫਿਰ ਚੁਣੌਤੀਆਂ 'ਚ ਘਿਰ ਗਏ। ਖੇਤੀਬਾੜੀ ਵਾਧਾ ਦਰ ਘੱਟ ਹੋ ਗਈ, ਉਤਪਾਦਨ ਲਾਗਤ ਵੱਧ ਗਈ, ਮੁਨਾਫ਼ਾ ਘੱਟ ਹੋ ਗਿਆ, ਭੂਮੀਗਤ ਪਾਣੀ ਦਾ ਪੱਧਰ ਡਿਗਦਾ ਗਿਆ, ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਤ ਹੋਈ, ਨਵੇਂ ਕੀੜੇ ਪ੍ਰੇਸ਼ਾਨੀ ਬਣੇ। ਗਲੋਬਲ ਵਾਰਮਿੰਗ ਅਤੇ ਮੌਸਮ ਨੇ ਵੀ ਪ੍ਰਭਾਵਤ ਕੀਤਾ। ਐਗਰੀਕਲਚਰ ਟਾਸਕ ਫੋਰਸ ਦੀ ਰਿਪੋਰਟ ਅਨੁਸਾਰ 2009 'ਚ ਹੀ ਕਮਜ਼ੋਰ ਮੌਨਸੂਨ ਕਾਰਨ ਕਿਸਾਨਾਂ ਨੂੰ ਡੀਜ਼ਲ 'ਤੇ 400 ਕਰੋੜ ਰੁਪਏ ਵਾਧੂ ਖ਼ਰਚ ਕਰਨੇ ਪਏ। 60 ਦੇ ਦਹਾਕੇ 'ਚ ਝੋਨੇ ਦਾ ਰਕਬਾ 2.27 ਲੱਖ ਹੈਕਟੇਅਰ ਹੁੰਦਾ ਸੀ, ਜੋ ਹੁਣ 28.5 ਲੱਖ ਹੈਕਟੇਅਰ ਹੋ ਗਿਆ। ਕੇਂਦਰ ਸਰਕਾਰ ਜੇ ਝੋਨੇ ਵਾਂਗ ਦੂਜੀਆਂ ਫ਼ਸਲਾਂ 'ਤੇ ਵੀ ਅਐਮ.ਐੱਸ.ਪੀ. ਨਿਰਧਾਰਤ ਕਰਦੀ ਤਾਂ ਕਿਸਾਨ ਝੋਨਾ ਬੀਜਣ ਦੀ ਥਾਂ ਹੋਰ ਫ਼ਸਲਾਂ ਵੱਲ ਵੀ ਧਿਆਨ ਦਿੰਦੇ ਅਤੇ ਧਰਤੀ ਹੇਠਲੇ ਪਾਣੀ ਦਾ ਜ਼ਿਆਦਾ ਨੁਕਸਾਨ ਨਾ ਹੁੰਦਾ। ਪੰਜਾਬ 'ਚ ਸਿੰਜਾਈ ਵਾਲਾ ਖੇਤਰ 38 ਫ਼ੀਸਦੀ ਤੋਂ ਵੱਧ ਕੇ 98 ਫ਼ੀਸਦੀ ਹੋ ਗਿਆ ਹੈ, ਜਿਸ 'ਚ 73 ਫ਼ੀਸਦੀ ਟਿਊਬਵੈੱਲ ਆਧਾਰਤ ਹਨ। ਝੋਨੇ ਦੀ ਜ਼ਿਆਦਾਤਰ ਫ਼ਸਲ ਟਿਊਬਵੈੱਲ 'ਤੇ ਨਿਰਭਰ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿਗ ਰਿਹਾ ਹੈ।



## ਹਰਿਆਣਾ : ਫ਼ਸਲਾਂ ਬਰਬਾਦ ਹੋਣ ਕਾਰਨ ਵਧਦਾ ਗਿਆ ਕਰਜ਼ੇ ਦਾ ਭਾਰ

ਹਰਿਆਣਾ ਦੇ ਕਿਸਾਨ ਦੀ ਕਿਸਮਤ 'ਚ ਵੀ ਰੋਣਾ ਹੀ ਲਿਖਿਆ ਹੈ। ਫ਼ਸਲ ਬੰਪਰ ਹੋਵੇ ਤਾਂ ਬਾਜ਼ਾਰ 'ਚ ਰੇਟ ਘੱਟ, ਕੁਦਰਤੀ ਆਫ਼ਤ ਦੀ ਮਾਰ ਵੱਖਰੀ। ਆੜ੍ਹਤੀ ਅਤੇ ਬਿਚੌਲੀਏ ਵੀ ਲੁੱਟ-ਖਸੁੱਟ ਕਰ ਰਹੇ ਹਨ। ਬੀਤੇ 10 ਸਾਲ 'ਚ ਤਾਂ ਹਾਲਾਤ ਬਦ ਤੋਂ ਬਦਤਰ ਹੋਏ ਅਤੇ ਕਿਸਾਨਾਂ 'ਤੇ ਕਰਜ਼ੇ ਦਾ ਭਾਰ ਚਾਰ ਗੁਣਾ ਵੱਧ ਗਿਆ। ਮੌਜੂਦਾ ਸਮੇਂ 'ਚ ਸੂਬੇ ਵਿਚ 15 ਲੱਖ ਕਿਸਾਨ 56 ਹਜ਼ਾਰ ਕਰੋੜ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਇਕ ਦਹਾਕੇ 'ਚ ਕਿਸਾਨਾਂ ਦਾ ਕਰਜ਼ਾ ਕਈ ਗੁਣਾ ਵਧਣ ਦਾ ਵੱਡਾ ਕਾਰਨ ਫ਼ਸਲਾਂ ਦੇ ਬਾਜ਼ਾਰ 'ਚ ਬੁਰੀ ਤਰ੍ਹਾਂ ਘੱਟ ਭਾਅ ਮਿਲਣ ਅਤੇ ਕੁਦਰਤੀ ਮਾਰ ਕਾਰਨ ਤਬਾਹ ਹੋਣਾ ਵੀ ਹੈ।

ਫ਼ਸਲ 'ਤੇ ਆਉਣ ਵਾਲੀ ਲਾਗਤ ਦੇ ਮੁਕਾਬਲੇ ਸਰਕਾਰ ਵੱਲੋਂ ਦਿੱਤਾ ਜਾਣ ਵਾਲਾ ਮੁਆਵਜ਼ਾ ਊਠ ਦੇ ਮੂੰਹ 'ਚ ਜ਼ੀਰੇ ਵਾਲੀ ਗੱਲ ਹੈ। ਇਸ ਲਈ ਹਰ ਸਾਲ ਫ਼ਸਲ ਦੀ



ਲਾਗਤ ਵੀ ਨਾ ਨਿਕਲਣ ਕਾਰਨ ਕਿਸਾਨ ਕਰਜ਼ੇ ਦੇ ਭਾਰ ਹੇਠ ਦੱਬਦਾ ਜਾ ਰਿਹਾ ਹੈ। ਹਰਿਆਣਾ 'ਚ ਕਰਜ਼ੇ ਦੀ ਮਾਰ ਨਾ ਝੱਲਣ ਕਾਰਨ ਹੁਣ ਤੱਕ ਲਗਭਗ 100 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ, ਪਰ ਸਰਕਾਰੀ ਰਿਕਾਰਡ 'ਚ ਇਕ ਵੀ ਮੌਤ ਦਰਜ ਨਹੀਂ ਹੈ। ਹਾਲਾਂਕਿ ਕਰਜ਼ ਜਾਂ ਫ਼ਸਲ ਬਰਬਾਦੀ ਦੇ ਕਾਰਨ ਫਾਹਾ ਲੈਣ ਜਾਂ ਜ਼ਹਿਰੀਲਾ ਪਦਾਰਥ ਖਾ ਕੇ ਮਰਨ 'ਤੇ ਮੁਆਵਜ਼ੇ ਦਾ ਕੋਈ ਕਾਨੂੰਨ ਨਹੀਂ ਹੈ, ਇਸ ਲਈ ਕਿਸਾਨ ਦੇ ਖੇਤ 'ਚ ਫ਼ਸਲਾਂ ਦੇ ਸਪਰੇਅ ਨੂੰ ਮਰਨ ਦਾ ਰੂਪ ਦੇ ਦਿੱਤਾ ਗਿਆ, ਤਾਂ ਕਿ ਉਸ ਦੇ ਪਰਿਵਾਰ ਨੂੰ ਹਰਿਆਣਾ ਸੂਬਾ ਖੇਤੀ ਬੋਰਡ ਤੋਂ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮਿਲ ਸਕੇ।

ਦੋ ਸਾਲ ਪਹਿਲਾਂ ਕਣਕ ਦੀ ਫ਼ਸਲ ਕੁਦਰਤੀ ਆਫ਼ਤ ਤੋਂ ਬਰਬਾਦ ਹੋਣ 'ਤੇ ਇਕ ਮਹੀਨੇ 'ਚ 60 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਸੀ। ਇਸ ਸਮੇਂ ਸੂਬੇ 'ਚ ਜਿੰਨਾ ਵੱਡਾ ਕਿਸਾਨ ਹੈ, ਉਸ ਉੱਪਰ ਉਨਾ ਹੀ ਵੱਧ ਕਰਜ਼ਾ ਹੈ। ਮੱਧ ਵਰਗੀ ਕਿਸਾਨ 'ਤੇ ਉਸ ਤੋਂ ਘੱਟ ਅਤੇ ਛੋਟੇ ਕਿਸਾਨ 'ਤੇ ਬਹੁਤ ਘੱਟ ਕਰਜ਼ਾ ਹੈ। ਇਹ ਕਰਜ਼ ਕੌਮੀ ਸਹਿਕਾਰੀ ਅਤੇ ਲੈਂਡ ਮਾਡਗੇਜ ਬੈਂਕਾਂ ਦਾ ਹੈ। ਆੜ੍ਹਤੀਆਂ ਦੇ ਕਰਜ਼ ਦਾ ਕੋਈ ਸਰਕਾਰੀ ਅੰਕੜਾ ਮੌਜੂਦ ਨਹੀਂ ਹੈ।

ਕਰਜ਼ੇ ਸਭ ਤੋਂ ਵੱਧ ਕਿਸਾਨ ਉੱਤਰ ਹਰਿਆਣਾ ਦੇ ਜ਼ਿਲ੍ਹਿਆਂ 'ਚ ਹਨ। ਇੱਥੇ ਤਿੰਨ ਫ਼ਸਲਾਂ ਇਕ ਸਾਲ 'ਚ ਲਈਆਂ ਜਾਂਦੀਆਂ ਹਨ। ਇਸ ਕਾਰਨ ਕਿਸਾਨਾਂ ਨੂੰ ਵਿੱਤੀ ਘਾਟਾ ਵੀ ਵੱਧ ਹੁੰਦਾ ਹੈ। ਕੁਰੂਕਸ਼ੇਤਰ, ਕਰਨਾਲ ਅਤੇ ਯਮੁਨਾਨਗਰ 'ਚ ਕਰਜ਼ਾਈ ਕਿਸਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਸ ਤੋਂ ਬਾਅਦ ਹਿਸਾਰ, ਭਿਵਾਨੀ, ਕੈਥਲ ਅਤੇ ਜੀਂਦ ਜ਼ਿਲ੍ਹੇ ਦਾ ਨੰਬਰ ਹੈ।

### ਬੀਤੇ ਸਾਲਾਂ 'ਚ ਮਿਲਿਆ ਘੱਟ ਭਾਅ :

ਹਰਿਆਣਾ 'ਚ ਬੀਤੇ ਸਾਲਾਂ 'ਚ ਬਾਸਮਤੀ, ਕਣਕ, ਆਲੂ, ਸਰ੍ਹੋਂ, ਗੋਭੀ, ਗਾਜਰ, ਮਟਰ ਅਤੇ ਟਮਾਟਰ ਦੀ ਫ਼ਸਲ ਦੀ ਬਾਜ਼ਾਰੀ ਕੀਮਤ ਘੱਟ ਰਹੀ। 6 ਹਜ਼ਾਰ ਰੁਪਏ 'ਚ ਵਿਕਣ ਵਾਲੀ ਬਾਸਮਤੀ ਦੋ ਹਜ਼ਾਰ ਰੁਪਏ ਵਿਕ ਰਹੀ ਹੈ। ਇਸ ਕਾਰਨ ਕਿਸਾਨਾਂ ਨੂੰ ਪ੍ਰਤੀ ਏਕੜ 60 ਹਜ਼ਾਰ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਸ ਦੇ ਨਾਲ ਹੀ ਬਾਜ਼ਾਰ 'ਚ ਝੋਨੇ ਦੀ ਰਸੀਦ ਤਾਂ ਸਰਕਾਰੀ ਰੇਟ ਦੀ ਕੱਟੀ ਜਾਂਦੀ ਹੈ, ਪਰ ਆੜ੍ਹਤੀ 100-200 ਰੁਪਏ ਘੱਟ ਹੀ ਦਿੰਦੇ ਹਨ। ਇਸ ਕਾਰਨ ਵੱਖਰਾ ਨੁਕਸਾਨ ਹੁੰਦਾ ਹੈ। ਭਾਰਤੀ ਕਿਸਾਨ ਯੂਨੀਅਨ ਆਲੂ, ਗੋਭੀ, ਗਾਜਰ, ਟਮਾਟਰ, ਪਿਆਜ਼ ਲਈ ਵੀ ਘੱਟ ਸਮਰਥਨ ਮੁੱਲ ਤੈਅ ਕਰਨ ਦੀ ਮੰਗ ਕਰ ਰਹੀ ਹੈ।

### ਕਰਜ਼ ਮੁਆਫ਼ੀ ਨਹੀਂ ਤਾਂ ਮਿਲੇ ਅੰਗ ਵੇਚਣ ਦੀ ਇਜਾਜ਼ਤ : ਚੜੂਨੀ

ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਮੁਖੀ ਗੁਰਨਾਮ ਸਿੰਘ ਚੜੂਨੀ ਦਾ ਕਹਿਣਾ ਹੈ ਕਿ ਕੇਂਦਰ ਤੇ ਸੂਬਾ ਸਰਕਾਰ



ਜਾਂ ਤਾਂ ਯਕਮੁਸ਼ਤ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰੇ ਜਾਂ ਪੂਰੀ ਤਰ੍ਹਾਂ ਤੋਂ ਕਰਜ਼ਦਾਰ ਕਿਸਾਨਾਂ ਨੂੰ ਅੰਗ ਵੇਚਣ ਦੀ ਇਜਾਜ਼ਤ ਦਿੱਤੀ ਜਾਵੇ ਤਾਂਕਿ ਉਹ ਆਪਣਾ ਘਰ ਚਲਾ ਸਕਣ। ਉਹ ਸਰਕਾਰ ਤੋਂ ਪਹਿਲਾਂ ਵੀ ਇਸ ਦੀ ਇਜਾਜ਼ਤ ਮੰਗ ਚੁੱਕੇ ਹਨ। ਸਰਕਾਰ ਵੱਲੋਂ ਬਿਨਾਂ ਵਿਆਜ ਕਰਜ਼ ਦੇਣ ਦੀ ਗੱਲ ਬਣਨ ਵਾਲੀ ਨਹੀਂ ਹੈ।

## ਚਾਰ ਜ਼ਿਲ੍ਹਿਆਂ ਵਿਚ 1193 ਕਿਸਾਨਾਂ ਵਲੋਂ ਖੁਦਕੁਸ਼ੀਆਂ

ਬੀਤੇ ਸਾਢੇ ਤਿੰਨ ਸਾਲਾਂ 'ਚ ਫ਼ਸਲ ਖ਼ਰਾਬ ਅਤੇ ਕਰਜ਼ ਤੋਂ ਪ੍ਰੇਸ਼ਾਨ ਹੋ ਕੇ ਮਾਨਸਾ, ਬਠਿੰਡਾ, ਬਰਨਾਲਾ ਅਤੇ ਸੰਗਰੂਰ ਦੇ 1193 ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਨ੍ਹਾਂ 'ਚੋਂ ਸਰਕਾਰ ਵੱਲੋਂ 336 ਕੇਸ ਮੁਆਵਜ਼ੇ ਲਈ ਪਾਸ ਕੀਤੇ ਗਏ ਅਤੇ 857 ਰੱਦ ਕਰ ਦਿੱਤੇ ਗਏ। ਬਠਿੰਡਾ ਦੇ 471 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਜ਼ਿਲ੍ਹਾ ਕਮੇਟੀ ਵੱਲੋਂ 209 ਕੇਸ ਪਾਸ ਹੋਏ ਅਤੇ 262 ਰੱਦ ਕੀਤੇ ਗਏ ਹਨ। ਸੰਗਰੂਰ ਜ਼ਿਲ੍ਹੇ 'ਚ ਸਾਲ 2013 ਤੋਂ 2016 ਤੱਕ ਜ਼ਿਲ੍ਹੇ ਦੇ 274 ਕਿਸਾਨਾਂ ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ। ਇਸ ਸਾਲ ਜਨਵਰੀ ਮਹੀਨੇ 'ਚ ਹੀ 13 ਕਿਸਾਨਾਂ ਵੱਲੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਮਾਨਸਾ 'ਚ ਖ਼ੁਦਕੁਸ਼ੀ ਕਰਨ ਵਾਲੇ 262 ਕਿਸਾਨਾਂ ਦੇ ਮੁਆਵਜ਼ੇ ਲਈ 34 ਪਾਸ ਅਤੇ 228 ਕੇਸ ਰੱਦ ਕੀਤੇ ਗਏ। ਬਰਨਾਲਾ 'ਚ ਖ਼ੁਦਕੁਸ਼ੀ ਦੇ 173 ਕੇਸਾਂ 'ਚ ਮੁਆਵਜ਼ੇ ਲਈ 26 ਪਾਸ ਅਤੇ 147 ਰੱਦ ਕੀਤੇ ਗਏ। ਉਥੇ ਹੀ ਇਨ੍ਹਾਂ 'ਚ 72 ਕੇਸਾਂ 'ਤੇ ਕੋਈ ਵਿਚਾਰ ਹੀ ਨਹੀਂ ਕੀਤਾ ਗਿਆ। ਸੰਗਰੂਰ 'ਚ 287 ਖ਼ੁਦਕੁਸ਼ੀ ਕੇਸਾਂ 'ਚ ਮੁਆਵਜ਼ੇ ਲਈ 67 ਪਾਸ ਅਤੇ 220 ਰੱਦ ਕਰ ਦਿੱਤੇ ਗਏ।

### ਪੀੜਤ ਪਰਿਵਾਰਾਂ ਨੇ ਸੁਣਾਇਆ ਆਪਣਾ ਦੁਖੜਾ

ਪਿੰਡ ਭੈਣੀਬਾਘਾ 'ਚ ਖ਼ੁਦਕੁਸ਼ੀ ਪੀੜਤ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਰਜ਼ੇ ਦੇ ਸਬੂਤ ਪੇਸ਼ ਕਰ ਦਿੱਤੇ ਸਨ, ਪਰ ਸਰਕਾਰ ਵੱਲੋਂ ਉਨ੍ਹਾਂ ਨੂੰ ਮੁਆਵਜ਼ਾ ਰਾਸ਼ੀ ਨਹੀਂ ਮਿਲੀ। 15 ਸਤੰਬਰ 2016 'ਚ ਖ਼ੁਦਕੁਸ਼ੀ ਕਰ ਚੁੱਕੇ ਕੁਲਵੰਤ ਸਿੰਘ ਦੀ ਪਤਨੀ ਜਸਬੀਰ ਕੌਰ ਨੇ ਦੱਸਿਆ ਕਿ ਉਨ੍ਹਾਂ 'ਤੇ 10 ਲੱਖ ਰੁਪਏ ਦਾ ਕਰਜ਼ਾ ਹੈ। ਗੁਰਪ੍ਰੀਤ ਸਿੰਘ ਦੀ ਮਾਂ ਸੁਖਦੇਵ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਨੇ 29 ਜੁਲਾਈ 2014 ਨੂੰ 5 ਲੱਖ ਦੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ ਸੀ।

### ਸਾਲ 1988 ਤੋਂ ਸ਼ੁਰੂ ਹੋਇਆ ਖੁਦਕੁਸ਼ੀ ਦਾ ਸਿਲਸਿਲਾ

ਖ਼ੁਦਕੁਸ਼ੀ ਦਾ ਸਿਲਸਿਲਾ ਸਾਲ 1988 ਤੋਂ ਨਰਮੇ ਦੀ ਫ਼ਸਲ ਬਰਬਾਦ ਹੋਣ ਨਾਲ ਸ਼ੁਰੂ ਹੋ ਗਿਆ ਸੀ। ਬੀਤੇ ਸਾਲ ਚਿੱਟੀ ਮੱਖੀ ਕਾਰਨ ਨਰਮੇ ਦੀ ਫ਼ਸਲ ਤਬਾਹ ਹੋਣ ਕਾਰਨ ਕਿਸਾਨ ਆਰਥਿਕ ਅਤੇ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਸੀ। ਇਸ ਤੋਂ ਬਾਅਦ ਖੁਦਕੁਸ਼ੀਆਂ ਦਾ ਅੰਕੜਾ ਵੱਧ ਗਿਆ ਸੀ। ਪਹਿਲਾਂ ਖੁਦਕੁਸ਼ੀਆਂ ਉਨ੍ਹਾਂ ਖੇਤਰਾਂ 'ਚ ਹੁੰਦੀਆਂ ਹਨ, ਜਿੱਥੇ ਨਰਮੇ ਦੀ ਖੇਤੀ ਵੱਧ ਹੁੰਦੀ ਸੀ। ਫ਼ਸਲ ਬਰਬਾਦ ਹੋਣ ਤੋਂ ਬਾਅਦ ਮਾਝਾ ਅਤੇ ਦੁਆਬਾ 'ਚ ਕਿਸਾਨਾਂ ਦੀਆਂ ਖੁਦਕੁਸ਼ੀਆਂ 'ਚ ਵਾਧਾ ਹੋਇਆ। ਹੁਣ ਹਾਲਾਤ ਇਹ ਹਨ ਕਿ ਹਰ ਰੋਜ਼ ਕਿਸਾਨਾਂ ਦੀ ਖ਼ੁਦਕੁਸ਼ੀ ਦੀ ਖ਼ਬਰ ਆ ਰਹੀ ਹੈ। ਮਾਲਵਾ ਖੇਤਰ 'ਚ ਕਈ ਅਜਿਹੇ ਘਰ ਹਨ, ਜਿੱਥੇ ਕੋਈ ਕਮਾਉਣ ਵਾਲਾ ਨਹੀਂ ਰਿਹਾ।

## 'ਕਿਸਾਨ ਖੁਦਕਸ਼ੀ ਦੇ ਮੋੜ 'ਤੇ' ਨਾਟਕ ਦੀ ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼ ਸਟਾਕਟਨ ਵਲੋਂ ਸਫਲ ਪੇਸ਼ਕਾਰੀ

**ਸਟਾਕਟਨ/ਬਿਊਰੋ ਨਿਊਜ਼ :** ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼ ਸਟਾਕਟਨ ਵਲੋਂ 8 ਅਪ੍ਰੈਲ ਨੂੰ ਯੂਨੀਵਰਸਿਟੀ ਆਫ ਪੈਸੀਫਿਕ ਸਟਾਕਟਨ ਦੇ ਖ਼ੂਬਸੂਰਤ 'ਫੇ ਸਪੈਨੋਜ਼ ਕੰਸਰਟ ਹਾਲ' ਵਿੱਚ ਕਰਵਾਏ ਗਏ ਡਾਇਰੈਕਟਰ ਅਸ਼ੋਕ ਟਾਂਗਰੀ ਦੇ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦੀ ਪੇਸ਼ਕਾਰੀ ਨੇ ਦਰਸ਼ਕਾਂ ਦੇ ਮਨ ਮੋਹ ਲਏ। ਸਮਾਗਮ ਦੀ ਸ਼ੁਰੂਆਤ ਸ. ਰਾਜਿੰਦਰ ਸਿੰਘ ਟਾਂਡਾ ਦੇ ਸਵਾਗਤੀ ਬੋਲਾਂ ਨਾਲ ਹੋਈ। ਸਟਾਕਟਨ ਵਾਸੀ ਸੁਰੀਲੇ ਗਾਇਕ ਮਨਦੀਪ ਅਟਵਾਲ ਨੇ ਇੱਕ ਗੀਤ ਪੇਸ਼ ਕਰਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਉਪਰੰਤ ਉੱਘੇ ਕਾਮੇਡੀਅਨ ਵਿਜੇ ਸਿੰਘ ਨੇ ਆਪਣੀ ਕਮੇਡੀ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਫਿਰ ਸ਼ੁਰੂ ਹੋਇਆ ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ'। ਕਿਸਾਨਾਂ ਨੂੰ ਖੁਦਕਸ਼ੀ ਦੇ ਮੋੜ 'ਤੇ ਲੈ ਜਾਣ ਵਾਲੇ ਹਾਲਾਤ ਅਤੇ ਕਿਸਾਨਾਂ ਦੀਆਂ ਦੁੱਖ-ਤਕਲੀਫ਼ਾਂ ਦੀ ਬਾਤ ਪਾਉਂਦਿਆਂ ਲੇਖਕ ਕੁਲਦੀਪ ਸਿੰਘ ਦੀਪ ਦੇ ਇਸ ਚਰਚਿਤ ਨਾਟਕ ਦੇ ਪਾਤਰਾਂ ਨੂੰ ਕਲਾਕਾਰਾਂ ਨੇ ਮੰਚ 'ਤੇ ਐਸਾ ਸਜੀਵ ਕੀਤਾ ਕਿ ਦਰਸ਼ਕ ਅਸ਼ ਅਸ਼ ਕਰ ਉੱਠੇ। ਖਚਾਖਚ ਭਰੇ ਹਾਲ ਵਿੱਚ ਦਰਸ਼ਕਾਂ ਨੇ ਹਰੇਕ ਦ੍ਰਿਸ਼ 'ਤੇ ਹਾਲ ਤਾੜੀਆਂ ਨਾਲ ਗੂੰਜਣ ਲਾ ਦਿੱਤਾ। ਜਿੱਥੇ ਕਈ ਪਾਤਰਾਂ ਨੇ ਦਰਸ਼ਕਾਂ ਨੂੰ ਖ਼ੂਬ ਹਸਾਇਆ, ਉੱਥੇ ਕਈ ਦ੍ਰਿਸ਼ ਇੰਨੇ ਦਿਲ ਖਿੱਚਵੇਂ ਸਨ ਕਿ ਦਰਸ਼ਕਾਂ ਦੀਆਂ ਧਾਹਾਂ ਨਿਕਲ ਗਈਆਂ। ਮੁੱਖ ਪਾਤਰਾਂ ਬਚਿੱਤਰ ਸਿੰਘ (ਜਸਵੰਤ ਸਿੰਘ ਸ਼ਾਦ) ਭਾਨਾ (ਅਸ਼ੋਕ ਟਾਂਗਰੀ) ਤੇ ਨਿਹਾਲ ਕੌਰ (ਡਿੰਪਲ ਬੈਂਸ) ਨੇ ਆਪੋ-ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਕੀਲੀ ਰੱਖਿਆ। ਬਿਹਾਰੀ ਮਜ਼ਦੂਰ ਦੇ ਰੂਪ ਵਿੱਚ ਸੋਨੂੰ ਬੈਂਸ ਨੂੰ ਦਰਸ਼ਕਾਂ ਨੇ ਖ਼ੂਬ ਪਿਆਰ ਦਿੱਤਾ। ਸ਼ਰਾਰਤੀ ਤੇ ਚੁਲਬੁਲੇ ਭੈਣ-ਭਰਾਵਾਂ ਦੇ ਰੋਲ ਵਿੱਚ ਮਿੰਧਾ (ਜੱਸੀ ਢਿੱਲੋਂ) ਤੇ ਗੀਤੀ ਦੇ ਰੋਲ ਵਿੱਚ ਜਾਨਵੀ ਬੈਂਸ ਨੇ ਖ਼ੂਬ ਤਾੜੀਆਂ ਬਟੋਰੀਆਂ। ਸੁਖਚੈਨ ਸਿੰਘ ਦੇ ਰੋਲ ਵਿੱਚ ਤਾਰਾ ਸਿੰਘ ਸਾਗਰ ਤੇ ਸੀਤੇ ਦੇ ਰੋਲ ਵਿੱਚ ਸਿਕੰਦਰ ਟਾਂਗਰੀ ਵਾਹਵਾ ਜਚੇ। ਸੰਗੀਤ ਅਤੇ ਰੌਸ਼ਨੀ ਦਾ ਕੰਟਰੋਲ ਅਭਿਰਾਜ ਟਾਂਗਰੀ ਨੇ ਕੀਤਾ। ਸੈੱਟ ਸਜਾਵਟ ਅਤੇ ਸਟੇਜ ਕੰਟਰੋਲ ਜਸਪ੍ਰੀਤ ਕੌਰ ਟਾਂਗਰੀ ਦਾ ਸੀ। ਡੇਢ ਘੰਟਾ ਲਗਾਤਾਰ ਚੱਲੇ ਇਸ ਨਾਟਕ ਨੂੰ ਦਰਸ਼ਕਾਂ ਨੇ ਭਰਪੂਰ ਪਿਆਰ ਬਖਸ਼ਿਆ। ਡਾਇਰੈਕਟਰ ਅਸ਼ੋਕ ਟਾਂਗਰੀ ਨੇ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ ਅਤੇ ਜਸਵੰਤ ਸਿੰਘ ਸ਼ਾਦ ਨੇ ਟੀਮ ਵਲੋਂ ਦਰਸ਼ਕਾਂ ਅਤੇ ਪ੍ਰੋਮੋਟਰਾਂ ਜਸਵਿੰਦਰ ਸਿੰਘ ਸੰਧੂ ਅਤੇ ਅਵਤਾਰ ਲਾਖਾ ਦਾ ਧੰਨਵਾਦ ਕੀਤਾ। ਇਸ ਮੌਕੇ ਪੰਜਾਬੀ ਦੇ ਉੱਘੇ ਮਿੰਨੀ ਕਹਾਣੀਕਾਰ ਸ. ਤ੍ਰਿਪਤ ਸਿੰਘ ਭੱਟੀ ਨੂੰ ਉਨ੍ਹਾਂ ਦੀਆਂ ਪੰਜਾਬੀ ਮਾਂ ਬੋਲੀ ਪ੍ਰਤੀ ਸੇਵਾਵਾਂ ਲਈ ਪਲੇਕ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਵਿੱਚ ਇਲਾਕੇ ਦੀਆਂ ਉਘੀਆਂ ਹਸਤੀਆਂ ਤੋਂ ਇਲਾਵਾ ਸਾਰੇ ਸਪੌਂਸਰ ਵੀ ਹਾਜ਼ਰ ਸਨ। ਸਟੇਜ ਸੰਚਾਲਨ ਹਰਜੀਤ ਕੌਰ ਉੱਪਲ ਨੇ ਬਾਖ਼ੂਬੀ ਨਿਭਾਇਆ ਅਤੇ ਸਮਾਗਮ ਦੇ ਗਰੈਂਡ ਸਪੌਂਸਰ ਸ. ਮਨਜੀਤ ਸਿੰਘ ਕੰਗ ਨੇ ਉਨ੍ਹਾਂ ਨੂੰ ਪਲੇਕ ਦੇ ਕੇ ਸਨਮਾਨਤ ਵੀ ਕੀਤਾ।







ਅੰਮ੍ਰਿਤਸਰ ਟਾਈਮਜ਼
AMRITSAR TIMES
19 ਅਪ੍ਰੈਲ 2017 ਤੋਂ 25 ਅਪ੍ਰੈਲ 2017

# ਸਿਆਸੀ ਸਦਾਚਾਰ ਇਹ ਨਹੀਂ ਸਿਖਾਉਂਦਾ

## *ਕੈਪਟਨ ਨੇ ਨਿੱਜੀ ਕਿੜ ਕੱਢਣ ਲਈ ਕੀਤਾ ਗਲਤ ਵਾਰ*

ਸਿਆਸੀ ਵਿਰੋਧਾਂ ਅਤੇ ਮੱਤਭੇਦਾਂ ਦਾ ਵੀ ਆਪਣਾ ਸਦਾਚਾਰ ਹੁੰਦਾ ਹੈ। ਮਨੁੱਖੀ ਰਿਸ਼ਤੇ ਇਨ੍ਹਾਂ ਵਕਤੀ ਵਿਰੋਧਾਂ ਤੋਂ ਪਾਰ ਹੁੰਦੇ ਹਨ ਅਤੇ ਅਜਿਹਾ ਯਕੀਨੀ ਬਣਾਉਣ ਲਈ ਛੋਟੀਆਂ ਛੋਟੀਆਂ ਗੱਲਾਂ/ਘਟਨਾਵਾਂ ਤੋਂ ਉਪਰ ਉਠਨਾ ਪੈਂਦਾ ਹੈ। ਸਿਆਸੀ ਵਿਰੋਧ ਜਦੋਂ ਨਿੱਜੀ ਦੁਸ਼ਮਣੀ ਵਿੱਚ ਬਦਲਦਾ ਹੈ ਤਾਂ ਸਾਰੇ ਮਿਆਰਾਂ ਦਾ ਘਾਣ ਹੋ ਜਾਂਦਾ ਹੈ। ਬਦਕਿਸਮਤੀ ਨਾਲ ਅਜੋਕੇ ਸਮਿਆਂ ਵਿੱਚ ਆਮ ਲੋਕਾਂ ਦੇ ਮੁਕਾਬਲੇ ਸਾਡੇ ਸਿਆਸੀ ਇੱਥੋਂ ਤੱਕ ਕਿ ਧਾਰਮਿਕ ਰਹਿਨੁਮਾ ਅਖ਼ਵਾਉਣ ਵਾਲਿਆਂ ਦੀ ਸੋਚ ਬੇਹੱਦ ਸੰਕੀਰਨ ਤੇ ਦਿਨੋਂ ਦਿਨ ਹੋਰ ਛੋਟੀ ਹੁੰਦੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਬਾਰੇ ਕਹੇ ਸ਼ਬਦ ਰਾਜਸੀ ਆਗੂਆਂ ਦੀ ਅਜਿਹੀ ਹੀ ਬਿਰਤੀ ਦਾ ਪ੍ਰਗਟਾ ਹਨ। ਕਾਂਗਰਸੀ, ਭਾਰਤੀ ਜਨਤਾ ਪਾਰਟੀ ਜਾਂ ਕਮਿਉਨਿਸਟ ਪਾਰਟੀ ਦਾ ਕੋਈ ਐਰਾ ਗੈਰਾ ਨੱਥੂ ਖ਼ੈਰਾ ਅਜਿਹੀ ਸ਼ੋਹਦੀ ਗੱਲ ਕਰੇ ਤਾਂ ਸਮਝ ਆ ਸਕਦੀ ਹੈ ਕਿ ਇਨ੍ਹਾਂ ਦੀ ਜੋ ਔਕਾਤ ਹੈ, ਉਹੀ ਕੁਝ ਕਹਿਣ/ਕਰਨਗੇ। ਅਜਿਹੇ ਅਨਸਰਾਂ ਦੇ ਬੁਖਲਾਹਟ ਭਰੇ ਬਿਆਨਾਂ ਨੂੰ ਅੱਖੋਂ ਪ੍ਰੋਖੇ ਕੀਤਾ ਜਾਣਾ ਬਣਦਾ ਹੈ। ਪਰ ਪੰਜਾਬ ਦੇ ਮੁੱਖ ਮੰਤਰੀ ਵਲੋਂ ਅਜਿਹੇ ਦੋਸ਼ ਲਾਉਣੇ ਅਤੇ ਮਿਲਣ ਤੋਂ ਨਾਂਹ ਕਰਨੀ ਬਹੁਤ ਹੀ ਇਤਰਾਜ਼ਯੋਗ ਕਾਰਵਾਈ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਦੁਨੀਆ ਦੇ ਇੱਕ ਅਤਿ ਅਹਿਮ ਅਤੇ ਘੱਟ ਗਿਣਤੀ ਤੇ ਆਵਾਸੀ ਭਾਈਚਾਰਿਆਂ ਦੇ ਰਾਜਸੀ ਤੇ ਮਾਨਵੀ ਹੱਕਾਂ ਪ੍ਰਤੀ ਸੰਵੇਦਨਸ਼ੀਲ ਮੁਲਕ ਦੇ ਰੱਖਿਆ ਮੰਤਰੀ ਦੇ ਬਹੁਤ ਹੀ ਮਹੱਤਵਪੂਰਨ ਅਹੁਦੇ ਉੱਤੇ ਬਿਰਾਜਮਾਨ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੇ ਸਿੱਖ ਆਗੂ ਨਾਲ ਉਸ ਦੀ ਆਪਣੀ ਹੀ ਜਨਮਭੂਮੀ ਦਾ ਮੁੱਖ ਮੰਤਰੀ ਚਾਈਂ ਚਾਈਂ ਜੀ ਆਇਆਂ ਕਹਿ ਗਲਵਕੜੀ ਪਾਉਣ ਦੀ ਥਾਂ 'ਅਪਰਾਧੀਆਂ ਵਾਲਾ ਸਲੂਕ' ਕਰੇ। ਪੰਜਾਬੀ ਖ਼ਾਸ ਕਰ ਸਿੱਖ ਭਾਈਚਾਰਾ ਤਾਂ ਗੈਰਾਂ ਲਈ ਵੀ 'ਬਾਹਾਂ ਖੋਲ੍ਹ ਕੇ ਖੁਲ੍ਹ ਦਿਲੀ ਨਾਲ ਮੇਜ਼ਬਾਨੀ' ਕਰਨ ਕਰਕੇ ਦੁਨੀਆ ਭਰ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਕੈਨੇਡਾ ਸਰਕਾਰ ਵਿੱਚ ਸਿੱਖ ਭਾਈਚਾਰੇ ਦਾ ਅੱਜ ਤੱਕ ਦਾ ਸਭ ਤੋਂ ਅਹਿਮ ਨੁਮਾਇੰਦਾ ਹਰਜੀਤ ਸਿੰਘ ਕਿਸੇ ਦਾ ਦੁਸ਼ਮਣ ਜਾਂ ਵੈਰ ਵਿਰੋਧ ਦੀ ਭਾਵਨਾ ਤਾਂ ਕੀ ਆਪਣੇ ਪਰਿਵਾਰਕ ਵਿਰਸੇ ਵਜੋਂ 'ਸੱਜਣ' ਹੈ। ਨਾਂਅ ਵਜੋਂ ਹੀ ਨਹੀਂ ਆਪਣੇ ਜੀਵਨ ਕਾਲ ਦੌਰਾਨ ਕੀਤੇ ਕਾਰਜਾਂ ਵਜੋਂ ਵੀ। ਬਾਕੀ ਪੱਖਾਂ ਬਾਰੇ ਵਿਸਥਾਰ ਵਿੱਚ ਨਾ ਜਾਂਦੇ ਹੋਏ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਬਿਨਾਂ ਕਿਸੇ ਸਬੂਤ ਦੇ ਕਿਸੇ ਦੇਸ਼ ਦੇ ਮੰਤਰੀ ਨੂੰ 'ਅਤਿਵਾਦੀ' ਗਰਦਾਨਿਆ ਜਾ ਸਕਦਾ ਹੈ ? ਅੱਗੋਂ ਅਜਿਹਾ ਖਿਤਾਬ ਦੇਣ ਵਾਲਾ ਕਿਸੇ ਸੂਬੇ ਦਾ ਲੋਕਰਾਜੀ ਢੰਗ ਨਾਲ ਚੁਣਿਆ ਮੁੱਖ ਮੰਤਰੀ ਹੋਵੇ। ਜੇ ਆਪਣੇ ਜੱਦੀ ਘਰ ਆਇਆ ਮਹਿਮਾਨ ਮੰਤਰੀ ਹੋਵੇ ਵੀ ਆਪਣੀ ਕੌਮ ਦੇ ਮਿੱਤਰ ਦੇਸ਼ ਦਾ ਫੇਰ ਤਾਂ ਕੁਝ ਪਲਾਂ ਲਈ ਕਿਸੇ ਦਾ 'ਅਪਰਾਧੀ' ਹੋਣਾ ਵੀ ਗੁਨਾਹ ਨਹੀਂ ਲੱਗਣਾ ਚਾਹੀਦਾ। ਭਾਰਤ ਅਤੇ ਪੰਜਾਬ ਦੇ ਦੌਰੇ ਉੱਤੇ ਆਏ ਕੈਨੇਡਾ ਦੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ 'ਖਾਲਿਸਤਾਨੀ' ਕਹਿ ਕੇ ਅਮਰਿੰਦਰ ਸਿੰਘ ਨੇ ਸੱਜਣ ਦਾ ਸਿਰਫ਼ ਵਿਦੇਸ਼ਾਂ ਵਿਚਲੇ ਹੀ ਨਹੀਂ ਸਗੋਂ ਪੰਜਾਬ ਵਿੱਚ ਉਸ ਨਾਲੋਂ ਵੀ ਵੱਧ ਸਤਿਕਾਰ ਅਤੇ ਪਿਆਰ ਵਧਾਇਆ ਹੈ। ਜਿਸ ਪੱਧਰ ਉੱਤੇ ਕੈਨੇਡਾ, ਅਮਰੀਕਾ, ਯੂਰਪ ਅਤੇ ਹੋਰਨਾਂ ਮੁਲਕਾਂ ਵਿੱਚ ਸਿੱਖ ਭਾਈਚਾਰਾ ਹਰਜੀਤ ਸਿੰਘ ਦੇ ਹੱਕ ਵਿੱਚ ਨਿਤਰਿਆ ਹੈ, ਉਹ ਅਮਰਿੰਦਰ ਸਿੰਘ ਦੇ ਗਲਤ ਸਟੈਂਡ ਦਾ ਕਰਾਰਾ ਜਵਾਬ ਹੈ। ਹਰਜੀਤ ਸਿੰਘ ਕਾਨੂੰਨੀ ਢੰਗ ਨਾਲ ਕੈਨੇਡਾ ਰਹਿੰਦਿਆਂ ਉੱਥੋਂ ਦੇ ਬਹੁਕੌਮੀ ਭਾਈਚਾਰੇ ਦਾ ਸਰਗਰਮ ਅਤੇ ਜ਼ੁੰਮੇਵਾਰ ਮੈਂਬਰ ਹੁੰਦੇ ਹੋਏ ਆਪਣੀ ਯੋਗਤਾ ਅਤੇ ਸਮਾਜਿਕ ਪ੍ਰਤੀਬੱਧਤਾ ਦੇ ਜ਼ੋਰ ਉੱਚੇ ਸਰਕਾਰੀ ਰੁੱਤਬੇ ਤੱਕ ਪਹੁੰਚਿਆ ਹੈ। ਉਸ ਨੇ ਅਜਿਹਾ ਕੋਈ ਵੀ ਸਮਾਜ ਵਿਰੋਧੀ ਜਾਂ ਹਿੰਸਕ ਕੰਮ ਨਹੀਂ ਕੀਤਾ ਜਿਸ ਕਰਕੇ ਉਸ ਨੂੰ 'ਅਤਿਵਾਦੀ ਜਾਂ ਖ਼ਤਰਨਾਕ' ਕਿਹਾ ਜਾ ਸਕਦਾ ਹੋਵੇ। ਪੰਜਾਬ ਵਿੱਚ ਵੀ ਉਸ ਵਲੋਂ ਇੱਕ ਬੱਚੇ ਵਜੋਂ ਰਹਿੰਦਿਆਂ ਜਾਂ ਬਾਅਦ 'ਚ ਕੈਨੇਡਾ ਤੋਂ ਆਪਣੇ ਪਿੰਡ ਤੇ ਸੂਬੇ ਦੀ ਫੇਰੀ ਦੌਰਾਨ ਕਦੇ ਅਜਿਹਾ ਕੁਝ ਕੀਤਾ ਅੱਜ ਤੱਕ ਸੁਣਿਆ ਜਾਂ ਸਾਹਮਣੇ ਨਹੀਂ ਆਇਆ, ਜਿਸ ਦੇ ਬਹਾਨੇ 'ਸਮਾਜਿਕ ਸਜ਼ਾ' ਸੁਣਾਈ ਤੇ ਲਾਈ ਜਾਵੇ। ਸਿਆਸੀ ਮਾਹਰ ਅਤੇ ਸਿੱਖ ਹਲਕੇ ਹੈਰਾਨ ਹਨ ਕਿ ਆਖ਼ਰ ਅਮਰਿੰਦਰ ਸਿੰਘ ਨੂੰ ਕਿਹੜੇ ਗੁਪਤ ਅਤੇ ਭਰੋਸੇਯੋਗ ਸੂਤਰਾਂ ਨੇ ਹਰਜੀਤ ਸਿੰਘ ਸੱਜਣ ਦਾ 'ਖਾਲਿਸਤਾਨੀ ਅਤਿਵਾਦੀ' ਹੋਣ ਦੇ ਪੁਖਤਾ ਸਬੂਤ ਦਿੱਤੇ ਹਨ। ਵੈਸੇ ਤਾਂ 'ਖਾਲਿਸਤਾਨੀ' ਜਾਂ 'ਹਮਦਰਦ' ਹੋਣ ਨਾਲ ਵੀ ਆਪਣੇ ਹੀ ਕੌਮ ਦੇ ਵਿਦੇਸ਼ ਵਸਦੇ ਆਗੂ ਪ੍ਰਤੀ ਇੰਨੀ ਬੇਰੁੱਖੀ ਅਤੇ ਉਹ ਵੀ ਸ਼ਰੇਆਮ/ਐਲਾਨੀਆ ਅੱਜ ਤੱਕ ਘੱਟ ਹੀ ਵੇਖੀ/ਸੁਣੀ ਹੈ। ਵੈਸੇ ਭਾਰਤ ਦੀ ਪਾਰਲੀਮੈਂਟ ਦਾ ਦੋ ਵਾਰ ਮੈਂਬਰ ਰਹਿ ਚੁੱਕੇ ਪਟਿਆਲਾ ਦੇ ਸ਼ਾਹੀ ਘਰਾਣੇ ਦੇ ਵਾਰਸ ਨੂੰ ਇਹ ਪਤਾ ਹੀ ਹੋਣਾ ਚਾਹੀਦਾ ਹੈ ਕਿ 'ਖਾਲਿਸਤਾਨੀ' ਹੋਣਾ ਅਪਰਾਧ ਨਹੀਂ। ਇਹ ਤਾਂ ਫੈਸਲਾ ਭਾਰਤੀ ਸੁਪਰੀਮ ਕੋਰਟ ਦਾ ਹੈ। ਉਸ ਦੇ ਆਪਣੇ ਸਕੇ ਸਾਢੂ ਸਿਮਰਨਜੀਤ ਸਿੰਘ ਮਾਨ ਨੇ 'ਖਾਲਿਸਤਾਨ' ਦੇ ਮੁੱਦੇ ਉੱਤੇ ਚੋਣ ਲੜਣ ਦਾ ਅਧਿਕਾਰ ਕਾਨੂੰਨੀ ਲੜਾਈ ਰਾਹੀਂ ਲਿਆ। 'ਖਾਲਿਸਤਾਨੀ' ਹੋਣਾ ਅਤੇ 'ਅਤਿਵਾਦੀ' ਹੋਣਾ ਦੋ ਵੱਖ ਵੱਖ ਪੱਖ ਹਨ। ਸੱਜਣ ਨਾ ਵੱਖਵਾਦੀ ਹੈ ਤੇ ਨਾਂਅ 'ਅਤਿਵਾਦੀ'। ਜੇ ਕੋਈ ਭੁਲੇਖਾ ਸੀ ਵੀ ਤਾਂ ਉਸ ਵਲੋਂ ਇਸ ਹਫ਼ਤੇ ਦਿੱਲੀ ਪੁੱਜਣ ਬਾਅਦ ਦਿੱਤੇ ਬਿਆਨ ਕਿ 'ਉਹ ਕਿਸੇ ਮੁਲਕ ਦੇ ਟੋਟੇ ਹੋਣ ਦਾ ਹਮਾਇਤੀ ਨਹੀਂ, ਨੇ ਅਮਰਿੰਦਰ ਸਿੰਘ ਦੀ ਸਾਰੀਆਂ ਦਲੀਲਾਂ, ਜਿਨ੍ਹਾਂ ਵਿੱਚ ਵੈਸੇ ਵੀ ਕੋਈ ਦਮ ਨਹੀਂ ਸੀ, ਉੱਤੇ ਪੂਰੀ ਤਰ੍ਹਾਂ ਪਾਣੀ ਫੇਰ ਦਿੱਤਾ ਹੈ। ਜੱਗ ਜ਼ਾਹਰ ਹੈ ਕਿ ਅਸਲ ਵਿੱਚ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਉਸ ਦੇ ਅਮਰੀਕਾ–ਕੈਨੇਡਾ ਦੇ ਦੌਰੇ ਦੌਰਾਨ ਕੁਝ ਸਿੱਖਾਂ ਵਲੋਂ ਵਿਰੋਧ ਅਤੇ ਕਨੂੰਨੀ ਅੜਚਣਾਂ ਪਾਉਣ ਦੀ ਰੰਜਿਸ਼ ਹੀ ਉਸ ਦੇ ਇਸ ਦੇ ਗੁੱਭ–ਗੁਭਾਟ ਦਾ ਇੱਕੋ ਇੱਕ ਕਾਰਨ ਹੈ। ਪਹਿਲਾਂ ਅਪਰੇਸ਼ਨ ਸਟਾਰ ਵਿਰੁੱਧ ਰੋਸ ਵਜੋਂ ਲੋਕ ਸਭਾ ਮੈਂਬਰ ਵਜੋਂ ਅਸਤੀਫ਼ਾ ਦੇਣ ਅਤੇ ਫਿਰ ਪਿਛਲੀ ਵਾਰ ਮੁੱਖ ਮੰਤਰੀ ਵਜੋਂ ਪੰਜਾਬ ਦੇ ਪਾਣੀਆਂ ਬਾਰੇ ਦਲੇਰਾਨਾ ਸਟੈਂਡ ਲੈਣ ਨਾਲ ਸਿੱਖਾਂ ਵਿੱਚ ਜਿਹੜਾ ਸਤਿਕਾਰ ਤੇ ਹਮਾਇਤ ਅਮਰਿੰਦਰ ਸਿੰਘ ਨੇ ਪ੍ਰਾਪਤ ਕਰਨ ਦਾ ਮਾਣ ਹਾਸਲ ਕੀਤਾ ਸੀ, ਅਪਣੀ ਇਸ ਅੱਖੜ ਕਾਰਵਾਈ ਨਾਲ ਖੁਦ ਹੀ ਮਲੀਆਮੇਟ ਕਰ ਲਿਆ ਹੈ। ਇਸ ਦੇ ਬਾਵਜੂਦ ਦਿੱਲੀ ਦੀ ਮੋਦੀ ਸਰਕਾਰ ਦੁਆਰਾ ਹਰਜੀਤ ਸਿੰਘ ਸੱਜਣ ਦਾ ਸਤਿਕਾਰ ਤੇ ਸਵਾਗਤ ਅਤੇ ਸਭ ਕੁੜਿਤਣਾਂ ਭੁਲਾ ਕੇ ਸੱਜਣ ਦਾ ਇਹ ਕਹਿਣਾ 'ਮੇਰੀ ਆਪਣੇ ਪਿੱਤਰੀ ਰਾਜ ਪੰਜਾਬ ਦੇ ਲੋਕ ਨੁਮਾਇੰਦੇ (ਮੁੱਖ ਮੰਤਰੀ) ਨੂੰ ਮਿਲਣ ਦੀ ਤਾਂਘ ਹੈ।' ਕੈਪਟਨ ਲਈ ਭਵਿੱਖ ਵਿੱਚ 'ਸਿੱਖਣ/ਸਮਝਣ' ਵਾਲੀ ਗੱਲ ਹੈ। ਖ਼ਾਸ ਕਰ ਉਸ ਦੇ ਸਲਾਹਕਾਰਾਂ ਲਈ ਤਾਂ ਇਹ ਕਾਂਡ ਭਵਿੱਖ ਵਿੱਚ ਉਨ੍ਹਾਂ ਦੀ 'ਸਿਆਣਪ' ਦੀ ਕਸਵੱਟੀ ਹੋਵੇਗਾ। ਸਿੱਖ ਇਤਿਹਾਸ, ਧਰਮ, ਸਭਿਆਚਾਰ ਅਤੇ ਸਿਆਸਤ ਬਾਰੇ ਕਿਤਾਬਾਂ ਦੇ ਲੇਖਕ ਅਮਰਿੰਦਰ ਸਿੰਘ ਨੇ ਅਜਿਹੀ 'ਭੜਕਾਊ ਤੇ ਅੜੀਅਲ' ਕਾਰਵਾਈ ਕਰਕੇ ਵਿਰੋਧੀਆਂ ਨੂੰ ਉਸ ਦੇ 'ਖਾਨਦਾਨੀ ਪਿਛੋਕੜ ਅਤੇ ਸਿੱਖ ਮਸਲਿਆਂ ਪ੍ਰਤੀ ਉਸ ਦੀ ਪਹੁੰਚ ਵਿਚਲੀ ਸੁਹਿਰਦਤਾ' ਨੂੰ ਸ਼ੱਕ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਦਾ ਮੌਕਾ ਦੇ ਦਿੱਤਾ ਹੈ। ਇਤਿਹਾਸ ਤਾਂ ਛੋਟੀਆਂ ਗਲਤੀਆਂ ਲਈ ਵੀ ਕਿਸੇ ਨੂੰ ਬਖ਼ਸ਼ਦਾ ਨਹੀਂ।

# ਆਮ ਆਦਮੀ ਪਾਰਟੀ ਦੇ ਵਜੂਦ ਨੂੰ ਦੋਹਰਾ ਖ਼ਤਰਾ



**ਅਰੁਣ ਜੇਤਲੀ ਵੱਲੋਂ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਸਾਥੀਆਂ ਖ਼ਿਲਾਫ਼ ਦਾਇਰ ਮਾਣਹਾਨੀ ਦਾ ਮੁਕੱਦਮਾ ਅਸਾਧਾਰਨ ਰਫ਼ਤਾਰ ਨਾਲ ਚੱਲ ਰਿਹਾ ਹੈ। ਮੀਡੀਆ ਦਾ ਇੱਕ ਹਿੱਸਾ ਸੱਤਾਧਾਰੀ ਪਾਰਟੀ ਵੱਲੋਂ 'ਆਪ' ਖ਼ਿਲਾਫ਼ ਛੇੜੀ ਗਈ ਇਸ ਇਕਪਾਸੜ ਮੁਹਿੰਮ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਵਿੱਚ ਲੋੜ ਤੋਂ ਵੱਧ ਖ਼ੁਸ਼ੀ ਮਹਿਸੂਸ ਕਰ ਰਿਹਾ ਹੈ। ਅਸੀਂ ਨਹੀਂ ਜਾਣਦੇ ਕਿ 'ਆਪ' ਦੀ ਚੋਣ ਮਸ਼ੀਨ, ਇਸ ਦੀ ਨੈਤਿਕ ਤੇ ਸਿਆਸੀ ਪ੍ਰਾਜੈਕਟ ਵਜੋਂ ਮੌਤ ਨੂੰ ਕਦੋਂ ਤਕ ਬਚਾਈ ਰੱਖਦੀ ਹੈ। ਅਸੀਂ ਇਹ ਵੀ ਨਹੀਂ ਜਾਣਦੇ ਕਿ ਇਹ ਹੱਤਿਆ ਹੋਵੇਗੀ ਜਾਂ ਖ਼ੁਦਕੁਸ਼ੀ। ਪਰ ਅਸੀਂ ਇਹ ਜਾਣਦੇ ਹਾਂ ਕਿ ਕਿਸੇ ਵੀ ਤਰ੍ਹਾਂ ਇਹ ਲੋਕਤੰਤਰ ਲਈ ਚੰਗਾ ਨਹੀਂ ਹੋਵੇਗਾ।**

**ਯੋਗੇਂਦਰ ਯਾਦਵ**
(ਈਮੇਲ : yyopinion@gmail.com)

ਅਸੀਂ ਜਮਹੂਰੀ ਸਿਆਸਤ ਵਿੱਚ ਅਸਾਧਾਰਨ ਅਤੇ ਦੁਖਦਾਈ ਤਮਾਸ਼ਾ ਦੇਖ ਰਹੇ ਹਾਂ। 'ਆਪ' ਨੂੰ ਖ਼ਤਮ ਕਰਨ ਲਈ ਭਾਜਪਾ ਨੇ ਪੂਰਾ ਤਾਣ ਲਾਇਆ ਹੋਇਆ ਹੈ, ਪਰ ਸ਼ਾਇਦ ਇਹ ਸਫ਼ਲ ਨਾ ਹੋਵੇ। 'ਆਪ' ਲੀਡਰਸ਼ਿਪ ਖ਼ੁਦ ਹੀ ਤਬਾਹੀ ਵੱਲ ਵਧ ਰਹੀ ਹੈ। ਅਸੀਂ ਨਹੀਂ ਜਾਣਦੇ ਕਿ ਪਹਿਲਾਂ ਕੀ ਹੋਵੇਗਾ, ਕਤਲ ਜਾਂ ਖ਼ੁਦਕੁਸ਼ੀ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਜਮਹੂਰੀਅਤ ਲਈ ਇਨ੍ਹਾਂ ਦੋਵਾਂ ਵਿੱਚੋਂ ਕਿਹੜੀ ਗੱਲ ਬਦਤਰ ਹੋਵੇਗੀ।

ਭਾਜਪਾ ਨੇ 2013 ਵਿੱਚ ਹੀ 'ਆਪ' ਨੂੰ ਸੰਭਾਵੀ ਚੁਣੌਤੀਕਾਰ ਵਜੋਂ ਪਛਾਣ ਲਿਆ ਸੀ। ਨਵੀਂ ਪਾਰਟੀ ਦੀ ਗਜ਼ਬ ਦੀ ਕਾਰਗੁਜ਼ਾਰੀ ਨੇ ਪੂਰੇ ਮੁਲਕ ਦਾ ਧਿਆਨ ਖਿੱਚਿਆ ਅਤੇ ਉਦੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਸ੍ਰੀ ਮੋਦੀ ਨੂੰ ਮੀਡੀਆ ਦੀਆਂ ਸੁਰਖ਼ੀਆਂ ਤੋਂ ਬਾਹਰ ਕਰ ਦਿੱਤਾ ਸੀ। ਉਹ ਦੇਖ ਸਕਦੇ ਸਨ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਉਨ੍ਹਾਂ ਲਈ ਦੀਰਘਕਾਲੀ ਖ਼ਤਰਾ ਨਹੀਂ ਹੈ ਸਗੋਂ ਆਦਰਸ਼ਵਾਦ ਦੀ ਪ੍ਰਤੀਨਿਧਤਾ ਕਰਦੀ ਨਵੀਂ ਪਾਰਟੀ ਖ਼ਤਰਾ ਬਣ ਸਕਦੀ ਹੈ। ਲੋਕ ਸਭਾ ਚੋਣਾਂ ਵਿੱਚ ਜਿੱਤ ਤੋਂ ਬਾਅਦ ਭਾਜਪਾ ਨੇ 'ਆਪ' ਨੂੰ ਕਾਬੂ ਕਰਨ ਲਈ ਆਪਣੇ ਅਧਿਕਾਰ ਹੇਠਲੀ ਹਰ ਕਾਨੂੰਨੀ ਅਤੇ ਕਾਨੂੰਨ ਤੋਂ ਬਾਹਰੀ ਸ਼ਕਤੀ ਦੀ ਵਰਤੋਂ ਕੀਤੀ ਹੈ। ਇਹ ਸੂਬਾਈ ਅਤੇ ਕੇਂਦਰ ਸਰਕਾਰਾਂ ਦਰਮਿਆਨ ਰਿਸ਼ਤਿਆਂ ਦੇ ਮੂਲ ਜਮਹੂਰੀ ਨਿਯਮਾਂ ਦੀ ਸਿੱਧੀ ਉਲੰਘਣਾ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵਿਰੋਧੀ ਪਾਰਟੀਆਂ ਅਤੇ ਵਿਰੋਧੀ ਧਿਰਾਂ ਦੀ ਅਗਵਾਈ ਵਾਲੀਆਂ ਸਰਕਾਰਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਿੱਲੀ ਦੇ ਉਪ ਰਾਜਪਾਲ ਨੇ ਸੂਬੇ ਦੇ ਸੰਵਿਧਾਨਕ ਮੁਖੀ ਨਾਲੋਂ ਕੇਂਦਰ ਸਰਕਾਰ ਦੇ ਏਜੰਟ ਤੇ ਕੇਂਦਰ ਦੀ ਸੱਤਾਧਾਰੀ ਪਾਰਟੀ ਦੀ ਬਾਂਹ ਬਣਨ ਵਾਲੀ ਭੂਮਿਕਾ ਜ਼ਿਆਦਾ ਨਿਭਾਈ ਹੈ। ਸ੍ਰੀ ਨਜੀਬ ਜੰਗ ਨੇ ਦਿੱਲੀ ਸਰਕਾਰ ਦੀਆਂ ਕਈ ਰੁਟੀਨ ਪਹਿਲਕਦਮੀਆਂ ਅੱਗੇ ਵੀ ਅੜਿੱਕਾ ਡਾਹਿਆ। ਦਿੱਲੀ ਪੁਲੀਸ 'ਆਪ' ਵਿਧਾਇਕਾਂ ਦੇ ਹਰ ਅਸਲੀ ਅਤੇ ਕਾਲਪਨਿਕ ਜੁਰਮ ਪਿੱਛੇ ਹੱਥ ਧੋ ਕੇ ਪੈ ਗਈ ਜਦੋਂਕਿ ਹੋਰ ਕਿਸੇ ਵੀ ਸੂਬੇ ਦੀ ਪੁਲੀਸ ਨੇ ਸੱਤਾਧਾਰੀ ਪਾਰਟੀ ਨਾਲ ਅਜਿਹਾ ਨਹੀਂ ਕੀਤਾ। ਜੇ ਇਹੀ ਮਾਪਦੰਡ ਇਕਸਾਰਤਾ ਨਾਲ ਅਪਣਾਏ ਜਾਂਦੇ ਤਾਂ ਭਾਜਪਾ ਦੇ ਦਰਜਨਾਂ ਸੰਸਦ ਮੈਂਬਰ ਅਤੇ ਪੂਰੇ ਮੁਲਕ ਵਿਚਲੇ ਇਸ ਦੇ ਸੈਂਕੜੇ ਵਿਧਾਇਕ ਜੇਲ੍ਹਾਂ ਵਿੱਚ ਹੋਣੇ ਚਾਹੀਦੇ ਸਨ। ਆਮਦਨ ਕਰ ਅਧਿਕਾਰੀਆਂ ਵੱਲੋਂ 'ਆਪ' ਦੇ ਖਾਤਿਆਂ ਦੀ ਜਾਂਚ ਕਰਕੇ ਵਾਰ ਵਾਰ ਕੋਈ ਅਣਉਚਿਤ ਜਾਣਕਾਰੀ ਲੱਭਣ ਦੀਆਂ ਕੋਸ਼ਿਸ਼ਾਂ ਵਿੱਚੋਂ ਸ਼ੱਕੀ ਵਿਅਕਤੀਆਂ ਦੀ ਤਲਾਸ਼ ਕਰਨ ਦੀ ਕਾਰਵਾਈ ਦੀ ਬੂ ਆਉਂਦੀ ਹੈ। ਭਾਜਪਾ ਦੇ ਨਿਰੇ ਦੰਭ ਦਾ ਜ਼ਿਕਰ ਕਰਨਾ ਬਣਦਾ ਹੈ। ਜੋ ਪਾਰਟੀ ਆਪਣੇ ਖਾਤਿਆਂ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ੀ ਫੰਡ ਜਮ੍ਹਾਂ ਕਰਨ ਦੀ ਦੋਸ਼ੀ ਪਾਈ ਗਈ ਹੈ, ਉਹ ਕਿਸੇ ਹੋਰ ਵੱਲ ਉਂਗਲ ਕਰ ਰਹੀ ਹੈ। ਪਾਰਟੀ ਦੇ ਪ੍ਰਚਾਰ ਲਈ ਸਰਕਾਰੀ ਫੰਡਾਂ ਦੀ ਦੁਰਵਰਤੋਂ ਲਈ 'ਆਪ' ਨੂੰ 87 ਕਰੋੜ ਰੁਪਏ ਜੁਰਮਾਨਾ ਲਾਉਣ ਵਾਲੀ ਕਮੇਟੀ ਵੀ ਨਿਰਪੱਖ ਨਹੀਂ ਆਖੀ ਜਾ ਸਕਦੀ। ਇਹ ਵੀ ਜ਼ਿਕਰਯੋਗ ਹੈ ਕਿ ਸ੍ਰੀ ਅਰੁਣ ਜੇਤਲੀ ਵੱਲੋਂ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਸਾਥੀਆਂ ਖ਼ਿਲਾਫ਼ ਦਾਇਰ ਮਾਣਹਾਨੀ ਦਾ ਮੁਕੱਦਮਾ ਅਸਾਧਾਰਨ ਰਫ਼ਤਾਰ ਨਾਲ ਚੱਲ ਰਿਹਾ ਹੈ। ਮੀਡੀਆ ਦਾ ਇੱਕ ਹਿੱਸਾ ਸੱਤਾਧਾਰੀ ਪਾਰਟੀ ਵੱਲੋਂ 'ਆਪ' ਖ਼ਿਲਾਫ਼ ਛੇੜੀ ਗਈ ਇਸ ਇਕਪਾਸੜ ਮੁਹਿੰਮ ਨੂੰ ਵਧਾ–ਚੜ੍ਹਾ ਕੇ ਪੇਸ਼ ਕਰਨ ਵਿੱਚ ਲੋੜ ਤੋਂ ਵੱਧ ਖ਼ੁਸ਼ੀ ਮਹਿਸੂਸ ਕਰ ਰਿਹਾ ਹੈ।

ਹੁਣ ਅਸੀਂ ਅੰਤਿਮ ਕਾਰਜ ਵੱਲ ਅੱਗੇ ਵੱਧਦੇ ਹਾਂ। ਇਸ ਦੇ ਮਜ਼ਬੂਤ ਸੰਕੇਤ ਹਨ ਕਿ ਸ਼ਾਇਦ ਭਾਜਪਾ ਹੁਣ ਨਕੇਲ ਕੱਸ ਰਹੀ ਹੈ। ਸ਼ੁੰਗਲੂ ਕਮੇਟੀ ਦੀ ਰਿਪੋਰਟ ਜਾਰੀ ਕਰਨਾ ਕਾਨੂੰਨੀ ਕਾਰਵਾਈ ਦੀ ਲੜੀ ਆਰੰਭਣ ਦੀ ਸੰਭਾਵਨਾ ਵੱਲ ਇਸ਼ਾਰਾ ਕਰਦਾ ਹੈ। ਪਾਰਟੀ ਦਫ਼ਤਰ ਦੀ ਅਲਾਟਮੈਂਟ ਨੂੰ ਰੱਦ ਕਰਨਾ ਛੋਟਾ ਕਦਮ ਹੈ। ਇਸ ਮਗਰੋਂ ਕੁਝ ਮੰਤਰੀਆਂ ਅਤੇ ਦਿੱਲੀ ਸਰਕਾਰ ਦੇ ਪ੍ਰਮੁੱਖ ਅਧਿਕਾਰੀਆਂ ਖਿਲਾਫ਼ ਅਪਰਾਧਿਕ ਮਾਮਲਿਆਂ ਦੀ ਲੜੀ ਆਰੰਭ ਹੋ ਸਕਦੀ ਹੈ। ਇਹ ਦਿੱਲੀ ਦੇ ਰਾਜੌਰੀ ਗਾਰਡਨ ਹਲਕੇ ਦੀ ਜ਼ਿਮਨੀ ਚੋਣ (ਜਿਸ ਦੇ ਨਤੀਜੇ 13 ਅਪ੍ਰੈਲ ਨੂੰ ਆਉਣਗੇ) ਵਿੱਚ 'ਆਪ' ਦੀ ਹਾਰ ਅਤੇ ਇਸੇ ਤਰ੍ਹਾਂ 23 ਅਪ੍ਰੈਲ ਨੂੰ ਹੋ ਰਹੀਆਂ ਦਿੱਲੀ ਮਿਊਂਸੀਪਲਟੀ ਕਮੇਟੀ, ਦਿੱਲੀ ਚੋਣਾਂ ਵਿੱਚ ਹਾਰ ਤੋਂ ਬਾਅਦ ਹੋ ਸਕਦਾ ਹੈ। 'ਆਪ' ਦੇ 21 ਵਿਧਾਇਕਾਂ ਨੂੰ ਚੋਣ ਕਮਿਸ਼ਨ ਵੱਲੋਂ ਮੁਨਾਫ਼ੇ ਵਾਲੇ ਅਹੁਦੇ ਨਾਲ ਜੁੜੇ ਕੇਸ ਵਿੱਚ ਅਯੋਗ ਕਰਾਰ ਦੇਣ ਦੀ ਕਿਸੇ ਵੀ ਦਿਨ ਸੰਭਾਵਨਾ ਹੈ। ਜੇਕਰ ਭਾਜਪਾ ਵੱਲੋਂ ਰਚੀ ਗਈ ਪਟਕਥਾ ਅਨੁਸਾਰ ਹੀ ਸਭ ਕੁਝ ਹੁੰਦਾ ਹੈ ਤਾਂ ਇਹ ਦਿੱਲੀ ਦੀ 'ਆਪ' ਸਰਕਾਰ ਨੂੰ ਹਟਾਉਣ ਵਰਗਾ ਕਦਮ ਵੀ ਚੁੱਕ ਸਕਦੀ ਹੈ।

ਜਦੋਂ ਕੇਂਦਰ ਦੀ ਸੱਤਾਧਾਰੀ ਪਾਰਟੀ ਵੱਲੋਂ ਅਜਿਹਾ ਕੀਤਾ ਜਾਂਦਾ ਹੈ ਤਾਂ ਆਮ ਤੌਰ 'ਤੇ ਇਹ ਨਵੀਂ ਪਾਰਟੀ ਲਈ ਹਮਦਰਦੀ ਅਤੇ ਸਮਰਥਨ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ। 'ਆਪ' ਦੇ ਕੱਟੜ ਸਮਰਥਕਾਂ ਦੀ ਘੱਟਦੀ ਜਾ ਰਹੀ ਸੰਖਿਆ ਵੀ ਇਸ ਮਾਮਲੇ ਨੂੰ ਇਸੇ ਤਰ੍ਹਾਂ ਹੀ ਪੇਸ਼ ਕਰਦੀ ਆ ਰਹੀ ਹੈ। ਪਰ ਹੁਣ ਇਸ ਸੋਚ 'ਤੇ ਵਿਸ਼ਵਾਸ ਕਰਨ ਵਾਲੇ ਬਹੁਤ ਘੱਟ ਹਨ। 'ਆਪ' ਤਿੰਨ ਵਾਅਦਿਆਂ ਦੇ ਮੁਜੱਸਮੇ ਵਜੋਂ ਉੱਭਰ ਕੇ ਸਾਹਮਣੇ ਆਈ ਸੀ: 1. ਨੈਤਿਕ ਸਿਆਸਤ, 2. ਚੰਗਾ ਸ਼ਾਸਨ ਅਤੇ 3. ਮਜ਼ਬੂਤ ਚੁਣਾਵੀ ਜਮਾਤ। ਸ਼ੱਕੀ ਤੇ ਦਾਗ਼ੀ ਉਮੀਦਵਾਰਾਂ ਨੂੰ ਸ਼ਾਮਲ ਕਰਕੇ ਇਹ ਸੂਝਵਾਨ ਨਾਗਰਿਕਾਂ ਲਈ ਲੰਬਾ ਸਮਾਂ ਪਹਿਲਾਂ ਹੀ ਨੈਤਿਕ ਸਿਆਸਤ ਵਾਲਾ ਆਪਣਾ ਅਕਸ ਗੁਆ ਚੁੱਕੀ ਹੈ, ਖ਼ੁਦ ਦੇ ਲੋਕਪਾਲ ਨੂੰ ਗ਼ੈਰਰਸਮੀ ਢੰਗ ਨਾਲ ਹਟਾ ਕੇ 'ਆਪ' ਪਹਿਲਾਂ ਹੀ ਨੈਤਿਕ ਪੱਧਰ 'ਤੇ ਆਪਣੀ ਮੌਤ ਦਾ ਸੰਕੇਤ ਦੇ ਚੁੱਕੀ ਹੈ।

ਚੰਗੇ ਸ਼ਾਸਨ ਦਾ ਵਾਅਦਾ ਵੀ ਪੂਰੀ ਤਰ੍ਹਾਂ ਝੁਠਲਾਇਆ ਜਾ ਚੁੱਕਾ ਹੈ। ਜਦੋਂਕਿ ਭਾਜਪਾ ਨੇ 'ਆਪ' ਦੇ ਮਾੜੇ ਕੰਮਾਂ ਨੂੰ ਉਜਾਗਰ ਕਰਨ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਕਠੋਰ ਸੱਚ ਇਹ ਹੈ ਕਿ ਅਜੇ ਬਹੁਤ ਸਾਰੇ ਮਾੜੇ ਕੰਮਾਂ ਦਾ ਪਰਦਾਫਾਸ਼ ਹੋਣਾ ਬਾਕੀ ਹੈ। ਇਹ ਵਾਰ–ਵਾਰ ਸਾਹਮਣੇ ਆ ਰਿਹਾ ਹੈ ਕਿ 'ਆਪ' ਸਰਕਾਰ ਸ਼ਾਸਨ ਦੀ ਮੁੱਢਲੀ ਵਿਆਕਰਣ ਨੂੰ ਵੀ ਨਹੀਂ ਸਮਝ ਪਾ ਰਹੀ ਹੈ।

ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੇ ਪਹਿਲਾਂ ਹੀ ਇਹ ਸਾਹਮਣੇ ਲਿਆਂਦਾ ਹੋਇਆ ਹੈ ਕਿ 'ਆਪ' ਸਰਕਾਰ ਨੇ ਦਿੱਲੀ ਦਾ ਰਾਜ ਪ੍ਰਬੰਧ ਚਲਾਉਣ ਵਿੱਚ ਕਿਵੇਂ ਸੰਵਿਧਾਨਕ ਉਲੰਘਣਾਵਾਂ ਕੀਤੀਆਂ ਹੋਈਆਂ ਹਨ। ਚੋਣ ਕਮਿਸ਼ਨ ਅੱਗੇ ਬਕਾਇਆ ਪਏ 'ਮੁਨਾਫ਼ੇ ਦਾ ਅਹੁਦਾ' ਕੇਸ ਵਿੱਚ ਇਹ ਸਪਸ਼ਟ ਜ਼ਿਕਰ ਹੈ ਕਿ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਲਈ 'ਆਪ' ਸਰਕਾਰ ਨੇ ਇਸ ਸਬੰਧੀ ਕਾਨੂੰਨਾਂ ਦੀਆਂ ਧੱਜੀਆਂ ਕਿਵੇਂ ਉਡਾਈਆਂ ਹਨ। ਹੁਣ, ਸ਼ੁੰਗਲੂ ਕਮੇਟੀ, ਜਿਹੜੀ ਤਿੰਨ ਬਹੁਤ ਇਮਾਨਦਾਰ ਸਾਬਕਾ ਅਧਿਕਾਰੀਆਂ 'ਤੇ ਅਧਾਰਿਤ ਹੈ, ਨੇ ਕਈ ਅਜਿਹੇ ਮਾਮਲੇ ਸਾਹਮਣੇ ਲਿਆਂਦੇ ਹਨ ਜਿਨ੍ਹਾਂ ਵਿੱਚ ਕਾਨੂੰਨਾਂ–ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ ਜਦੋਂ ਕਿ ਅਜਿਹੀ ਪਾਲਣਾ ਦੀ ਕਿਸੇ ਵੀ ਸਰਕਾਰ ਕੋਲੋਂ ਆਸ ਕੀਤੀ ਜਾਂਦੀ ਹੈ। ਇਹ ਵੀ ਤੱਥ ਸਾਹਮਣੇ ਹੈ ਕਿ 'ਆਪ' ਵੱਲੋਂ ਪਾਰਟੀ ਚੰਦਿਆਂ ਸਬੰਧੀ ਵੈੱਬਸਾਈਟ ਉੱਪਰ ਪਾਈ ਸੂਚੀ ਅਤੇ ਚੋਣ ਕਮਿਸ਼ਨ ਕੋਲ ਦਾਖ਼ਲ ਕੀਤੀ ਸੂਚੀ ਵਿੱਚ ਬਹੁਤ ਵੱਡਾ ਅੰਤਰ ਹੈ। ਇਸ ਕਰਕੇ ਪਾਰਟੀ ਨੇ ਮਿਲੇ ਦਾਨ ਸਬੰਧੀ ਜਾਣਕਾਰੀ ਲੋਕਾਂ ਕੋਲ ਨਸ਼ਰ ਕਰਨੀ ਬੰਦ ਕਰ ਦਿੱਤੀ ਹੈ।

ਇਹ ਨਿਰੀਆਂ ਪ੍ਰਕਿਰਿਆਵਾਂ ਸਬੰਧੀ ਖ਼ਾਮੀਆਂ ਨਹੀਂ ਹਨ। ਸ਼ੁੰਗਲੂ ਕਮੇਟੀ ਨੇ ਭਾਈ–ਭਤੀਜਾਵਾਦ ਤੇ ਅਹੁਦਿਆਂ ਦੀ ਦੁਰਵਰਤੋਂ ਦੇ ਕਈ ਮਾਮਲੇ ਉਜਾਗਰ ਕੀਤੇ ਹਨ, ਜਿਹੜੇ ਭ੍ਰਿਸ਼ਟ ਸ਼ਾਸਨ ਨਾਲ ਜੁੜੇ ਹੋਏ ਹਨ। ਦਿੱਲੀ ਸਰਕਾਰ ਦੇ ਸਿਹਤ ਮੰਤਰੀ ਨੇ ਆਪਣੀ ਆਰਕੀਟੈਕਟ ਬੇਟੀ ਨੂੰ ਆਪਣੇ ਹੀ ਵਿਭਾਗ ਵਿੱਚ ਸਿਹਤ ਪ੍ਰਾਜੈਕਟ ਦੀ ਨਿਗਰਾਨੀ ਲਈ ਨਿਯੁਕਤ ਕੀਤਾ ਹੈ। ਮੁੱਖ ਮੰਤਰੀ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਪਹਿਲਾਂ ਰੈਜ਼ੀਡੈਂਟ ਡਾਕਟਰ ਤੇ ਫਿਰ ਸਿਹਤ ਮੰਤਰੀ ਦਾ ਓਐੱਸਡੀ ਨਿਯੁਕਤ ਕਰਨ ਵਿੱਚ ਸਾਰੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ। ਪਾਰਟੀ ਦੇ ਬਹੁਤ ਸਾਰੇ ਵਰਕਰਾਂ ਨੂੰ ਪਿਛਲੀਆਂ ਤਰੀਕਾਂ ਵਿੱਚ ਹੁਕਮ ਜਾਰੀ ਕਰਕੇ ਗ਼ੈਰਕਾਨੂੰਨੀ ਸਹੂਲਤਾਂ ਦਿੰਦਿਆਂ ਸਰਕਾਰੀ ਪੁਜ਼ੀਸ਼ਨਾਂ ਦਿੱਤੀਆਂ ਹਨ। ਇੱਥੇ ਹੀ ਬਸ ਨਹੀਂ, ਤੱਥ ਇਹ ਵੀ ਹੈ ਕਿ ਪਾਰਟੀ ਦੇ ਤਿੰਨ ਮੰਤਰੀਆਂ ਨੂੰ ਧੋਖਾਧੜੀ, ਜਾਅਲਸਾਜ਼ੀ ਤੇ ਨੈਤਿਕ ਗਿਰਾਵਟ ਵਰਗੇ ਆਧਾਰਾਂ 'ਤੇ ਅਸਤੀਫ਼ੇ ਦੇਣੇ ਪਏ। ਇਹ ਵੀ ਤੱਥ ਹੈ ਕਿ ਪਾਰਟੀ ਦੇ ਪ੍ਰਚਾਰ ਲਈ ਰਾਜ ਸਰਕਾਰ ਨੇ ਜਿੱਥੇ ਵੱਡੇ ਪੱਧਰ 'ਤੇ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ, ਉੱਥੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਖ਼ਿਲਾਫ਼ ਵਿੱਢੀ ਸਿਆਸੀ ਲੜਾਈ ਵਿੱਚ ਆਪਣੇ ਆਪ ਨੂੰ ਕਾਨੂੰਨੀ ਪੱਖ ਤੋਂ ਬਚਾਉਣ ਲਈ ਸਰਕਾਰੀ ਖ਼ਜ਼ਾਨੇ ਵਿੱਚੋਂ ਵੱਡੀ ਰਾਸ਼ੀ ਖ਼ਰਚਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਸੁਸ਼ਾਸਨ ਤੇ ਨੈਤਿਕ ਸਿਆਸਤ ਕਰਨ ਦੇ ਦਾਅਵੇ ਕਰਨ ਵਾਲੀ 'ਆਪ' ਹੁਣ ਚੋਣ ਵਿਹਾਰਕਤਾ ਦੀ ਖੇਡ ਤਕ ਸੀਮਤ ਰਹਿ ਗਈ ਹੈ।

ਇਸ ਦਾ ਦਾਅਵਾ ਕਿ ਭਾਜਪਾ ਨਾਲ ਟੱਕਰ ਲੈਣ ਦੇ ਕੇਵਲ ਉਹ ਹੀ ਸਮਰੱਥ ਹੈ, ਪੰਜਾਬ ਤੇ ਗੋਆ ਦੇ ਚੋਣ ਨਤੀਜਿਆਂ ਨੇ ਹਵਾ ਵਿਚ ਉਡਾ ਦਿੱਤਾ ਹੈ। ਹਾਰ ਲਈ ਈਵੀਐੱਮਜ਼ ਦੀ ਗੜਬੜ ਦਾ ਦੋਸ਼ ਮੜ੍ਹਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਹੁਣ ਦਿੱਲੀ ਨਗਰ ਨਿਗਮ ਚੋਣਾਂ ਲਈ ਹਾਊਸ ਟੈਕਸ ਖ਼ਤਮ ਕਰਨ ਦੇ ਵਾਅਦੇ ਕੀਤੇ ਗਏ ਹਨ, ਜਿਸ ਵਿਚੋਂ ਮਾਯੂਸੀ ਝਲਕਦੀ ਹੈ। ਅਸੀਂ ਨਹੀਂ ਜਾਣਦੇ ਕਿ 'ਆਪ' ਦੀ ਚੋਣ ਮਸ਼ੀਨ, ਇਸ ਦੀ ਨੈਤਿਕ ਤੇ ਸਿਆਸੀ ਪ੍ਰਾਜੈਕਟ ਵਜੋਂ ਮੌਤ ਨੂੰ ਕਦੋਂ ਤਕ ਬਚਾਈ ਰੱਖਦੀ ਹੈ। ਅਸੀਂ ਇਹ ਵੀ ਨਹੀਂ ਜਾਣਦੇ ਕਿ ਇਹ ਹੱਤਿਆ ਹੋਵੇਗੀ ਜਾਂ ਖ਼ੁਦਕੁਸ਼ੀ। ਪਰ ਅਸੀਂ ਇਹ ਜਾਣਦੇ ਹਾਂ ਕਿ ਕਿਸੇ ਵੀ ਤਰ੍ਹਾਂ ਇਹ ਲੋਕਤੰਤਰ ਲਈ ਚੰਗਾ ਨਹੀਂ ਹੋਵੇਗਾ।

## ਪੱਤਰਕਾਰ ਦੀ ਕੁੱਟਮਾਰ ਦਾ ਮਾਮਲਾ- ਰਾਜਾ ਵੜਿੰਗ ਦੇ ਪੀ.ਏ ਤੇ ਯੂਨੀਅਨ ਪ੍ਰਧਾਨ ਖ਼ਿਲਾਫ਼ ਕੇਸ ਦਰਜ

*ਹਮਲਾਵਰਾਂ 'ਤੇ ਸ਼ਰਾਬ 'ਚ ਪਿਸ਼ਾਬ ਮਿਲਾ ਕੇ ਜਬਰੀ ਪਿਲਾਉਣ ਦਾ ਦੋਸ਼*



ਟਰੱਕ ਯੂਨੀਅਨ ਗਿੱਦੜਬਾਹਾ ਦੀ ਪ੍ਰਧਾਨਗੀ ਮੌਕੇ ਵਿਧਾਇਕ ਰਾਜਾ ਵੜਿੰਗ ਯੂਨੀਅਨ ਦੇ ਨਵੇਂ ਕਾਂਗਰਸੀ ਪ੍ਰਧਾਨ ਚਰਨਜੀਤ ਢਿੱਲੋਂ (ਹਮਲਾਵਰ) ਨਾਲ।

**ਬਠਿੰਡਾ/ਬਿਊਰੋ ਨਿਊਜ਼ :**
ਇਕ ਪੰਜਾਬੀ ਅਖ਼ਬਾਰ ਦੇ ਗਿੱਦੜਬਾਹਾ ਤੋਂ ਪੱਤਰਕਾਰ ਸ਼ਿਵਰਾਜ ਰਾਜੂ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਕੈਪਟਨ ਸਰਕਾਰ ਕਟਹਿਰੇ ਵਿੱਚ ਹੈ। ਗਿੱਦੜਬਾਹਾ ਪੁਲੀਸ ਨੇ ਹਲਕਾ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿੱਜੀ ਸਕੱਤਰ ਵਜੋਂ ਵਿਚਰਦੇ ਜਸਪ੍ਰੀਤ ਭਲਾਈਆਣਾ ਖ਼ਿਲਾਫ਼ ਪੁਲੀਸ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਟਰੱਕ ਯੂਨੀਅਨ ਗਿੱਦੜਬਾਹਾ ਦੇ ਪ੍ਰਧਾਨ ਚਰਨਜੀਤ ਸਿੰਘ ਢਿੱਲੋਂ ਅਤੇ 15 ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਸੀ। ਹਮਲਾਵਰ ਚਰਨਜੀਤ ਸਿੰਘ ਫਰਾਰ ਹੈ।
ਪੀੜਤ ਪੱਤਰਕਾਰ ਸ਼ਿਵਰਾਜ ਰਾਜੂ ਬਠਿੰਡਾ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ, ਜਿਸ ਨੇ ਮੁੱਖ ਮੰਤਰੀ ਵੱਲੋਂ ਕੀਤੀ ਸੁਰੱਖਿਆ ਦੀ ਪੇਸ਼ਕਸ਼ ਠੁਕਰਾ ਦਿੱਤੀ। ਉਸ ਨੇ ਉਦੋਂ ਤੱਕ ਹਸਪਤਾਲ ਵਿੱਚੋਂ ਨਾ ਜਾਣ ਦਾ ਫੈਸਲਾ ਕੀਤਾ ਹੈ, ਜਦੋਂ ਤੱਕ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ। ਪੀੜਤ ਨੇ ਇਸ ਹਮਲੇ ਪਿੱਛੇ ਜਸਪ੍ਰੀਤ ਭਲਾਈਆਣਾ ਦਾ ਪੂਰਾ ਹੱਥ ਦੱਸਿਆ। ਬਠਿੰਡਾ ਪ੍ਰੈੱਸ ਕਲੱਬ ਦੀ ਅਗਵਾਈ ਵਿੱਚ ਪੱਤਰਕਾਰ ਭਾਈਚਾਰੇ ਨੇ ਬਠਿੰਡਾ ਜ਼ੋਨ ਦੇ ਆਈਜੀ ਕੋਲ ਮਾਮਲਾ ਉਠਾਇਆ ਸੀ। ਦੱਸਣਯੋਗ ਹੈ ਕਿ ਪੱਤਰਕਾਰ ਰਾਜੂ ਨੇ ਟਰੱਕ ਯੂਨੀਅਨ ਦੇ ਪ੍ਰਧਾਨ ਚਰਨਜੀਤ ਢਿੱਲੋਂ ਬਾਰੇ ਖ਼ਬਰ ਪ੍ਰਕਾਸ਼ਤ ਕੀਤੀ ਸੀ, ਜਿਸ ਤੋਂ ਪ੍ਰਧਾਨ ਭੜਕ ਉੱਠਿਆ ਅਤੇ ਉਸ ਨੇ ਸਾਥੀਆਂ ਨਾਲ 'ਰਾਜੂ ਸਟੂਡੀਓ' ਉਤੇ ਜਾ ਕੇ ਪੱਤਰਕਾਰ ਰਾਜੂ ਦੀ ਕੁੱਟਮਾਰ ਕੀਤੀ। ਰਾਜੂ ਦਾ ਕਹਿਣਾ ਹੈ ਕਿ ਹਮਲਾਵਰਾਂ ਨੇ ਸ਼ਰਾਬ ਵਿੱਚ ਪਿਸ਼ਾਬ ਮਿਲਾ ਕੇ ਉਸ ਨੂੰ ਜਬਰੀ ਪਿਲਾਇਆ ਅਤੇ ਨੱਕ ਨਾਲ ਲਕੀਰਾਂ ਕਢਵਾਈਆਂ। ਚੰਡੀਗੜ੍ਹ ਅਤੇ ਜਲੰਧਰ ਦੇ ਪ੍ਰੈੱਸ ਕਲੱਬਾਂ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰਾ ਇੱਕਜੁੱਟ ਹੋ ਕੇ ਲੜਾਈ ਵਿੱਚ ਕੁੱਦ ਪਿਆ ਹੈ। ਜਦੋਂ ਚਰਨਜੀਤ ਢਿੱਲੋਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਟਰੱਕ ਯੂਨੀਅਨ ਗਿੱਦੜਬਾਹਾ ਦੀ ਪ੍ਰਧਾਨਗੀ ਸੰਭਾਲੀ ਸੀ ਤਾਂ ਉਦੋਂ ਹਲਕਾ ਵਿਧਾਇਕ ਰਾਜਾ ਵੜਿੰਗ ਪ੍ਰਧਾਨਗੀ ਸਮਾਗਮ ਵਿੱਚ ਪੁੱਜੇ ਸਨ।
ਵਿਧਾਇਕ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਜੇ ਪੁਲੀਸ ਪੜਤਾਲ ਵਿੱਚ ਉਨ੍ਹਾਂ ਨਾਲ ਜੁੜਿਆ ਕੋਈ ਵੀ ਵਿਅਕਤੀ ਕਸੂਰਵਾਰ ਪਾਇਆ ਗਿਆ ਤਾਂ ਉਹ ਫੌਰੀ ਅਹੁਦਿਆਂ ਤੋਂ ਲਾਂਭੇ ਕਰ ਦੇਣਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਇਸ ਮਾਮਲੇ ਵਿੱਚ ਕੋਈ ਭੂਮਿਕਾ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਆਮ ਆਦਮੀ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਗਿੱਦੜਬਾਹਾ ਕਾਂਡ ਦੀ ਨਿਖੇਧੀ ਕੀਤੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਮੀਡੀਆ ਨੂੰ ਵੀ ਬਦਲਾਖੋਰੀ ਦੀ ਸਿਆਸਤ ਦੇ ਘੇਰੇ ਵਿੱਚ ਲੈ ਲਿਆ ਗਿਆ ਹੈ। ਸ੍ਰੀ ਘੁੱਗੀ ਨੇ ਕਿਹਾ ਕਿ ਇਹ ਪ੍ਰੈੱਸ ਦੀ ਆਜ਼ਾਦੀ ਉਤੇ ਹਮਲਾ ਹੈ।
ਇਸ ਬਾਰੇ ਬਠਿੰਡਾ ਜ਼ੋਨ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਦਾ ਕਹਿਣਾ ਹੈ ਕਿ ਪੁਲੀਸ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਪੁਲੀਸ ਟੀਮਾਂ ਭੇਜ ਦਿੱਤੀਆਂ ਹਨ ਅਤੇ ਜਲਦੀ ਮੁਲਜ਼ਮ ਗ੍ਰਿਫ਼ਤਾਰ ਕਰ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਪੀੜਤ ਪੱਤਰਕਾਰ ਨੇ ਸੁਰੱਖਿਆ ਲੈਣ ਤੋਂ ਇਨਕਾਰ ਕੀਤਾ ਹੈ।
ਕੈਪਟਨ ਬੋਲੇ- ਸਰਕਾਰੀ ਕੰਮਕਾਜ ਵਿੱਚ ਦਖ਼ਲਅੰਦਾਜ਼ੀ ਅਸਹਿਣਯੋਗ: ਚੰਡੀਗੜ੍ਹ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਦੇ ਸਾਥੀਆਂ ਨੂੰ ਪ੍ਰਸ਼ਾਸਨਿਕ ਤੇ ਪੁਲੀਸ ਦੇ ਕੰਮਕਾਜ ਵਿੱਚ ਦਖ਼ਲਅੰਦਾਜ਼ੀ ਨਾ ਕਰਨ ਦੀ ਤਾੜਨਾ ਕਰਦਿਆਂ ਆਖਿਆ ਕਿ ਇਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਗਿੱਦੜਬਾਹਾ ਦੇ ਪੱਤਰਕਾਰ 'ਤੇ ਹਮਲੇ ਦੀ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਇਹ ਮਾਮਲਾ ਮੈਰਿਟ ਦੇ ਆਧਾਰ ਉਤੇ ਨਿਬੇੜਨ ਦੇ ਹੁਕਮ ਦਿੱਤੇ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ ਪੱਤਰਕਾਰ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੇ ਹੁਕਮ ਵੀ ਦਿੱਤੇ ਗਏ ਅਤੇ ਉਸ ਦਾ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਇਲਾਜ ਵੀ ਕਰਵਾਇਆ ਜਾ ਰਿਹਾ ਹੈ।

# ਮਾਮਲਾ ਵੋਟਿੰਗ ਮਸ਼ੀਨਾਂ ਦਾ ਨਹੀਂ, ਇਤਬਾਰ ਦਾ ਹੈ

**ਚੋਣ ਕਮਿਸ਼ਨ ਦਾ ਇਹ ਫ਼ਰਜ਼ ਹੀ ਬਣਦਾ ਹੈ ਕਿ ਉਹ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੇ ਹੱਕ ਤੇ ਬਚਾਅ ਵਿੱਚ ਬੋਲੇ; ਉਹ ਬੋਲਿਆ ਜ਼ਰੂਰ ਪਰ ਕੁਝ ਖਿੱਝ ਕੇ। ਇਹ ਸਹੀ ਹੈ ਕਿ ਹਾਰਨ ਵਾਲੇ ਕੁਝ ਜ਼ਿਆਦਾ ਹੀ ਗਿਲੇ-ਸ਼ਿਕਵੇ ਕਰਦੇ ਆ ਰਹੇ ਹਨ ਤੇ ਹਾਰ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ। ਪਰ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਵਾਲੇ ਵੱਖੋ-ਵੱਖਰੇ ਸੂਬਿਆਂ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਨੁਕਸਦਾਰ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਦੇ ਜਵਾਬ ਵਿੱਚ ਕਮਿਸ਼ਨ ਦਾ ਹੁੰਗਾਰਾ ਪੂਰੀ ਤਰ੍ਹਾਂ ਭਰੋਸਾ ਪੈਦਾ ਕਰਨ ਵਾਲਾ ਨਹੀਂ ਸੀ।**

**ਹਰੀਸ਼ ਖਰੇ**



ਇਹ ਗੱਲ 12 ਜੂਨ 1975 ਦੀ ਹੈ। ਉਸ ਦਿਨ ਅਲਾਹਾਬਾਦ ਹਾਈ ਕੋਰਟ ਨੇ ਉਦੋਂ ਦੇ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਦੀ ਚੋਣ ਹੀ ਰੱਦ ਕਰ ਦਿੱਤੀ ਸੀ। ਉਹ ਬੇਹੱਦ ਤਬਾਹਕੁਨ ਫ਼ੈਸਲਾ ਸੀ। ਇਸ ਫ਼ੈਸਲੇ ਦਾ ਆਧਾਰ ਹੀ ਇੱਕੋ ਇੱਕ ਨੁਕਤਾ ਸੀ ਕਿ ਸੰਸਦੀ ਜਮਹੂਰੀਅਤ ਦੀ ਬੇਹੱਦ ਬੁਨਿਆਦੀ ਲੋੜ ਅਨੁਸਾਰ ਕਿਸੇ ਚੋਣ-ਮੁਕਾਬਲੇ ਦੌਰਾਨ ਕਿਸੇ ਵੀ ਇੱਕ ਉਮੀਦਵਾਰ, ਸਮੂਹ ਜਾਂ ਪਾਰਟੀ ਨੂੰ ਅਸਮਾਨ ਜਾਂ ਨਾਬਰਾਬਰ ਲਾਭ ਨਹੀਂ ਮਿਲਣਾ ਚਾਹੀਦਾ। ਉਸ ਤੋਂ ਬਾਅਦ ਭਾਵੇਂ ਬਹੁਤ ਸਾਰੇ ਇਤਿਹਾਸਕਾਰ ਇਸ ਖ਼ਿਆਲ ਦਾ ਇਜ਼ਹਾਰ ਕਰ ਚੁੱਕੇ ਹਨ ਕਿ ਅਲਾਹਾਬਾਦ ਹਾਈ ਕੋਰਟ ਦਾ ਫ਼ੈਸਲਾ ਕੁਝ ਵਧੇਰੇ ਹੀ ਸਖ਼ਤ ਅਤੇ ਜੁਰਮ ਦੇ ਅਨੁਪਾਤ ਵਿੱਚ ਜ਼ਿਆਦਾ ਹੀ ਬੇਮੇਲ ਸੀ, ਫਿਰ ਵੀ ਇਸ ਰਾਹੀਂ ਸਾਡੇ ਚੁਣਾਵੀ ਲੋਕਤੰਤਰ ਨੂੰ ਵੱਧ ਮੁਨਸਿਫ਼ਾਨਾ ਬਣਾਉਣ ਦੀ ਚਾਹਤ, ਦਮ ਹਾਸਲ ਕਰ ਗਈ। ਇਹ ਚਾਹਤ ਅਜੇ ਤਕ ਅੰਸ਼ਕ ਰੂਪ ਵਿੱਚ ਹੀ ਅਮਲੀ ਸਰੂਪ ਹਾਸਲ ਕਰ ਸਕੀ ਹੈ।
ਇੱਥੇ ਵਰਨਣਯੋਗ ਹੈ ਕਿ ਸਾਡੀਆਂ ਪਹਿਲੀਆਂ ਆਮ ਚੋਣਾਂ ਅਕਤੂਬਰ 1951 ਤੋਂ ਲੈ ਕੇ ਫ਼ਰਵਰੀ 1952 ਤਕ ਦੇ ਸਮੇਂ ਦੌਰਾਨ ਭਾਵ ਚਾਰ ਮਹੀਨਿਆਂ ਦੇ ਸਮੇਂ ਵਿਚ ਮੁਕੰਮਲ ਹੋਈਆਂ ਸਨ। ਉਦੋਂ ਕੋਈ ਆਦਰਸ਼ ਚੋਣ ਜ਼ਾਬਤਾ ਲਾਗੂ ਨਹੀਂ ਹੁੰਦਾ ਸੀ; ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ ਆਪਣਾ ਕੰਮਕਾਜ ਆਮ ਵਾਂਗ ਜਾਰੀ ਰੱਖਦੀਆਂ ਸਨ; ਚੋਣ ਕਮਿਸ਼ਨ ਦੇ ਅਧਿਕਾਰਾਂ ਤੇ ਫ਼ਰਜ਼ਾਂ ਦਾ ਘੇਰਾ ਵੀ ਆਪਣੇ-ਆਪ ਵਿੱਚ ਬਹੁਤ ਸੀਮਤ ਹੁੰਦਾ ਸੀ। ਪਰ ਕਦੇ ਕਿਸੇ ਨੂੰ ਉਸ ਚੋਣ-ਪ੍ਰਕਿਰਿਆ ਦੀ ਸਵੱਛਤਾ ਤੇ ਨਿਰਪੱਖਤਾ ਉੱਤੇ ਕੋਈ ਸ਼ੱਕ ਨਹੀਂ ਹੋਇਆ ਸੀ; ਅਤੇ ਭਾਰਤ ਨੇ ਲੋਕਤੰਤਰ ਦੇ ਮੁਢਲੇ ਮਾਪਦੰਡ ਹਾਸਲ ਕਰ ਲਏ ਸਨ - ਜੇਤੂ ਤੇ ਹਾਰੇ ਹੋਏ ਉਮੀਦਵਾਰਾਂ ਨੇ ਇਹ ਤਸਦੀਕ ਕਰ ਦਿੱਤੀ ਸੀ ਕਿ ਉਸ ਮੁਕਾਬਲੇ ਵਿੱਚ ਜਿੱਤ ਜਾਂ ਹਾਰ ਬਹੁਤ ਨਿਆਂਪੂਰਨ ਤਰੀਕੇ ਨਾਲ ਹੋਈ ਸੀ। ਪਰ ਭਾਰਤ ਨੇ ਤਾਂ 1952 ਵਿਚ ਨਹਿਰੂ ਦੇ ਭਾਰਤ ਤੋਂ 1971 ਵਿਚ ਇੰਦਰਾ ਦੇ ਭਾਰਤ ਵਿੱਚ ਤਬਦੀਲ ਹੋਣਾ ਸੀ। ਤਦ ਤਕ ਸਿਆਸੀ ਜਮਾਤ ਆਜ਼ਾਦੀ ਤੋਂ ਬਾਅਦ ਦੀ ਵਾਜਬੀਅਤ ਗੁਆ ਚੁੱਕੀ ਸੀ; ਸਿਆਸੀ ਪਾਰਟੀਆਂ ਨੂੰ ਤਾਕਤ ਹਾਸਲ ਕਰਨ ਦੀ ਵਹਿਸ਼ੀਆਨਾ ਇੱਛਾ-ਪ੍ਰਾਪਤੀ ਦੇ ਵਹਿਸ਼ੀਆਨਾ ਸੰਦ ਸਮਝਿਆ ਜਾਣ ਲੱਗਾ ਸੀ; ਅਤੇ ਸਿਆਸੀ ਆਗੂਆਂ - ਜਿਨ੍ਹਾਂ ਵਿੱਚ ਕੇਂਦਰ ਸਰਕਾਰ ਦੀ ਅਗਵਾਈ ਕਰਨ ਵਾਲੇ ਵੀ ਸ਼ਾਮਲ ਸਨ - ਨੂੰ ਸੱਤਾ ਦੇ ਭੁੱਖੇ, ਖ਼ੁਦਗਰਜ਼ ਅਤੇ ਪ੍ਰਲੋਭਕਾਰੀਆਂ ਵਜੋਂ ਵੇਖਿਆ ਜਾਣ ਲੱਗਾ ਸੀ। ਜਮਹੂਰੀਅਤ ਉਦੋਂ ਤਕ 'ਭਦਰਪੁਰਸ਼ਾਂ ਦੀ ਖੇਡ' ਨਹੀਂ ਸੀ ਰਹੀ।
ਇੱਕ ਵਾਰ ਜਦੋਂ ਮਾਰਚ 1971 ਵਿੱਚ ਰਾਏ ਬਰੇਲੀ ਤੋਂ ਇੰਦਰਾ ਗਾਂਧੀ ਦੀ ਲੋਕ ਸਭਾ ਲਈ ਹੋਈ ਚੋਣ ਨੂੰ ਰੱਦ ਕਰ ਦਿੱਤਾ ਗਿਆ ਅਤੇ ਉਦੋਂ ਤੋਂ ਸਰਕਾਰੀ ਵਿਵਸਥਾ ਚੋਣਾਂ ਦੇ ਸਮੇਂ ਸਮਾਨਤਾ ਦੇ ਵਿਹਾਰ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿੱਚ ਲੱਗ ਗਈ ਸੀ। ਤਦ ਇੱਕ ਅਜਿਹੇ ਸ਼ਕਤੀਸ਼ਾਲੀ ਰੈਫ਼ਰੀ ਦੀ ਘਾਟ ਸੀ, ਜਿਸ ਦੀ ਜੇਬ ਵਿੱਚ ਪੀਲੇ ਅਤੇ ਲਾਲ ਕਾਰਡ ਹੋਣ ਅਤੇ ਉਸ ਵਿੱਚ ਇੰਨਾ ਕੁ ਦਮ ਹੋਵੇ ਕਿ ਗ਼ਲਤੀ ਕਰਨ ਵਾਲੇ ਖਿਡਾਰੀ ਨੂੰ ਉਹ ਖੇਡ ਦੇ ਮੈਦਾਨ ਵਿਚੋਂ ਬਾਹਰ ਭੇਜ ਸਕੇ। ਦਰਅਸਲ ਟੀ.ਐੱਨ. ਸੇਸ਼ਨ ਨਾਂਅ ਦੇ ਇੱਕ ਬੁੱਧੀਜੀਵੀ ਦੇ ਨਿਰਵਾਚਨ ਸਦਨ ਵਿਚ ਆਉਣ ਤਕ ਇੰਜ ਹੀ ਚੱਲਦਾ ਰਿਹਾ। ਉਨ੍ਹਾਂ ਨੇ ਕਰਮ ਤੇ ਫ਼ਲ ਬਦਲਣ ਦੀ ਚੋਣ ਕਮਿਸ਼ਨ ਦੀ ਸਮਰੱਥਾ ਨੂੰ ਪਛਾਣਿਆ। ਦੇਸ਼ ਨੇ ਸੇਸ਼ਨ ਦੀ ਸ਼ਲਾਘਾ ਕੀਤੀ ਕਿਉਂਕਿ ਉਨ੍ਹਾਂ ਨੇ ਕਮਿਸ਼ਨ ਦੀ ਸੰਸਥਾਗਤ ਖ਼ੁਦਮੁਖ਼ਤਿਆਰੀ ਦਾ ਘੇਰਾ ਵਿਸ਼ਾਲ ਕੀਤਾ ਭਾਵੇਂ ਕਿ ਉਨ੍ਹਾਂ ਅਜਿਹਾ ਕਰਦਿਆਂ ਸਮੇਂ ਦੀ ਸਿਆਸੀ ਕਾਰਜਪਾਲਿਕਾ ਨੂੰ ਵੀ ਟੱਕਰ ਦੇਣ ਤੋਂ ਗੁਰੇਜ਼ ਨਹੀਂ ਕੀਤਾ। ਖ਼ੁਦਮੁਖ਼ਤਿਆਰੀ ਅਤੇ ਪ੍ਰਭਾਵਕਤਾ ਦੀ ਉਹ ਖੋਜ ਹਾਲੇ ਵੀ ਜਾਰੀ ਹੈ।
ਆਪਣੀਆਂ ਸੰਵਿਧਾਨਕ ਮਾਨਤਾਵਾਂ ਅਤੇ ਸਮੇਂ-ਸਮੇਂ 'ਤੇ ਸੁਪਰੀਮ ਕੋਰਟ ਤੋਂ ਮਿਲਦੀ ਹਮਾਇਤ ਦੇ ਬਾਵਜੂਦ ਚੋਣ ਕਮਿਸ਼ਨ ਦੀ ਇੱਕ ਸੰਸਥਾ ਵਜੋਂ ਕਾਰਗੁਜ਼ਾਰੀ ਇਸ ਦੇ ਤਿੰਨੇ ਕਮਿਸ਼ਨਰਾਂ ਦੇ ਕੰਮ-ਢੰਗ ਦੇ ਮਿਆਰਾਂ ਅਤੇ ਸੇਧ ਦੇਣ ਦੀ ਉਨ੍ਹਾਂ ਦੀ ਸਮਰੱਥਾ ਉੱਤੇ ਨਿਰਭਰ ਕਰਦੀ ਆਈ ਹੈ। ਜਦੋਂ ਇੱਕ ਰਾਜ-ਵਿਵਸਥਾ, ਜੋ ਦਿਨ-ਬਦਿਨ ਅਸੱਭਿਅਕ, ਵਧੇਰੇ ਪੱਖਪਾਤੀ ਤੇ ਅੜਬ ਹੁੰਦੀ ਜਾ ਰਹੀ ਹੋਵੇ, ਤਾਂ ਚੋਣ ਕਮਿਸ਼ਨਰ, ਜੋ ਕਿ ਇਸ ਅਹੁਦੇ ਤੋਂ ਨਿਯੁਕਤੀ ਤੋਂ ਪਹਿਲਾਂ ਉੱਚ ਸਰਕਾਰੀ ਅਫ਼ਸਰ ਸਨ, ਆਪਣੇ ਆਪ ਨੂੰ ਉਸ ਕਸੂਤੀ ਸਥਿਤੀ ਵਿੱਚ ਫਸਿਆ ਦੇਖਦੇ ਹਨ, ਜਿੱਥੇ ਉਨ੍ਹਾਂ ਤੋਂ ਨਿਰਪੱਖਤਾ ਤੇ ਬੇਲਾਗ਼ਤਾ ਦੇ ਉੱਚ ਮਿਆਰਾਂ ਦੀ ਤਵੱਕੋ ਕੀਤੀ ਜਾਂਦੀ ਹੈ। ਸਾਰੇ ਕਮਿਸ਼ਨਰਾਂ ਦਾ ਆਪਣੇ ਕਾਰਜ ਤੇ ਫਰਜ਼ਾਂ ਦੇ ਹਾਣ ਦਾ ਸਾਬਤ ਹੋਣਾ ਜ਼ਰੂਰੀ ਨਹੀਂ। ਜਦੋਂ ਇੱਕ ਮੁੱਖ ਮੰਤਰੀ ਨੇ ਬੇਹੱਦ ਮੱਕਾਰੀ ਨਾਲ ਇਹ ਜਚਾਉਣ ਦਾ ਯਤਨ ਕੀਤਾ ਸੀ ਕਿ ਕਿਉਂਕਿ ਇੱਕ ਮੁੱਖ ਚੋਣ ਕਮਿਸ਼ਨਰ ਦਾ ਨਾਮ ਜੇਮਜ਼ ਮਾਈਕਲ ਲਿੰਗਦੋਹ ਸੀ, ਇਸ ਲਈ ਉਹ ਨਿਰਪੱਖ 'ਅੰਪਾਇਰ' ਨਹੀਂ ਹੋ ਸਕਦਾ ਤਾਂ ਉਸ ਸਮੇਂ ਕਮਿਸ਼ਨ




ਦਾ ਸੰਸਥਾਗਤ ਵੱਕਾਰ ਇੰਨਾ ਕੁ ਮਜ਼ਬੂਤ ਸੀ ਕਿ ਉਹ ਅਜਿਹੇ ਗੁੱਝੇ ਕਟਾਖਸ਼ ਨੂੰ ਝੱਲ ਗਿਆ ਅਤੇ ਉਹ ਵੀ ਆਪਣੇ ਵੱਕਾਰ ਤੇ ਕੰਮ ਵਿੱਚ ਕੋਈ ਤਬਦੀਲੀ ਲਿਆਂਦੇ ਬਿਨਾਂ। ਪਰ ਕਮਿਸ਼ਨ ਦਾ ਵੱਕਾਰ ਉਸ ਵੇਲੇ ਨਹੀਂ ਵਧਿਆ, ਜਦੋਂ ਇੱਕ ਸਾਬਕਾ ਮੁੱਖ ਚੋਣ ਕਮਿਸ਼ਨਰ ਨੇ ਰਾਜ ਸਭਾ ਮੈਂਬਰ ਵਜੋਂ ਚੋਣ ਲਈ ਇੱਕ ਪਾਰਟੀ ਦੀ ਨਾਮਜ਼ਦਗੀ ਪ੍ਰਵਾਨ ਕਰ ਲਈ ਸੀ ਤੇ ਬਾਅਦ ਵਿਚ ਕੇਂਦਰੀ ਮੰਤਰੀ ਵੀ ਬਣ ਗਿਆ।
ਹਰੇਕ ਸੰਸਥਾ ਨੂੰ ਆਪਣੀ ਜਾਦੂਮਈ ਸ਼ਕਤੀ ਉਸ ਦੇ ਮੁੱਖ ਰਾਹ-ਦਸੇਰਿਆਂ ਤੋਂ ਹੀ ਮਿਲਦੀ ਹੈ। ਨਿਰਵਾਚਨ ਸਦਨ ਵਿੱਚ ਵੀ ਇਹੋ ਕੁਝ ਹੋਇਆ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਕਮਿਸ਼ਨ ਨੂੰ ਇੰਨੀ ਕੁ ਤਾਕਤ ਮਿਲੀ ਹੋਈ ਹੈ ਕਿ ਕਮਿਸ਼ਨਰਾਂ ਦੀਆਂ ਵਿਅਕਤੀਗਤ ਨਾਕਾਮੀਆਂ ਤੇ ਕਮਜ਼ੋਰੀਆਂ ਦੇ ਬਾਵਜੂਦ ਚੋਣ ਪ੍ਰਕਿਰਿਆ ਦੀ ਅਖੰਡਤਾ ਦੇ ਮਜ਼ਬੂਤ ਰਾਖੇ ਦੇ ਤੌਰ 'ਤੇ ਬਣੇ ਹੋਏ ਚੋਣ ਕਮਿਸ਼ਨ ਦੇ ਸੰਸਥਾਗਤ ਅਕਸ ਨੂੰ ਕਦੇ ਕੋਈ ਫ਼ਰਕ ਨਹੀਂ ਪੈਂਦਾ। ਇਹ ਵੱਡੀ ਜਮਹੂਰੀ ਪ੍ਰਾਪਤੀ ਹੈ। ਪਰ ਇੱਥੇ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਚੋਣ ਕਮਿਸ਼ਨ ਜਦੋਂ ਸਿਆਸੀ ਆਗੂਆਂ ਦੀ ਗੋਦੀ ਵਿੱਚ ਬੈਠੇ ਰਹਿਣ ਵਾਲੇ ਪਾਲਤੂ ਕੁੱਤੇ ਤੋਂ ਬੇਹੱਦ ਕੌੜੇ ਬੁਲਡੌਗ ਵਿੱਚ ਤਬਦੀਲ ਹੋਇਆ ਸੀ ਤਾਂ ਉਦੋਂ ਸੱਤਾ ਕਮਜ਼ੋਰ ਕਾਰਜਪਾਲਿਕਾ ਕੋਲ ਸੀ।
ਜਦੋਂ ਸਿਆਸੀ ਕਾਰਜਪਾਲਿਕਾ ਕਮਜ਼ੋਰ ਹੁੰਦੀ ਹੈ ਜਾਂ ਜਦੋਂ ਉਹ ਖ਼ੁਦ ਨੂੰ ਹੀ ਆਪਣੀ ਸੂਹਜ ਤੇ ਸ਼ੰਕਿਆਂ ਜਾਂ ਅੰਦਰੂਨੀ ਵਿਰੋਧਾਂ ਤੇ ਨਾਰਾਜ਼ਗੀਆਂ ਕਾਰਨ ਕਮਜ਼ੋਰ ਬਣਾ ਲੈਂਦੀ ਹੈ, ਤਾਂ ਹੋਰਨਾਂ ਸੰਸਥਾਵਾਂ ਵੱਲੋਂ ਆਪਣਾ ਜ਼ੋਰ ਚਲਾਉਣਾ ਅਤੇ ਆਪਣੀਆਂ ਹੱਦਾਂ ਪਾਰ ਕਰ ਜਾਣਾ ਆਸਾਨ ਹੋ ਜਾਂਦਾ ਹੈ। ਪਰ ਕੋਈ ਸੰਸਥਾਗਤ ਸੰਤੁਲਨ ਕਿਸੇ ਪੱਥਰ ਵਿੱਚ ਘੜਿਆ-ਘੜਾਇਆ ਨਹੀਂ ਪਿਆ ਹੁੰਦਾ; ਜਦੋਂ ਸਮਾਜ ਵਿੱਚ ਸਿਆਸੀ ਤਾਕਤ ਦੀ ਮੁੜ-ਵੰਡ ਹੁੰਦੀ ਹੈ ਤਾਂ ਸੰਸਥਾਵਾਂ ਨੂੰ ਆਪਣੇ ਸਥਾਨ ਤੇ ਆਪਣੀ ਪ੍ਰਭਾਵਿਕਤਾ ਨਵੇਂ ਸਿਰੇ ਤੋਂ ਤੈਅ ਕਰਨੀ-ਕਰਵਾਉਣੀ ਪੈਂਦੀ ਹੈ।
ਮਈ 2014 ਤੋਂ ਭਾਵ ਜਦੋਂ ਚੁਣਾਵੀ ਅਮਲ ਰਾਹੀਂ ਲੋਕ ਸਭਾ ਵਿੱਚ ਇੱਕ ਸਿਆਸੀ ਪਾਰਟੀ ਨੂੰ ਪੂਰਨ ਬਹੁਮੱਤ ਮਿਲ ਗਿਆ, ਤਾਂ ਸੰਵਿਧਾਨਕ ਸੰਸਥਾਵਾਂ ਨੂੰ ਆਪੋ-ਆਪਣੇ ਸਥਾਨ ਤੇ ਆਪੋ-ਆਪਣੀ ਅਹਿਮੀਅਤ ਤੈਅ ਕਰਵਾਉਣ ਲਈ ਚੁੱਪ-ਚੁਪੀਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਸੰਸਥਾਵਾਂ ਵਿਚਾਲੇ ਮੁਕਾਬਲੇ ਦੇ ਇਸ ਸੰਦਰਭ ਵਿੱਚ ਚੋਣ ਕਮਿਸ਼ਨ ਦੀ ਭੂਮਿਕਾ ਚਿੰਤਾ ਦਾ ਕਾਰਨ ਬਣ ਗਈ ਹੈ। ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਇਸ ਨਿਰੰਤਰ ਬੇਚੈਨੀ ਦਾ ਤਾਜ਼ਾ-ਤਰੀਨ ਪ੍ਰਗਟਾਵਾ ਹੈ। ਚੋਣ ਕਮਿਸ਼ਨ ਦਾ ਇਹ ਫ਼ਰਜ਼ ਹੀ ਬਣਦਾ ਹੈ ਕਿ ਉਹ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੇ ਹੱਕ ਤੇ ਬਚਾਅ ਵਿੱਚ ਬੋਲੇ; ਉਹ ਬੋਲਿਆ ਜ਼ਰੂਰ ਪਰ ਕੁਝ ਖਿੱਝ ਕੇ। ਇਹ ਸਹੀ ਹੈ ਕਿ ਹਾਰਨ ਵਾਲੇ ਕੁਝ ਜ਼ਿਆਦਾ ਹੀ ਗਿਲੇ-ਸ਼ਿਕਵੇ ਕਰਦੇ ਆ ਰਹੇ ਹਨ ਤੇ ਹਾਰ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ। ਪਰ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਵਾਲੇ ਵੱਖੋ-ਵੱਖਰੇ ਸੂਬਿਆਂ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਨੁਕਸਦਾਰ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਦੇ ਜਵਾਬ ਵਿੱਚ ਕਮਿਸ਼ਨ ਦਾ ਹੁੰਗਾਰਾ ਪੂਰੀ ਤਰ੍ਹਾਂ ਭਰੋਸਾ ਪੈਦਾ ਕਰਨ ਵਾਲਾ ਨਹੀਂ ਸੀ। ਕਮਿਸ਼ਨ ਨੇ ਆਪਣਾ ਵਿਸ਼ਵਾਸ ਇੱਕ ਖ਼ਾਸ ਤਕਨਾਲੋਜੀ ਵਿੱਚ ਪ੍ਰਗਟਾਇਆ ਹੈ; ਸਾਨੂੰ ਸਭ ਨੂੰ ਬੇਹੱਦ ਨਿਮਰਤਾ ਨਾਲ ਇਹ ਸਮਝਣਾ ਹੋਵੇਗਾ ਕਿ ਕੋਈ ਵੀ ਤਕਨਾਲੋਜੀ ਇਸ ਢੰਗ ਨਾਲ ਅੰਤਿਮ ਨਹੀਂ ਹੈ ਕਿ ਉਸ ਦੀ ਕਦੇ ਦੁਰਵਰਤੋਂ ਹੋ ਹੀ ਨਹੀਂ ਸਕਦੀ। ਜੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੇ ਮਾਮਲੇ ਉੱਤੇ ਸ਼ੰਕੇ ਪੈਦਾ ਹੋਏ ਹਨ, ਤਾਂ ਇਹ ਕਮਿਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਸਾਰੇ ਸ਼ੰਕੇ ਤੁਰੰਤ ਦੂਰ ਕਰੇ। ਇਹ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਬਾਰੇ ਭਰੋਸੇਯੋਗਤਾ ਦੀ ਘਾਟ ਨਹੀਂ, ਜਿਸ ਕਰ ਕੇ ਵੱਖੋ-ਵੱਖਰੀਆਂ ਸਬੰਧਤ ਧਿਰਾਂ ਵਿੱਚ ਭਰਵੀਂ ਬੇਚੈਨੀ ਫੈਲੀ, ਬਲਕਿ ਦਿੱਕਤ ਤਾਂ ਨਿਰਵਾਚਨ ਸਦਨ ਵਿਚਲੀ ਕਥਿਤ ਕਾਇਰਤਾ ਨੇ ਪੈਦਾ ਕੀਤੀ ਹੈ। ਉਦਾਹਰਣ ਵਜੋਂ, ਉੱਤਰ ਪ੍ਰਦੇਸ਼ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਭਗਵਾ ਧਿਰ ਦੀਆਂ ਜ਼ਿਆਦਤੀਆਂ ਦੇ ਸਾਹਮਣੇ ਕਮਿਸ਼ਨ ਦੀ ਹਾਲਤ ਤਰਸਯੋਗ ਤੇ ਮਜਬੂਰਾਂ ਵਾਲੀ ਬਣੀ ਰਹੀ। ਕਮਿਸ਼ਨ ਸਾਹਮਣੇ ਇਹ ਚੁਣੌਤੀ ਸਦਾ ਬਣੀ ਰਹਿੰਦੀ ਹੈ ਕਿ ਉਹ ਇਸ ਸੰਭਾਵਨਾ ਉੱਤੇ ਚੌਕਸ ਨਜ਼ਰ ਰੱਖੇ ਕਿ ਕਿਤੇ ਹੇਠਲੇ ਪੱਧਰ ਦੀ ਸਿਵਲ ਤੇ ਪੁਲੀਸ ਅਫ਼ਸਰਸ਼ਾਹੀ ਸਮੇਂ ਦੀ ਹਾਕਮ ਪਾਰਟੀ ਦੇ ਪੱਖ ਵਿੱਚ ਨਾ ਭੁਗਤੇ। ਅਜਿਹੀ ਮਿਲੀਭੁਗਤ ਦੀ ਸੰਭਾਵਨਾ ਸਦੀਵੀ ਹੀ ਹੁੰਦੀ ਹੈ। ਬਿਲਕੁਲ ਉਵੇਂ ਹੀ ਜਿਵੇਂ ਕਿ ਚੋਣਾਂ ਸਮੇਂ ਸਾਰੀਆਂ ਧਿਰਾਂ ਨੂੰ ਇੱਕੋ ਜਿਹੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਵਿਚਾਰ ਨੂੰ ਸਦੀਵੀ ਖ਼ਤਰਾ ਬਣਿਆ ਰਹਿੰਦਾ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਨਾਵਾਜਬ ਢੰਗ-ਤਰੀਕਿਆਂ ਦੀ ਵਰਤੋਂ ਅੰਤ ਵਿਚ ਜ਼ਰੂਰ ਕਰਦੀਆਂ ਹਨ; ਪਰ ਇਹ ਕੰਮ ਕਮਿਸ਼ਨ ਦਾ ਹੈ ਕਿ ਉਹ ਅਨਿਆਂਪੂਰਨਤਾ ਤੋਂ ਬਚਾਅ ਰੱਖੇ ਤੇ ਲੋੜੀਂਦਾ ਸੰਤੁਲਨ ਬਣਾਈ ਰੱਖਣ ਲਈ ਚੇਤਾਵਨੀਆਂ ਜਾਰੀ ਕਰਦਾ ਰਹੇ।
ਜਿਵੇਂ ਕਿ ਪਹਿਲਾਂ ਵੀ ਹੋਇਆ ਹੈ, ਮੌਜੂਦਾ ਚੋਣ ਕਮਿਸ਼ਨ ਦਾ ਵਿਹਾਰਕ ਹੌਸਲਾ ਤੇ ਸਜੀਵਤਾ ਪੂਰੀ ਤਰ੍ਹਾਂ ਕਮਿਸ਼ਨਰਾਂ ਦੀ ਨਿੱਜੀ ਦਿਆਨਤਦਾਰੀ ਤੇ ਹਿੰਮਤ ਦੇ ਨਾਲ-ਨਾਲ ਖ਼ਤਰੇ ਨਾਲ ਨਜਿੱਠਣ ਦੀ ਦਲੇਰੀ ਤੇ ਮਜ਼ਬੂਤੀ ਉੱਤੇ ਨਿਰਭਰ ਹੁੰਦੀ ਹੈ। ਇਹ ਅਦਿੱਖ ਪਥਰੀ ਵਾਂਗ ਹੈ - ਜਿੱਥੇ ਕੋਈ ਬਾਹਰੀ ਵਿਅਕਤੀ ਨਿਆਂਪੂਰਨ ਢੰਗ ਨਾਲ ਮੁਲਾਂਕਣ ਨਹੀਂ ਕਰ ਸਕਦਾ ਕਿ ਨਿਰਵਾਚਨ ਸਦਨ ਵਿੱਚ ਸਮੂਹਕ ਰੂਪ ਵਿੱਚ ਫ਼ੈਸਲੇ ਕਿਵੇਂ ਲਏ ਜਾਂਦੇ ਰਹੇ ਸਨ। ਸ਼ੱਕ ਦਾ ਲਾਭ ਜ਼ਰੂਰ ਹੀ ਕਮਿਸ਼ਨ ਨੂੰ ਮਿਲਣਾ ਚਾਹੀਦਾ ਹੈ। ਕਮਿਸ਼ਨ ਉੱਤੇ ਸੰਸਥਾਗਤ ਪ੍ਰੋਟੋਕੋਲ ਲਾਗੂ ਹੁੰਦਾ ਹੈ ਅਤੇ ਇਸ ਦੇ ਅਧਿਕਾਰਤ ਰਹਿਨੁਮਾਵਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਿਆਸੀ ਵਿਵਸਥਾ ਨੂੰ ਇਹ ਯਕੀਨ ਕਰਵਾਉਣ ਕਿ ਕਮਿਸ਼ਨ, ਸਮੇਂ ਦੇ ਹਾਕਮ ਤੋਂ ਡਰਦਾ ਨਹੀਂ ਹੈ।

## ਪੰਥਕ ਜਥੇਬੰਦੀਆਂ ਨੇ ਕੈਪਟਨ ਵਲੋਂ ਸੱਜਣ ਨੂੰ ਖਾਲਿਸਤਾਨੀ ਹਮਦਰਦ ਕਰਾਰ ਦੇਣ ਦਾ ਲਿਆ ਗੰਭੀਰ ਨੋਟਿਸ



ਪ੍ਰੈੱਸ ਕਾਨਫਰੰਸ ਮੌਕੇ ਵਿਸ਼ਵ ਸਿੱਖ ਸੰਗਠਨ ਦੇ ਸਕੱਤਰ ਜਨਰਲ ਕੇ.ਐੱਸ. ਗਿੱਲ ਸੰਬੋਧਨ ਕਰਦੇ ਹੋਏ।

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਥਕ ਜਥੇਬੰਦੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨੀਆਂ ਦਾ ਹਮਦਰਦ ਕਰਾਰ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ ਦੋਸ਼ ਲਾਇਆ ਹੈ ਕਿ ਕਾਂਗਰਸ ਆਪਣੇ ਹਿੰਦੂ ਵੋਟ ਬੈਂਕ ਨੂੰ ਖੁਸ਼ ਕਰਨ ਲਈ ਅਜਿਹੀਆਂ ਚਾਲਾਂ ਚੱਲ ਰਹੀ ਹੈ। ਸੰਸਾਰ ਸਿੱਖ ਸੰਗਠਨ ਦੇ ਸਕੱਤਰ ਜਨਰਲ ਕੇ.ਐੱਸ. ਗਿੱਲ, ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਮਨੁੱਖੀ ਅਧਿਕਾਰਾਂ ਦੇ ਵਕੀਲ ਅਮਰ ਸਿੰਘ ਚਾਹਲ ਤੇ ਹਰਪਾਲ ਸਿੰਘ ਚੀਮਾ, ਪੱਤਰਕਾਰ ਕਰਮਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਤੀਨਿਧ ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਕਮਿੱਕਰ ਸਿੰਘ ਨੇ ਸਾਂਝੇ ਤੌਰ 'ਤੇ ਪ੍ਰੈਸ ਕਾਨਫਰੰਸ ਕਰ ਕੇ ਦੋਸ਼ ਲਾਇਆ ਕਿ ਆਪਣੀ ਮਿਹਨਤ, ਹਲੀਮੀ ਅਤੇ ਲਿਆਕਤ ਨਾਲ ਕੈਨੇਡਾ ਦੇ ਰੱਖਿਆ ਮੰਤਰੀ ਬਣੇ ਸ੍ਰੀ ਸੱਜਣ ਵਿਰੁੱਧ ਕੈਪਟਨ ਵੱਲੋਂ ਬਿਨਾਂ ਕਿਸੇ ਆਧਾਰ 'ਤੇ ਖਾਲਿਸਤਾਨੀ ਹੋਣ ਦੇ ਦੋਸ਼ ਲਾ ਕੇ ਸਮੁੱਚੀ ਸਿੱਖ ਕੌਮ ਨੂੰ ਠੇਸ ਪਹੁੰਚਾਈ ਗਈ ਹੈ। ਇਸ ਨਾਲ ਕੈਨੇਡਾ ਦੇ ਗਲਤ ਅਨਸਰਾਂ ਨੂੰ ਨਸਲੀ ਹਿੰਸਾ ਕਰਨ ਦਾ ਹੋਰ ਬਲ ਮਿਲ ਸਕਦਾ ਹੈ ਅਤੇ ਵਿਦੇਸ਼ਾਂ ਵਿੱਚ ਵਸਦੇ ਸਿੱਖ ਮੁਸੀਬਤ ਵਿੱਚ ਫਸ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਨੇ ਹਿੰਦੂ ਵੋਟ ਬੈਂਕ ਨੂੰ ਖੁਸ਼ ਕਰਨ ਲਈ ਸ੍ਰੀ ਸੱਜਣ ਉਪਰ ਖਾਲਿਸਤਾਨੀਆਂ ਦੇ ਹਮਦਰਦ

ਬਾਕੀ ਸਫ਼ਾ 34 'ਤੇ

## ਸੱਜਣ ਵਿਵਾਦ ਨੂੰ ਲੈ ਕੇ ਕੈਪਟਨ ਨੇ ਵਿਰੋਧੀ ਧਿਰਾਂ 'ਤੇ ਕੀਤਾ ਵਾਰ

# *ਕਿਹਾ :* ਇਹ ਧਿਰਾਂ ਕੌਮੀ ਗ਼ੈਰਤ ਦੀ ਭਾਵਨਾ ਤੋਂ ਕੋਰੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਨਾ ਮਿਲਣ ਦੇ ਫੈਸਲੇ ਕਾਰਨ ਕੁਝ ਸਿਆਸੀ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਗੁਮਰਾਹਕੁਨ ਪ੍ਰਚਾਰ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਦੀ ਪ੍ਰਤੀਕਿਰਿਆ ਇਹ ਸਿੱਧ ਕਰਦੀ ਹੈ ਕਿ ਇਹ ਜਥੇਬੰਦੀਆਂ ਕੌਮੀ ਗ਼ੈਰਤ ਦੀ ਭਾਵਨਾ ਤੋਂ ਰਹਿਤ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਖਾਲਿਸਤਾਨੀ ਹਮਾਇਤੀਆਂ ਅਤੇ ਭਾਰਤ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ 'ਤੇ ਨਿਰੰਤਰ ਨਿਗਰਾਨੀ ਰੱਖ ਰਹੀ ਹੈ। ਸਾਡਾ ਮੁਲਾਂਕਣ ਅਤੇ ਫੈਸਲੇ ਇਨ੍ਹਾਂ ਰਿਪੋਰਟਾਂ 'ਤੇ ਹੀ ਆਧਾਰਤ ਹਨ। ਉਨ੍ਹਾਂ ਕਿਹਾ ਕਿ ਉਹ ਹਰਜੀਤ ਸਿੰਘ ਸੱਜਣ ਦੀ ਇਸ ਮਹੀਨੇ ਦੀ ਤਜਵੀਜ਼ਤ ਭਾਰਤ ਫੇਰੀ ਦੌਰਾਨ ਸੁਰੱਖਿਆ ਅਤੇ ਪ੍ਰੋਟੋਕੋਲ ਮੁਤਾਬਕ ਢੁੱਕਵੇਂ ਬੰਦੋਬਸਤ ਕਰਨ ਲਈ ਤਿਆਰ ਹਨ ਪਰ ਕੈਨੇਡੀਅਨ ਮੰਤਰੀ ਨੂੰ ਮਿਲਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਸਪਸ਼ਟ ਕੀਤਾ ਕਿ ਹਰਜੀਤ ਸੱਜਣ ਦੇ ਪੰਜਾਬ ਆਉਣ ਮੌਕੇ ਸੁਰੱਖਿਆ ਤੇ ਪ੍ਰੋਟੋਕੋਲ ਮੁਤਾਬਕ ਪ੍ਰਬੰਧ ਕੀਤੇ ਜਾਣਗੇ, ਜਿਵੇਂ ਭਾਰਤੀ ਰੱਖਿਆ ਮੰਤਰੀ ਦੇ ਕੈਨੇਡਾ ਜਾਣ ਮੌਕੇ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੇ ਸਟੈਂਡ ਦੀ ਆਲੋਚਨਾ ਕਰਨ ਬਾਰੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਹ ਭੁੱਲ ਚੁੱਕੀ ਹੈ ਕਿ ਉਨ੍ਹਾਂ ਦੇ ਆਗੂਆਂ ਨਾਲ ਕੈਨੇਡਾ ਦੇ ਗਰਮਦਲੀਆਂ ਨੇ ਕੀ ਸਲੂਕ ਕੀਤਾ ਸੀ। ਉਨ੍ਹਾਂ ਪੁੱਛਿਆ ਕਿ ਕੀ ਇਨ੍ਹਾਂ ਲੀਡਰਾਂ ਵਿੱਚ ਗ਼ੈਰਤ ਦੀ ਭਾਵਨਾ ਮਰ ਚੁੱਕੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਉਨ੍ਹਾਂ ਦੇ ਸਿਧਾਂਤਕ ਸਟੈਂਡ ਦੀ ਮੁਖਾਲਫ਼ਤ ਕਰਨ ਵਾਲੇ ਇਹ ਲੋਕ ਦਰਅਸਲ ਖਾਲਿਸਤਾਨੀ ਹਮਾਇਤੀਆਂ ਨੂੰ ਹੱਲਾਸ਼ੇਰੀ ਦੇ ਕੇ ਖਾੜਕੂਵਾਦ ਦੇ ਸਿਰ ਚੁੱਕਣ ਦੀ ਸੰਭਾਵਨਾ ਨੂੰ ਹਵਾ ਦੇ ਰਹੇ ਹਨ। ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਸਿੱਖ ਵਿਰੋਧੀ ਦੱਸਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਵਸਦੇ ਸਿੱਖਾਂ ਨਾਲ ਉਨ੍ਹਾਂ ਦਾ ਕੋਈ ਵਿਰੋਧ ਨਹੀਂ ਹੈ ਪਰ ਇਨ੍ਹਾਂ ਵਿੱਚ ਮੌਜੂਦ ਇਕ ਛੋਟੀ ਜਿਹੀ ਆਬਾਦੀ, ਜੋ ਖਾਲਿਸਤਾਨ ਹਮਾਇਤੀ ਹੈ, ਨਾਲ ਉਨ੍ਹਾਂ ਦਾ ਕੋਈ ਪਿਆਰ ਵੀ ਨਹੀਂ ਹੈ। ਉਹ ਹਮੇਸ਼ਾ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਵੱਲੋਂ ਕੀਤੀਆਂ ਪ੍ਰਾਪਤੀਆਂ 'ਤੇ ਮਾਣ ਕਰਦੇ ਰਹੇ ਹਨ ਅਤੇ ਇਨ੍ਹਾਂ ਸਿੱਖ ਭਰਾਵਾਂ ਨੂੰ ਉਨ੍ਹਾਂ ਸਦਾ ਮਾਣ-ਸਤਿਕਾਰ ਦਿੱਤਾ ਹੈ।



### ਰਾਣਾ ਗੁਰਜੀਤ ਬੋਲੇ- ਆਮ ਆਦਮੀ ਪਾਰਟੀ ਦਾ ਖ਼ਾਲਿਸਤਾਨ ਪੱਖੀ ਚਿਹਰਾ ਬੇਨਕਾਬ

ਆਮ ਆਦਮੀ ਪਾਰਟੀ (ਆਪ) ਦੇ ਲੀਡਰ ਸੁਖਪਾਲ ਸਿੰਘ ਖਹਿਰਾ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦਾ ਖਾਲਿਸਤਾਨੀ ਪੱਖੀ ਚਿਹਰਾ ਪਹਿਲਾਂ ਹੀ ਨੰਗਾ ਹੋ ਚੁੱਕਾ ਹੈ।

## ਕੈਪਟਨ ਅਮਰਿੰਦਰ ਸਿੰਘ ਦੀ ਹਰਜੀਤ ਸਿੰਘ ਸੱਜਣ ਬਾਰੇ ਟਿੱਪਣੀ ਵਿਰੁੱਧ ਰੋਸ ਮੁਜ਼ਾਹਰੇ 'ਚ ਕੈਪਟਨ ਮੁਰਦਾਬਾਦ ਦੇ ਨਾਅਰੇ ਗੂੰਜੇ

**ਟੋਰਾਂਟੋਂ/ਬਿਊਰੋ ਨਿਊਜ਼:**ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਦੇ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਦੇ ਕੀਤੇ ਗਏ ਵਿਰੋਧ ਅਤੇ ਉਨ੍ਹਾਂ ਨੂੰ ਮਿਲਣੋਂ ਇਨਕਾਰ ਕਰਨ ਤੇ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਸੰਗਠਨਾਂ ਵੱਲੋਂ ਇਸ ਗੱਲ ਦੀ ਨਿਖੇਧੀ ਕੀਤੀ ਜਾ ਰਹੀ ਹੈ .ਗ ਟੋਰਾਂਟੋਂ ਦੇ ਹਾਈਵੇ 50 ਅਤੇ ਸਟੀਲ ਦੇ ਚੌਕ ਤੇ ਯੂਥ ਅਕਾਲੀ ਦਲ ਦੇ ਆਗੂਆਂ ਵੱਲੋਂ ਹੱਥ ਚ ਤਖਤੀਆਂ ਜਿਨ੍ਹਾਂ ਉੱਤੇ ਸ.ਹਰਜੀਤ ਸਿੰਘ ਸੱਜਣ ਪੰਜਾਬੀਆਂ ਦੀ ਸ਼ਾਨ ਕੈਪਟਨ ਅਮਰਿੰਦਰ ਸਿੰਘ ਮੁਰਦਾਬਾਦ ਅਤੇ ਕਾਂਗਰਸ ਮੁਰਦਾਬਾਦ ਦੇ ਨਾਅਰੇ ਲਿਖੇ ਹੋਏ ਸਨ, ਫੜ੍ਹ ਕੇ ਰੋਸ ਮੁਜ਼ਾਹਰਾ ਕੀਤਾ ਗਿਆ .ਗ ਇਸ ਮੌਕੇ ਬੋਲਦਿਆਂ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਅੱਲ੍ਹਾਬਖ਼ਸ਼ ਨੇ ਆਖਿਆ ਕਿ ਹਰਜੀਤ ਸਿੰਘ ਸੱਜਣ ਹੁਣ ਇਕੱਲੇ ਪੰਜਾਬੀਆਂ ਦੇ ਹੀ ਨਹੀਂ ਸਗੋਂ ਪੂਰੇ ਕੈਨੇਡਾ ਦੀ ਸ਼ਾਨ ਹਨ ਅਤੇ ਕੈਨੇਡਾ ਦੇ ਇਸ ਹਰਮਨ ਪਿਆਰੇ ਨੇਤਾ ਦੀ ਮੁਖ਼ਾਲਫਤ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਜਿੱਥੇ ਕੈਨੇਡਾ ਦੀ ਡੈਮੋਕ੍ਰੇਸੀ ਦਾ ਮਜ਼ਾਕ ਉਡਾਇਆ ਹੈ, ਉੱਥੇ ਹੀ ਇਸ ਨਾਲ ਪੰਜਾਬੀਆਂ ਦੇ ਦਿਲਾਂ ਨੂੰ ਭਾਰੀ ਠੇਸ ਪਹੁੰਚੀ ਹੈ .ਗ ਉਨ੍ਹਾਂ ਕਾਂਗਰਸ ਪਾਰਟੀ ਉੱਤੇ ਪੰਜਾਬ ਅਤੇ ਸਿੱਖ ਵਿਰੋਧੀ ਹੋਣ ਦਾ ਦੋਸ਼ ਲਾਉਂਦਿਆਂ ਇਸਦੀ ਭਰਵੀਂ ਨਿੰਦਾ ਕੀਤੀ .ਗ ਉਨ੍ਹਾਂ ਆਖਿਆ ਕਿ ਇਸ ਕਾਰੇ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਸਿੱਖ ਵਿਰੋਧੀ ਸੌੜੀ ਸੋਚ ਖੁੱਲ੍ਹ ਕੇ ਸਾਹਮਣੇ ਆਈ ਹੈ ਕਿ ਕਾਂਗਰਸ ਪਾਰਟੀ ਹਮੇਸ਼ਾਂ ਹੀ ਸਿੱਖ ਵਿਰੋਧੀ ਰਹੀ ਹੈ .ਗ ਇਸ ਮੌਕੇ ਰੋਸ ਪ੍ਰਗਟਾਵਾ ਵੀ ਕੀਤਾ ਗਿਆ .ਗ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਿੰਦਰਜੀਤ ਸਿੰਘ, ਜਸਪ੍ਰੀਤ ਸਿੰਘ, ਮਨਦੀਪ ਸਿੰਘ, ਰੋਹਿਤ ਭੱਟੀ, ਹਰਮਨਜੀਤ ਸਿੰਘ ਅਤੇ ਅਵਤਾਰ ਸਿੰਘ ਰਾਣਾ ਬੋਪਾਰਾਏ ਮੌਜੂਦ ਸਨ।

### ਕੈਪਟਨ ਦੀ ਖਾਲਿਸਤਾਨ ਬਾਰੇ ਬਿਆਨਬਾਜ਼ੀ ਸਿਆਸੀ ਸਟੰਟ : ਯੂਨਾਈਟਡ ਖਾਲਸਾ ਦਲ ਯੂ.ਕੇ.

**ਲੰਡਨ/ਬਿਊਰੋ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂ.ਕੇ. ਨੇ ਕੈਨੇਡਾ ਦੇ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਬਾਰੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬਿਆਨਬਾਜ਼ੀ ਨੂੰ ਬੇਲੋੜਾ ਅਤੇ ਆਪਣੇ ਆਕਾਵਾਂ ਦੀ ਖੁਸ਼ੀ ਲੈਣ ਲਈ ਸਿਆਸੀ ਸਟੰਟ ਕਰਾਰ ਦਿੱਤਾ ਹੈ। ਦਲ ਦੇ ਪ੍ਰਧਾਨ ਸ. ਨਿਰਮਲ ਸਿੰਘ ਸੰਧੂ ਅਤੇ ਜਰਨਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕੈਪਟਨ 'ਤੇ ਦੋਸ਼ ਲਗਾਇਆ ਹੈ ਕਿ ਉਸ ਨੇ ਹਮੇਸ਼ਾਂ ਸਿੱਖ ਕੌਮ ਦੇ ਜਜ਼ਬਾਤ ਦਾ ਲਾਹਾ ਲਿਆ ਹੈ। ਸੱਚਖੰਡ ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੌਰਾਨ ਭਾਰਤੀ ਫੌਜ ਦੁਆਰਾ ਟੈਂਕਾਂ ਅਤੇ ਤੋਪਾਂ ਨਾਲ ਕਰਵਾਏ ਗਏ ਅੱਤ ਵਹਿਸ਼ੀ ਹਮਲੇ ਤੋਂ ਬਾਅਦ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤਿਆਗਣ ਵਾਲੇ ਇਸ ਸਖਸ਼ ਨੇ ਪੰਥਕ ਜਜ਼ਬਾਤ ਦੀ ਪੌੜੀ ਰਾਹੀਂ ਪੰਜਾਬ ਦਾ ਮੁੱਖ ਮੰਤਰੀ ਬਣਨ

ਬਾਕੀ ਸਫ਼ਾ 29 'ਤੇ

## *ਹੁਸ਼ਿਆਰਪੁਰ 'ਚ ਆਪਣੇ ਪਿੰਡ ਬੰਬੇਲੀ ਪੁੱਜੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਪਿਤਾ ਕੁੰਦਨ ਸਿੰਘ ਨਾਲ ਗੱਲਬਾਤ*

# ਸੱਚ ਹਮੇਸ਼ਾ ਸੱਚ ਹੀ ਰਹਿੰਦੈ ਤੇ ਉਹ ਛੇਤੀ ਬਾਹਰ ਆਵੇਗਾ : ਕੁੰਦਨ ਸਿੰਘ

**ਹੁਸ਼ਿਆਰਪੁਰ/ਬਿਊਰੋ ਨਿਊਜ਼ :** ਪੰਜਾਬੀ ਮੂਲ ਦੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਭਾਰਤ ਦੌਰੇ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਬਿਆਨ 'ਤੇ ਪੰਜਾਬ ਤੋਂ ਲੈ ਕੇ ਕੈਨੇਡਾ ਤੱਕ ਲੋਕਾਂ 'ਚ ਗ਼ੁੱਸਾ ਹੈ। ਕੈਪਟਨ ਨੇ ਕਿਹਾ ਹੈ ਕਿ ਉਹ ਹਰਜੀਤ ਸਿੰਘ ਸੱਜਣ ਨੂੰ ਨਹੀਂ ਮਿਲਣਗੇ, ਕਿਉਂਕਿ ਉਹ ਖ਼ਾਲਿਸਤਾਨੀ ਹੈ। ਹੁਸ਼ਿਆਰਪੁਰ 'ਚ ਆਪਣੇ ਪਿੰਡ ਬੰਬੇਲੀ ਪੁੱਜੇ ਸੱਜਣ ਸਿੰਘ ਦੇ ਪਿਤਾ ਕੁੰਦਨ ਸਿੰਘ ਨੇ ਕਿਹਾ ਕਿ ਸੱਚ-ਝੂਠ ਚੱਲਦਾ ਰਹਿੰਦਾ ਹੈ, ਪਰ ਸੱਚ ਹਮੇਸ਼ਾ ਸੱਚ ਰਹਿੰਦਾ ਹੈ ਅਤੇ ਉਹ ਛੇਤੀ ਬਾਹਰ ਆ ਜਾਵੇਗਾ। ਇੱਥੇ ਇਹ ਜ਼ਿਕਰਯੋਗ ਹੈ ਕਿ ਹਰਜੀਤ ਸਿੰਘ ਸੱਜਣ ਦਾ ਜਨਮ ਪਿੰਡ ਬੰਬੇਲੀ 'ਚ ਹੋਇਆ ਸੀ ਅਤੇ ਇਹ ਪਰਿਵਾਰ 79 ਦੇ ਦਹਾਕੇ 'ਚ ਕੈਨੇਡਾ ਚੱਲਿਆ ਗਿਆ ਸੀ। ਹਾਲਾਂਕਿ ਸੱਜਣ ਸਿਰਫ਼ ਇਕ-ਦੋ ਵਾਰ ਹੀ ਪਿੰਡ ਆਏ ਹਨ, ਪਰ ਉਨ੍ਹਾਂ ਦੇ ਪਿਤਾ ਕੁੰਦਨ ਸਿੰਘ ਆਪਣੇ ਪਿੰਡ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਲਗਭਗ ਹਰ ਸਾਲ ਆਪਣੇ ਪਿੰਡ ਆਉਂਦੇ ਰਹਿੰਦੇ ਹਨ।



### *5 ਸਾਲ ਦੇ ਸਨ ਜਦੋਂ ਸੱਜਣ ਕੈਨੇਡਾ ਗਏ ਸਨ*

*ਉਨ੍ਹਾਂ ਦੇ ਪਿਤਾ ਨੇ ਦੱਸਿਆ ਕਿ ਸੱਜਣ ਸਿਰਫ਼ 5 ਸਾਲ ਦੇ ਸਨ, ਜਦੋਂ ਉਹ ਕੈਨੇਡਾ ਚਲੇ ਗਏ ਸਨ ਅਤੇ ਉਥੇ ਜਾ ਕੇ ਮਿਹਨਤ ਤੋਂ ਬਾਅਦ ਇਸ ਮੁਕਾਮ 'ਤੇ ਪੁੱਜੇ ਹਨ। ਉਹ ਆਪ ਤਾਂ ਕੰਮਾਂ 'ਚ ਰੁੱਝੇ ਸਨ, ਪਰ ਉਨ੍ਹਾਂ ਦੀ ਮਾਂ ਵਿਦਿਆ ਨੇ ਅਜਿਹੇ ਸੰਸਕਾਰ ਦਿੱਤੇ ਕਿ ਜਿਸ ਦੀ ਬਦੌਲਤ ਸੱਜਣ ਅਜਿਹੇ ਮੁਕਾਮ 'ਤੇ ਪੁੱਜਾ ਹੈ। ਉਨ੍ਹਾਂ ਕਿਹਾ ਕਿ ਸੱਜਣ ਨੂੰ ਅੱਜ ਵੀ ਆਪਣੇ ਦਾਦਾ ਨੰਬਰਦਾਰ ਫ਼ਕੀਰ ਸਿੰਘ ਦੇ ਨਾਲ ਖੇਤਾਂ 'ਚ ਜਾਣਾ ਯਾਦ ਹੈ ਅਤੇ ਉਹ ਪੂਰੀ ਤਰ੍ਹਾਂ ਆਪਣੇ ਪਿੰਡ ਨੂੰ ਯਾਦ ਕਰਦੇ ਹਨ।*

## *ਕੈਪਟਨ ਦੇ ਬਿਆਨ ਬਾਰੇ ਕਿਹਾ :* ਸੱਜਣ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ

ਹਰਜੀਤ ਸਿੰਘ ਦੇ ਪਿਤਾ ਕੁੰਦਨ ਸਿੰਘ ਨੇ ਕਿਹਾ ਕਿ ਸੱਚ-ਝੂਠ 'ਚ ਆਖ਼ਰਕਾਰ ਸਚਾਈ ਦੀ ਜਿੱਤ ਹੁੰਦੀ ਹੈ। ਮੈਂ ਅਤੇ ਹਰਜੀਤ ਨੇ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਹੈ ਅਤੇ ਸ਼ੁਰੂ ਤੋਂ ਹੀ ਮਨੁੱਖਤਾ ਦੀ ਸੇਵਾ ਕੀਤੀ ਹੈ। ਜਿੱਥੇ ਤੁਸੀਂ ਰਹਿੰਦੇ ਹੋ, ਉਥੇ ਦੇ ਸਮਾਜ ਦੇ ਹਿਸਾਬ ਨਾਲ ਰਹਿਣਾ ਪੈਂਦਾ ਹੈ। ਅਮਰਿੰਦਰ ਸਿੰਘ ਦੇ ਬਿਆਨ ਤੋਂ ਹਰਜੀਤ ਸਿੰਘ ਨੂੰ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਆਪਣਾ ਕੰਮ ਚੰਗੀ ਤਰ੍ਹਾਂ ਕਰ ਰਿਹਾ ਹੈ। ਕੁੰਦਨ ਸਿੰਘ ਨੇ ਕਿਹਾ ਕਿ ਉਹ ਪਿਛਲੇ ਕੁੱਝ ਦਿਨਾਂ ਤੋਂ ਉਸ ਦੇ ਪ੍ਰੋਗਰਾਮ ਬਾਰੇ ਅਖ਼ਬਾਰਾਂ 'ਚ ਹੀ ਪੜ੍ਹ ਰਹੇ ਹਨ, ਪਰ ਲਗਭਗ ਪੰਜ ਦਿਨ ਪਹਿਲਾਂ ਉਨ੍ਹਾਂ ਦੀ ਆਪਣੇ ਬੇਟੇ ਨਾਲ ਗੱਲ ਹੋਈ ਸੀ ਅਤੇ ਜਦੋਂ ਪਤਾ ਲੱਗਾ ਕਿ ਉਹ ਦਰਬਾਰ ਸਾਹਿਬ ਆ ਰਿਹਾ ਹੈ ਤਾਂ ਉਸ ਨੂੰ ਕਿਹਾ ਕਿ ਉਹ ਪਿੰਡ ਗੇੜਾ ਜ਼ਰੂਰ ਲਗਾਏ। ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਉਹ ਉਨ੍ਹਾਂ ਦੇ ਨਾਲ ਦਰਬਾਰ ਸਾਹਿਬ ਜਾਣਗੇ ਤਾਂ ਉਨ੍ਹਾਂ ਕਿਹਾ ਕਿ ਉਹ ਆਪਣੇ ਪਿੰਡ ਹੀ ਰਹਿਣਗੇ, ਕਿਉਂਕਿ ਇੱਥੇ ਉਸ ਨਾਲ ਚੰਗੀ ਤਰ੍ਹਾਂ ਮੁਲਾਕਾਤ ਹੋ ਸਕੇਗੀ।

ਉਨ੍ਹਾਂ ਦੇ ਪਿਤਾ ਨੇ ਖ਼ੁਲਾਸਾ ਕੀਤਾ ਕਿ ਹਰਜੀਤ ਬਹੁਤ ਮਿਹਨਤੀ ਸੀ ਅਤੇ ਬਾਅਦ 'ਚ ਉਨ੍ਹਾਂ ਨੇ ਆਰਮੀ ਜੁਆਇਨ ਕੀਤੀ। ਜਿਹੜੇ ਕਾਮਾਗਾਟਾਮਾਰੂ ਜਹਾਜ਼ ਨੂੰ 100 ਸਾਲ ਪਹਿਲਾਂ ਕੈਨੇਡਾ ਬਾਰਡਰ 'ਤੇ ਰੋਕਿਆ ਗਿਆ ਸੀ, ਉਸ ਜਹਾਜ਼ ਦੇ ਕਮਾਡੈਂਟ ਵੀ ਸੱਜਣ ਰਹਿ ਚੁੱਕੇ ਹਨ।

### ਹਰਜੀਤ ਸਿੰਘ ਖ਼ਾਲਿਸਤਾਨ ਦਾ ਆਪਣਾ ਸਟੈਂਡ ਸਪਸ਼ਟ ਕਰੇ : ਕਾਂਗਰਸ

ਸੀਨੀਅਰ ਕਾਂਗਰਸੀ ਆਗੂਆਂ ਤੇ ਵਿਧਾਇਕਾਂ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਕਿਹਾ ਹੈ ਕਿ ਉਹ ਖ਼ਾਲਿਸਤਾਨ ਦੇ ਮਾਮਲੇ 'ਚ ਆਪਣਾ ਸਟੈਂਡ ਸਪਸ਼ਟ ਕਰੇ। ਉਨ੍ਹਾਂ ਕਿਹਾ ਕਿ ਇਹ ਦੋਵੇਂ ਦੇਸ਼ ਭਾਰਤ ਅਤੇ ਕੈਨੇਡਾ ਦੇ ਚੰਗੇ ਸਬੰਧਾਂ ਲਈ ਜ਼ਰੂਰੀ ਹੈ ਕਿ ਉਹ ਇਸ ਸੰਵੇਦਨਸ਼ੀਲ ਮਾਮਲੇ 'ਤੇ ਆਪਣਾ ਸਟੈਂਡ ਸਪਸ਼ਟ ਕਰਨ। ਕੈਨੇਡਾ ਦੇ ਹਾਈ ਕਮਿਸ਼ਨਰ ਵੱਲੋਂ ਇਸ ਮੁੱਦੇ 'ਤੇ ਜਾਰੀ ਬਿਆਨ ਸਬੰਧੀ ਕਾਂਗਰਸੀ ਆਗੂਆਂ ਨੇ ਕਿਹਾ ਕਿ ਕੈਨੇਡਿਆਈ ਅਧਿਕਾਰੀਆਂ ਵੱਲੋਂ ਸਥਿਤੀ ਸਪਸ਼ਟ ਕਰਨ ਦੀ ਥਾਂ ਤੱਥਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਸ਼ਾਂਤੀ ਪਸੰਦ ਪੰਜਾਬੀਆਂ ਲਈ ਇਸ ਗੰਭੀਰ ਮਾਮਲੇ 'ਤੇ ਕੈਨੇਡਿਆਈ ਅਧਿਕਾਰੀਆਂ ਵੱਲੋਂ ਚੁੱਪੀ ਧਾਰੀ ਹੋਈ ਹੈ। ਕਾਂਗਰਸੀ ਵਿਧਾਇਕਾਂ ਸੁਖਜਿੰਦਰ ਸਿੰਘ ਰੰਧਾਵਾ, ਸੁੱਖ ਸਰਕਾਰੀਆ ਅਤੇ ਨਵਤੇਜ ਸਿੰਘ ਚੀਮਾ ਨੇ ਅਕਾਲੀ ਦਲ ਅਤੇ 'ਆਪ' ਪਾਰਟੀ ਦੇ ਆਗੂਆਂ ਨੂੰ ਵੀ ਇਹ ਸਲਾਹ ਦਿੱਤੀ ਕਿ ਉਹ ਸੱਜਣ ਸਿੰਘ ਦੇ ਵਕੀਲ ਬਣਨ ਦੀ ਕੋਸ਼ਿਸ਼ ਨਾ ਕਰਨ, ਕਿਉਂਕਿ ਕੈਨੇਡੀਅਨ ਰੱਖਿਆ ਮੰਤਰੀ ਵੱਲੋਂ ਖ਼ਾਲਿਸਤਾਨ ਦਾ ਸਮਰਥਕ ਹੋਣ ਦਾ ਖੰਡਨ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ, ਸੁਖਪਾਲ ਸਿੰਘ ਖਹਿਰਾ ਅਤੇ ਐਚ.ਐਸ. ਫੂਲਕਾ ਵੱਲੋਂ ਆਪਣੇ ਆਪ ਹੀ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਖਹਿਰਾ ਅਤੇ ਫੂਲਕਾ ਵਿਦੇਸ਼ਾਂ 'ਚ ਫ਼ੰਡ ਇਕੱਤਰ ਕਰਨ ਲਈ ਇਸ ਮਾਮਲੇ 'ਤੇ ਦੇਸ਼ ਵਿਰੋਧੀ ਤਾਕਤਾਂ ਦੇ ਹੱਥਾਂ 'ਚ ਖੇਡ ਰਹੇ ਹਨ।

# ਸਿੱਖਾਂ ਦੀ ਚੜ੍ਹਦੀ ਕਲਾ ਨੂੰ ਢਾਹ ਲਾਉਣ ਲਈ ਸਿੱਖ ਵਿਰੋਧੀ ਤਾਕਤਾਂ ਨੇ ਹੱਥ ਮਿਲਾਏ

**ਰਾਮ ਸਿੰਘ**

ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਭਾਰਤ ਫੇਰੀ ਦੌਰਾਨ ਕੀਤੇ ਜਾ ਰਹੇ ਕੂੜ ਪ੍ਰਚਾਰ ਅਤੇ ਉਨ੍ਹਾਂ ਦੀ ਸ਼ਾਨ ਵਿਚ ਕਹੇ ਜਾ ਰਹੇ ਅਪਸ਼ਬਦਾਂ ਨੇ ਇਕ ਵਾਰ ਫੇਰ ਚੇਤੇ ਕਰਵਾ ਦਿੱਤਾ ਹੈ ਕਿ ਸਿੱਖ ਹਾਲੇ ਵੀ ਭਾਰਤ ਵਿਚ ਗ਼ੁਲਾਮ ਹਨ। ਕੈਪਟਨ ਅਮਰਿੰਦਰ ਸਿੰਘ ਦਾ ਸੱਜਣ ਦੇ ਸਵਾਗਤ ਤੋਂ ਇਨਕਾਰ ਕਰਨਾ ਬਹੁਤ ਹੀ ਸ਼ਰਮਨਾਕ ਵਿਹਾਰ ਹੈ। ਮੁੱਖ ਮੰਤਰੀ ਦਾ ਦੂਜਿਆਂ ਨੂੰ ਹੇਠਾਂ ਦਿਖਾਉਣ ਦਾ ਅਪਮਾਨਜਨਕ ਰਵੱਈਆ ਅਤਿ ਨਿੰਦਣਯੋਗ ਹੈ। ਉਸ ਨੇ ਅਜਿਹਾ ਵਿਵਾਦ ਖੜ੍ਹਾ ਕੀਤਾ ਹੈ, ਜਿਸ ਦੀ ਕਿਸੇ ਨੂੰ ਆਗਿਆ ਨਹੀਂ ਸੀ ਦਿੱਤੀ ਜਾ ਸਕਦੀ। ਉਹ ਐਨਾ ਸਵਾਰਥੀ ਹੈ ਕਿ ਆਪਣੇ ਸਿਆਸੀ ਤੇ ਨੈਤਿਕ ਫ਼ਰਜ਼ਾਂ ਨੂੰ ਵੀ ਤਿਲਾਂਜਲੀ ਦੇ ਦਿੱਤੀ ਹੈ। ਵਿਦੇਸ਼ੀ ਸਰਕਾਰ ਅਤੇ ਵੱਡੀ ਗਿਣਤੀ ਸਿੱਖ ਪਰਵਾਸੀਆਂ ਦੀ ਅਗਵਾਈ ਕਰ ਰਹੇ ਸੱਜਣ ਦਾ ਸਵਾਗਤ ਨਾ ਕਰਕੇ ਕੈਪਟਨ ਨੇ ਉਨ੍ਹਾਂ ਸਾਰਿਆਂ ਦਾ ਅਪਮਾਨ ਕੀਤਾ ਹੈ ਜੋ ਪੰਜਾਬ/ਭਾਰਤੀ ਆਰਥਿਕਤਾ ਨੂੰ ਲੱਖਾਂ ਡਾਲਰਾਂ ਨਾਲ ਹੁਲਾਰਾ ਦਿੰਦੇ ਹਨ। ਉਹ ਸਿਰਫ਼ ਇਸ ਕਰਕੇ ਖਿੱਝ ਗਿਆ ਕਿਉਂਕਿ ਕੁਝ ਲੋਕਾਂ ਨੇ ਉਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਸੀ। ਇਕ ਸਿਆਸਤਦਾਨ ਹੋਣ ਦੇ ਨਾਤੇ, ਇਹ ਆਮ ਵਰਤਾਰਾ ਸੀ। ਦਰਅਸਲ, ਉਹ ਜਿਸ ਵਰਗ ਵਿਚੋਂ ਆਉਂਦਾ ਹੈ, ਉਸ ਤੋਂ ਅਜਿਹੇ ਵਰਤਾਰੇ ਦੀ ਉਮੀਦ ਵੀ ਕਰਨੀ ਚਾਹੀਦੀ ਹੈ। ਰਾਜਾ ਆਪਣੇ ਉਤਰਾਅਧਿਕਾਰੀਆਂ ਲਈ ਮਾੜੀ ਮਿਸਾਲ ਕਾਇਮ ਕਰ ਰਿਹਾ ਹੈ ਤੇ ਉਨ੍ਹਾਂ ਦੇ ਰਾਹਾਂ ਵਿਚ ਕੰਡੇ ਬੀਜ ਰਿਹਾ ਹੈ। ਭਾਈਚਾਰੇ ਨੇ ਉਸ ਨੂੰ ਬੇਹੱਦ ਮਾਨ-ਸਨਮਾਨ ਦਿੱਤਾ ਹੈ ਪਰ ਇਸ ਨੇ ਆਪਣੇ ਭਾਈਚਾਰੇ ਤੇ ਇਸ ਦੀਆਂ ਪਰੰਪਰਾਵਾਂ ਪ੍ਰਤੀ ਨਿਸ਼ਠਾ ਨਹੀਂ ਦਿਖਾਈ। ਪੰਜਾਬ ਅਤੇ ਸਿੱਖ ਧਰਮ ਨਾਲ ਪਿਆਰ ਦਾ ਢਕਵੰਜ ਰਚਦੇ ਆ ਰਹੇ ਅਮਰਿੰਦਰ ਨੇ ਆਪਣੇ ਮੌਕਾਪ੍ਰਸਤ ਹੋਣ ਦਾ ਸਬੂਤ



ਦਿੱਤਾ ਹੈ। ਦਰਅਸਲ, ਉਸ ਦੀ ਸੱਚੀ ਹਮਦਰਦੀ ਕਿਸੇ ਲਈ ਨਹੀਂ ਹੈ ਤੇ ਉਸ ਨੇ ਆਪਣੀ ਆਤਮਾ ਵੇਚ ਦਿੱਤੀ ਹੈ ਤੇ ਆਪਣੇ ਹਿੰਦੂ ਆਕਾਵਾਂ ਨੂੰ ਮਹਿਜ਼ ਖ਼ੁਸ਼ ਕਰਨ ਲਈ ਖ਼ੁਦ ਨੂੰ ਏਨਾ ਹੇਠਾਂ ਕਰ ਲਿਆ ਹੈ।

ਸਾਰੀਆਂ ਨਿਰਪੱਖਤਾਵਾਂ ਵਿਚ ਮਾਨਯੋਗ ਹਰਜੀਤ ਸਿੰਘ ਸੱਜਣ ਆਤਮ-ਨਿਰਧਾਰਤ ਵਿਅਕਤੀ ਹੈ। ਕੈਨੇਡੀਅਨ ਫ਼ੌਜ ਵਿਚ ਸੇਵਾਵਾਂ ਦੇ ਕੇ ਸੱਜਣ ਨੇ ਗੌਰਵ ਹਾਸਲ ਕੀਤਾ ਹੈ। ਕੈਨੇਡਾ ਵਿਚ ਜਨਮੀ ਨਵੀਂ ਸਿੱਖ ਪੀੜ੍ਹੀ ਦੇ ਉਹ ਲੀਡਰ ਹਨ। ਉਨ੍ਹਾਂ ਨੇ ਖ਼ੁਦ ਨੂੰ ਇਸ ਲਾਇਕ ਬਣਾਇਆ ਕਿ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਦਾ ਮਾਨ-ਸਨਮਾਨ ਹੋਇਆ। 1984 ਵਿਚ ਉਹ ਨਾਬਾਲਗ ਸੀ। ਉਨ੍ਹਾਂ ਆਪਣੀ ਕਾਬਲੀਅਤ ਨਾਲ ਹਰ ਸਿੱਖ ਅਤੇ ਪੰਜਾਬੀ ਨੂੰ ਮਾਣ ਮਹਿਸੂਸ ਕਰਵਾਇਆ ਤੇ ਸਾਡੀ ਨਵੀਂ ਪੀੜ੍ਹੀ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੀ ਹੈ। ਸੱਜਣ ਦੀਆਂ ਪ੍ਰਾਪਤੀਆਂ ਦੀ ਤਾਰੀਫ਼ ਕਰਨ ਦੀ ਬਜਾਏ, ਭਾਰਤ ਦੇ ਪੇਸ਼ੇਵਰ ਸਿਆਸਤਦਾਨ ਨੇ ਇਸ ਭੱਦਰ ਪੁਰਸ਼ 'ਤੇ ਹਲਕੇ ਸ਼ਬਦਾਂ ਦਾ ਲੇਬਲ ਚਿਪਕਾ ਦਿੱਤਾ ਹੈ। ਰਾਜਾ ਅਜਿਹੀ ਪਾਰਟੀ ਦੇ ਅਸਲ ਕਿਰਦਾਰ ਦੀ ਝਲਕਾਰ ਹੈ, ਜੋ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਹੈ। ਪੰਜਾਬ ਦੇ ਕਿਸੇ ਵੀ ਸਿੱਖ ਆਗੂ ਨੇ 1984 ਦੇ ਸਿੱਖ ਕਤਲੇਆਮ ਲਈ ਸਾਧਾਰਨ ਨਿੰਦਣਯੋਗ ਮਤਾ ਵੀ ਪਾਸ ਕਰਨ ਦਾ ਜੇਰਾ ਨਹੀਂ ਦਿਖਾਇਆ। ਇਸ ਦੇ ਬਾਵਜੂਦ ਉਹ ਸਿੱਖ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਨ ਦਾ ਦਮ ਭਰਦੇ ਹਨ। ਵਿਦੇਸ਼ੀ ਸਿੱਖਾਂ ਨੂੰ ਕੌਮਾਂਤਰੀ ਭਾਈਚਾਰੇ ਤੋਂ ਹਮਦਰਦੀ ਮਿਲੀ ਹੈ, ਜੋ ਮਨੁੱਖੀ ਅਧਿਕਾਰਾਂ ਦੀ ਅਹਿਮੀਅਤ ਸਮਝਦਾ ਹੈ। ਸੱਚ ਤਾਂ ਇਹ ਹੈ ਕਿ ਓਂਟਾਰੀਓ ਵਿਧਾਨ ਸਭਾ ਵਲੋਂ ਹਾਲ ਹੀ ਵਿਚ ਪਾਸ ਕੀਤਾ ਗਿਆ 'ਸਿੱਖ ਕਤਲੇਆਮ ਮਤਾ' ਭਾਰਤੀ ਹਕੂਮਤ ਦੇ ਮੂੰਹ 'ਤੇ ਚਪੇੜ ਹੈ ਜੋ ਆਪਣੇ 'ਕਤਲੇਆਮ' ਦੇ ਪਿਛਲੇ ਸਟੈਂਡ ਵੱਲ ਜਾਣ ਦੀ ਕੋਸ਼ਿਸ਼ ਕਰ ਰਹੀ ਹੈ। ਸਿੱਖਾਂ ਨੂੰ ਭਾਰਤੀ ਹਕੂਮਤ ਤੋਂ ਨਿਆਂ ਦੀ ਉਮੀਦ ਨਹੀਂ ਕਰਨੀ ਚਾਹੀਦੀ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਲਾਲਸਾ ਪੂਰਤੀ ਦੀ ਗੱਲ ਆਉਂਦੀ ਹੈ ਤਾਂ ਸਿੱਖਾਂ ਨੂੰ ਇਕ ਹਥਿਆਰ ਵਜੋਂ ਵੱਖਵਾਦੀ ਤੇ ਕੱਟੜਵਾਦੀ ਹੋਣ ਦਾ ਲੇਬਲ ਮੜ੍ਹ ਕੇ ਉਨ੍ਹਾਂ ਖ਼ਿਲਾਫ਼ ਹੀ ਵਰਤਿਆ ਜਾਂਦਾ ਹੈ। ਬਾਦਲ ਤੇ ਰਾਜੇ ਦੇ ਕਬੀਲਿਆਂ ਨੇ ਬੜੀ ਬੇਸ਼ਰਮੀ ਨਾਲ ਇਸ ਹਥਿਆਰ ਦੀ ਵਰਤੋਂ ਕਰਕੇ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਆਪਣੇ ਹਿੰਦੂ ਆਕਾਵਾਂ ਪ੍ਰਤੀ ਬਹੁਤ ਜ਼ਿਆਦਾ ਵਫ਼ਾਦਾਰ ਹਨ। ਇਹੋ ਕੁਝ ਵਾਪਰਨਾ ਲਾਜ਼ਮੀ ਹੈ, ਜਦੋਂ ਤੁਹਾਨੂੰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਂਦਾ ਹੈ। ਤੁਹਾਨੂੰ ਹਰ ਵਾਰ ਆਪਣੀ ਵਫ਼ਾਦਾਰੀ ਨੂੰ ਪੱਕਿਆਂ ਕਰਦੇ ਰਹਿਣਾ ਚਾਹੀਦਾ ਹੈ। ਸੱਚ ਤੋਂ ਪਰ੍ਹੇ ਹੋਰ ਕੁਝ ਵੀ ਨਹੀਂ ਹੈ। ਇਤਿਹਾਸਕ ਤੱਥ ਇਸ ਗੱਲ ਦੀ ਵੀ ਸਾਹਦੀ ਭਰਦੇ ਹਨ ਕਿ ਤਲਵੇ ਚੱਟਣ ਵਾਲੇ ਅਜਿਹੇ ਲੋਕਾਂ ਨੂੰ ਕਦੇ ਆਦਰ-ਮਾਨ ਨਹੀਂ ਮਿਲਦਾ। ਇਹ ਜਾਂਚਿਆ-ਪਰਖਿਆ ਅਜਿਹਾ ਬਸਤੀਵਾਦੀ ਮੰਤਰ ਹੈ ਕਿ ਹਿੰਦੂਤਵ ਚਾਨਕਯਾ ਦੀਆਂ ਚਤੁਰ ਚਾਲਾਂ ਚੱਲ ਰਿਹਾ ਹੈ। ਸਿੱਖ ਭਾਈਚਾਰੇ ਨੂੰ ਅਜਿਹੀਆਂ ਸ਼ਾਤਰ ਚਾਲਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਆਪਣੀ ਤਾਕਤ ਨੂੰ ਹੋਰ ਬਲਸ਼ਾਲੀ ਬਣਾਉਣਾ ਪਏਗਾ।

## 'ਮੋਦੀ ਪ੍ਰੇਮ' ਮਗਰੋਂ ਆਸਟਰੇਲੀਆ ਪਰਤਦਿਆਂ ਹੀ ਟਰਨਬੁਲ ਵਲੋਂ ਹੁਨਰਮੰਦ ਕਾਮਿਆਂ ਲਈ ਵੀਜ਼ਾ ਟਾਈਪ-457 ਬੰਦ

***ਵੱਡੀ ਗਿਣਤੀ ਵਿਚ ਪੰਜਾਬੀ ਹੋਣਗੇ ਪ੍ਰਭਾਵਤ***

ਮੈਲਬਰਨ/ਬਿਊਰੋ ਨਿਊਜ਼ : ਆਸਟਰੇਲੀਆ ਸਰਕਾਰ ਨੇ ਪ੍ਰਵਾਸੀਆਂ ਨੂੰ ਦਿੱਤੇ ਜਾਂਦੇ ਵੀਜ਼ਾ ਸ਼੍ਰੇਣੀ-457 ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰ ਦੇ ਇਸ ਕਦਮ ਨਾਲ ਆਸਟਰੇਲੀਆ ਵਿਚ ਕੰਮ ਕਰਨ ਦੇ ਚਾਹਵਾਨ ਵੱਡੀ ਗਿਣਤੀ ਪੰਜਾਬੀ ਤੇ ਹੋਰਨਾਂ ਮੂਲਾਂ ਦੇ ਕਾਮੇ ਸਿੱਧੇ ਤੌਰ 'ਤੇ ਪ੍ਰਭਾਵਤ ਹੋਣਗੇ। ਇਸ ਗੱਲ ਦੀ ਚਰਚਾ ਰਹੀ ਕਿ ਕੁਝ ਦਿਨ ਪਹਿਲਾਂ ਭਾਰਤ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਨੇੜਤਾ ਜ਼ਾਹਰ ਕੀਤੀ ਸੀ। ਦੋਹਾਂ ਨੇ ਮੈਟਰੋ ਵਿਚ ਸਫ਼ਰ ਕਰਦਿਆਂ ਸੈਲਫੀਆਂ ਵੀ ਲਈਆਂ ਸਨ, ਜੋ ਬਹੁਤ ਚਰਚਾ ਵਿਚ ਰਹੀਆਂ। ਟਰਨਬੁਲ ਨੇ ਆਪਣੇ ਮੁਲਕ ਪਰਤਦਿਆਂ ਹੀ ਆਪਣੇ ਤੇਵਰ ਦਿਖਾ ਦਿੱਤੇ। ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਅਤੇ ਆਵਾਸ ਮੰਤਰੀ ਪੀਟਰ ਡਟਨ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਹ ਫ਼ੈਸਲਾ ਮੁਲਕ ਦੇ ਨਾਗਰਿਕਾਂ ਨੂੰ ਨੌਕਰੀਆਂ ਵਿਚ ਪਹਿਲ ਦੇਣ, ਆਵਾਸ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਬਣਾਉਣ ਤੇ ਦੇਸ਼ ਹਿੱਤ ਵਿਚ ਚੁੱਕਿਆ ਗਿਆ ਹੈ। ਮੌਜੂਦਾ ਸਮੇਂ ਆਸਟਰੇਲੀਆ ਵਿਚ ਇਸ ਵੀਜ਼ੇ 'ਤੇ ਵੱਡੀ ਗਿਣਤੀ ਭਾਰਤੀ ਵਸੋਂ ਰਹਿ ਰਹੀ ਹੈ। ਇਸ ਤੋਂ ਬਾਅਦ ਬਰਤਾਨਵੀ ਅਤੇ ਚੀਨੀ ਮੂਲ ਦੇ ਲੋਕ ਆਉਂਦੇ ਹਨ। ਹਾਲਾਂਕਿ ਸਰਕਾਰ ਮੁਤਾਬਕ ਇਸ ਵੀਜ਼ੇ 'ਤੇ ਪਹਿਲਾਂ ਤੋਂ ਰਹਿ ਰਹੇ ਕਾਮੇ ਪ੍ਰਭਾਵਤ ਨਹੀਂ ਹੋਣਗੇ। ਵੀਜ਼ਾ ਟਾਈਪ-457 ਵਪਾਰਕ ਅਦਾਰਿਆਂ ਨੂੰ ਗ਼ੈਰ-ਆਸਟਰੇਲਿਆਈ ਅਤੇ ਅਸਥਾਈ ਤੌਰ 'ਤੇ ਰਹਿ ਰਹੇ ਹੁਨਰਮੰਦ ਕਾਮਿਆਂ ਨੂੰ ਨੌਕਰੀ ਦੇਣ ਦੀ ਸਹੂਲਤ ਦਿੰਦਾ ਸੀ। ਇਸ ਵੀਜ਼ੇ ਤਹਿਤ ਚਾਰ ਸਾਲ ਕੰਮ ਕਰਨ ਤੋਂ ਬਾਅਦ ਪੱਕੀ ਰਿਹਾਇਸ਼ (ਪੀਆਰ) ਲਈ ਅਪਲਾਈ ਕੀਤਾ ਜਾ ਸਕਦਾ ਸੀ। ਬੰਦ ਹੋਏ ਵੀਜ਼ੇ ਦੀ ਥਾਂ ਹੁਣ ਦੋ ਨਵੇਂ ਵੀਜ਼ੇ ਟੀਐੱਸਐੱਸ (ਟੈਂਪਰੇਰੀ ਸਕਿੱਲ ਸ਼ੌਰਟੇਜ਼) ਅਧੀਨ ਹੋਣਗੇ। ਇਨ੍ਹਾਂ ਦੀ ਮਿਆਦ 2 ਅਤੇ 4 ਸਾਲ ਹੋਵੇਗੀ। ਪਹਿਲਾਂ ਜਿੱਥੇ 650 ਵੱਖ-ਵੱਖ ਕੰਮਾਂ ਦੀ ਲਿਸਟ ਤਹਿਤ ਵੀਜ਼ਾ ਲਿਆ ਜਾ ਸਕਦਾ ਸੀ ਉੱਥੇ ਹੁਣ ਸਰਕਾਰ ਨੇ ਇਹ ਸੂਚੀ ਘਟਾ ਕੇ 200 ਕਰ ਦਿੱਤੀ ਹੈ। ਆਵਾਸ ਵਿਭਾਗ ਦੇ ਅੰਕੜਿਆਂ ਮੁਤਾਬਕ 95,575 ਲੋਕ ਵੀਜ਼ਾ-457 'ਤੇ ਮੁਲਕ ਵਿਚ ਹਨ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh    Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat
MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# ਗ਼ਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਲਾਮ

## ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਭਾਈਚਾਰੇ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਕਰਵਾਏ ਗਏ ‘17ਵਾਂ ਮੇਲਾ ਗ਼ਦਰੀ ਬਾਬਿਆਂ ਦਾ’ ਦੀਆਂ ਯਾਦਗਾਰੀ ਝਲਕਾਂ ਤਸਵੀਰਾਂ ਦੀ ਜ਼ੁਬਾਨੀ



**Sponsored By : Sirspeedy Tustin, Printers to the community.**

**For All type of Printing Please Call Jagjit Singh Bains : 562-881-7430**

ਵਿਸਾਖੀ ਮੁਬਾਰਿਕ **TO CELEBRATE** ਵਿਸਾਖੀ ਮੁਬਾਰਿਕ

**VAISAKHI**

# PUNJABI CULTURAL SOCIETY

## of Chicago

PROUDLY PRESENTS MOST POPULAR SHOW IN CHICAGOLAND FOR 23 YEARS

# RANGLA PUNJAB 2017

on

## SATURDAY, April 29th, 2017

7:00 p.m. sharp

**MEADOWS CLUB**

**2950 W Golf Rd. Rolling Meadows, Il. 60008**

ENJOY A COLORFUL FAMILY STYLE EVENING FULL OF EXCITEMENT

# ਰੰਗਲਾ ਪੰਜਾਬ

**Bhangra, Gidha, Children's Items, Bolian, Dances, Punjabi skits and much more.**



Admission Donation: $20, $50, $100/V.I.P. Front row reserved seats, Children under 10 yr. Free,
(Dinner included w/$100 tickets)

SPONSORS are encouraged, will be appropriately recognized at the show
Advance Purchase is encouraged, Purchase your tickets ASAP, Make your check Payable to P.C.S.
for further information please contact:

**ਪੰਜਾਬੀ ਸਭਿਆਚਾਰਕ ਸਭਾ (847) 359-5PCS**

**PUNJABI CULTURAL SOCIETY**

**of Chicago**

P. O. BOX 1244, PALATINE, IL. 60078 E-mail info@PCSChicago.org
Facebook: PUNJABI CULTURAL SOCIETY OF CHICAGO www.PCSChicago.org

P.C.S. is a not for profit organization promoting Punjabi Culture, Language Sports & Performing Arts.


VIRSA ENTERTAINMENT PRESENTS
SPONSORED BY CHICAGO PIZZA BAY AREA
NIMRAT KHAIRA
MANKIRT AULAKH
HIMANSHI KHURANA
NINJA
SUNANDA SHARMA
VAISAKHI
ਮੇਲਾ
2017
ASHA SHARMA
DATE - 29TH APRIL 2017 , SATURDAY
TIMINGS 1PM-7PM
JAMES LOGAN HIGH SCHOOL
1800 H ST, UNION CITY, CA 94587
WWW.SULEKHA.COM/VIRSA
TICKETS
PRESALE $20
AT GATE $29
VIP,ELITE
SENIORS ABOVE 65 &
KIDS UNDER 7 FREE
CALL FOR VIP,ELITE
CONTACT FOR SPONSORSHIP , BOOTHS , BHANGRA & GIDDHA TEAMS PLEASE CONTACT
MICKEY SRA - 408-966-7019 , PREETI KANG - 510-509-8890 , JAGMIT JOSAN -408-658-3909
JASS AULAKH - 510-760-4275 , NIRAV GHUNCHALA- 510-396-0500 , SATWINDER SRA - 408-624-7857
MANNY BHANDAL 831-588-0725 PARDEEP SINGH BAJWA 916-917-0911
VIRSA
ENTERTAINMENT
SPONSORED BY
CHICAGO'S
PIZZA
With-A-Twist
Fremont - Union City
SHALIMAR RESTAURANT
SUNNYVALE
Raja SWEETS & CATERING
VANCO TRUCK & AUTO PLAZA
FRIENDS ENTERTAINMENT GROUP
SPEED HAULIER INC.
SIMRAN TRUCKING
ALL CITY TRUCKING INC.
MEDIA PARTNER
SUMEL SINGH
IQBAL SINGH
AMOLAK SINGH
PALWINDER S GAKHAL
Radio Punjab
Punjabi
RADIO USA

# ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਭਾਰਤੀ ਕੌਂਸਲਖਾਨੇ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ

## ਸ਼ਹੀਦ ਭਗਤ ਸਿੰਘ ਦੀ ਤਸਵੀਰ ਕੌਂਸਲਖਾਨੇ ਵਿਚ ਲਾਈ

**ਸਾਨ ਫਰਾਂਸਿਸਕੋ/ਹੁਸਨ ਲੜੋਆ ਬੰਗਾ :** ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਮੌਕੇ ਭਾਰਤੀ ਕੌਂਸਲਖਾਨਾ ਸਾਨ ਫਰਾਂਸਿਸਕੋ ਵਿਚ ਹੋਏ ਸਮਾਗਮ 'ਚ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਕੌਂਸਲੇਟ ਜਨਰਲ ਸ੍ਰੀ ਵੈਂਕਾਟੇਸ਼ ਅਸ਼ੋਕ ਨੇ ਵਿਸਾਖੀ ਦੀ ਵਧਾਈ ਦਿੱਤੀ। ਉਨ੍ਹਾਂ ਨੇ ਕੌਂਸਲਖਾਨੇ ਵਿਚ ਲਾਈ ਸ਼ਹੀਦ ਭਗਤ ਸਿੰਘ ਦੀ ਤਸਵੀਰ ਉਪਰੋਂ ਪਰਦਾ ਹਟਾਉਣ ਦੀ ਰਸਮ ਨਿਭਾਈ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਬਹੁਤ ਬਹਾਦਰ ਕੌਮ ਹੈ ਤੇ ਸਿੱਖਾਂ ਦਾ ਭਾਰਤ ਦੀ ਆਜ਼ਾਦੀ ਵਿਚ ਬਹੁਤ ਵੱਡਾ ਯੋਗਦਾਨ ਹੈ। ਸ਼ਹੀਦ ਭਗਤ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਾ ਵਾਰ ਦਿੱਤਾ। ਹੋਰਨਾਂ ਬੁਲਾਰਿਆਂ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਭਗਤ ਸਿੰਘ ਦੀ ਸੋਚ ਉਪਰ ਪਹਿਰਾ ਦੇਣ ਦੀ ਅਪੀਲ ਕੀਤੀ। ਸਮਾਗਮ ਵਿਚ ਵੱਖ ਵੱਖ ਸੋਸਾਇਟੀਆਂ ਤੇ ਸੰਸਥਾਵਾਂ ਦੇ ਆਗੂ ਪੁੱਜੇ ਹੋਏ ਸਨ। ਇਹ ਸਾਰਾ ਪ੍ਰਬੰਧ ਵਾਈਸ ਕੌਂਸਲ ਸ੍ਰੀ ਵੈਂਕਟਾਰਮਨ ਦੀ ਦੇਖ ਰੇਖ ਹੇਠ ਹੋਇਆ। ਇਸ ਮੌਕੇ ਦੁਪਹਿਰ ਦੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ ਜਿਸ ਦੀ ਸੇਵਾ ਪੰਜਾਬ ਐਕਸਪ੍ਰੈਸ ਰੈਸਟੋਰੈਂਟ ਦੇ ਕੁਲਵਿੰਦਰ ਸਿੰਘ ਵੱਲੋਂ ਕੀਤੀ ਗਈ। ਸਮਾਗਮ ਵਿਚ ਪੁੱਜੀਆਂ ਅਹਿਮ ਸਖਸ਼ੀਅਤਾਂ ਵਿਚ ਦਲਵਿੰਦਰ ਸਿੰਘ ਧੂਤ, ਜਗਦੇਵ ਰਾਮ ਅਟਾਰਨੀ ਐਟ ਲਾਅ , ਅਜੇਪਾਲ ਰਾਮ ਅਟਰਾਨੀ ਐਟ ਲਾਅ , ਗਲਿੰਦਰ ਗਿੱਲ, ਚਰਨ ਸਿੰਘ ਜੱਜ, ਸੁਰਿੰਦਰ ਸਿੰਘ ਮੰਢਾਲੀ, ਇੰਡੋ ਅਮਰੀਕਨ ਫੋਰਮ ਦੇ ਮੈਂਬਰ, ਹਰਜਿੰਦਰ ਧਾਮੀ, ਰੋਮੀ ਉਪਲ, ਕੈਪਟਨ ਕਰਮਜੀਤ ਸਿੰਘ, ਪਰਮਜੀਤ ਸਿੰਘ ਦਾਖਾ, ਸੁਰਜੀਤ ਮਾਣਕੂ, ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ, ਗੁਰਮੀਤ ਗਾਜਿਆਣਾ, ਮਹਿੰਦਰ ਕੰਡਾ, ਸੰਜੀਵ ਕੁਮਾਰ, ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਪ੍ਰਧਾਨ ਹਰਪ੍ਰੀਤ ਸਿੰਘ ਸਿੱਧੂ, ਜਸਬੀਰ ਪਵਾਰ ਸੈਨਹੋਜੇ ਗੁਰੂ ਘਰ, ਸੁੱਖੀ ਚਾਹਲ, ਗੁਰਵੰਤ ਸਿੰਘ ਪੰਨੂ ਪ੍ਰਧਾਨ ਓਵਰਸੀਜ ਕਾਂਗਰਸ ਤੇ ਪ੍ਰਦੀਪ ਗਣਤਰਾ ਏਅਰ ਇੰਡੀਆ ਸਟੇਸ਼ਨ ਮਾਸਟਰ ਹਾਜ਼ਰ ਸਨ। ਗੁਰਜਤਿੰਦਰ ਸਿੰਘ ਰੰਧਾਵਾ ਨੇ ਆਪਣਾ ਵਧਾਈ ਸੰਦੇਸ਼ ਭੇਜਿਆ ਕਿਉਂਕਿ ਉਹ ਭਾਰਤ ਗਏ ਹੋਣ ਕਾਰਨ ਪਹੁੰਚ ਨਹੀਂ ਸਕੇ। ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਬਹੁਤ ਹੀ ਵਧੀਆ ਢੰਗ ਨਾਲ ਸਮਾਪਤ ਹੋਇਆ।

ਵਰਨਣਯੋਗ ਹੈ ਕਿ ਸਾਨ ਫਰਾਂਸਿਸਕੋ ਸਥਿੱਤ ਭਾਰਤੀ ਕੌਂਸਲੇਟ ਜਰਨਲ ਦੀ ਇਮਾਰਤ ਗਦਰ ਮੈਮੋਰੀਅਲ ਵਜੋਂ ਜਾਣੀ ਹੈ।

ਗਦਰੀ ਬਾਬਿਆਂ ਨੇ ਇਸ ਇਮਾਰਤ ਦੀ ਉਸਾਰੀ ਸਿੱਖ ਸੰਗਤ ਦੇ ਪੈਸਿਆਂ ਨਾਲ ਕੀਤੀ ਸੀ। ਭਾਰਤੀ ਕੌਂਸਲੇਟ ਨੇ ਕੁਝ ਸਾਲ ਪਹਿਲਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਇੱਥੇ ਲਾਈ ਸੀ। ਕੌਂਸਲੇਟ ਅਧਿਕਾਰੀਆਂ ਨੂੰ ਸਾਰੇ ਮੁੱਖ ਗਦਰੀ ਬਾਬਿਆਂ ਦੀਆਂ ਤਸਵੀਰਾਂ ਮੇਨ ਲਾਬੀ ਵਿੱਚ ਲਾਉਣੀਆਂ ਚਾਹੀਦੀਆਂ ਹਨ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਗਦਰੀ ਬਾਬਿਆਂ ਦਾ ਅਹਿਮ ਯੋਗਦਾਨ ਹੈ ਜਦੋਂ ਕਿ ਸਾਰਾ ਸਿਹਰਾ ਰਾਜਸੀ ਸੌਦੇਬਾਜੀ ਕਰਨ ਵਾਲੇ ਗਾਂਧੀ ਤੇ ਨਹਿਰੂ ਦੇ ਸਿਰ ਬੰਨ੍ਹ ਦਿੱਤਾ ਜਾਂਦਾ ਹੈ। ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੀਆਂ ਪੁਸਤਕਾਂ ਵਿੱਚ ਗਦਰੀ ਬਾਬਿਆਂ ਦੀ ਮਹਾਨ ਦੇਣ ਦਾ ਜ਼ਿਕਰ ਤੱਕ ਸਹੀ ਢੰਗ ਨਾਲ ਨਹੀਂ ਕੀਤਾ ਜਾਂਦਾ।







ਅ਼ਫਗਾਨਿਸਤਾਨ ਦੇ ਹੈਲਮੰਡ ਸੂਬੇ ਵਿਚ 22 ਜੂਨ, 2011 ਨੂੰ 'ਆਪਰੇਸ਼ਨ ਐਂਡਿਓਰਿੰਗ ਫ਼ਰੀਡਮ' ਦੌਰਾਨ 21 ਵਰ੍ਹਿਆਂ ਦਾ ਪੰਜਾਬੀ ਨੌਜਵਾਨ ਮੈਰੀਨ ਕੋਰਪੋਰਲ ਗੁਰਪ੍ਰੀਤ ਸਿੰਘ ਸ਼ਹੀਦ ਹੋ ਗਿਆ ਸੀ। ਉਸ ਦੇ ਬਲੀਦਾਨ ਨੂੰ ਯਾਦ ਕਰਦਿਆਂ ਸਟਾਕਟਨ ਗੁਰੂਘਰ ਕਮੇਟੀ ਵਲੋਂ ਸਾਲਾਨਾ ਸਿੱਖ ਪਰੇਡ ਤੇ ਵਿਸਾਖੀ ਪ੍ਰੋਗਰਾਮ ਦੌਰਾਨ ਗੁਰਪ੍ਰੀਤ ਸਿੰਘ ਦੇ ਪਿਤਾ ਨਿਰਮਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ।


PCS SACRAMENTO Presents (USA)

Non Profit — Since 1990

28ਵਾਂ

ਵਿਸਾਖੀ ਮੇਲਾ

Visakhi Mela





Featuring : Songs, Gidha & Bhangra, Dances, Skits and Much More

Celebration On

Saturday 29th April 2017

at 3:00 P.M.

Performing Art Centre

Sheldon High School

8333 Kingsbridge Drive, Sacramento CA 95829

Spcl. Appearance Bhangra & Gidda

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੈਡੈਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੌਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

For More Information Please Contact : Participation: Rashpal Pharwala (916) 880-0531,
Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

**Basic web packages are availables on comparatively economical rates**
**We work as per your requirement and charge only according to work**

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com

# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

## ਸਿਮਰਨ ਕੌਰ ਅਟਵਾਲ

ਏਜੰਟ
ਲਾਇੰਸਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165

## ਵਿਸਾਖੀ-ਖਾਲਸਾ ਸਾਜਣਾ ਦਿਵਸ

### 14, 15 ਅਤੇ 16 ਅਪ੍ਰੈਲ 2017

### ਪ੍ਰੋਗਰਾਮ

**ਸ਼ੁਕਰਵਾਰ 14 ਅਪ੍ਰੈਲ 2017 :** ਢਾਡੀ ਜਥਾ ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂ ਸ਼ਹਿਰ ਵਾਲੇ ਸ਼ਾਮੀਂ 6:00 ਵਜੇ ਤੋਂ 8:30 ਵਜੇ ਤੱਕ

**ਸ਼ਨਿਚਰਵਾਰ 15 ਅਪ੍ਰੈਲ 2017 :** ਢਾਡੀ ਜਥਾ ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂ ਸ਼ਹਿਰ ਵਾਲੇ ਸ਼ਾਮੀਂ 6:00 ਵਜੇ ਤੋਂ 8:30 ਵਜੇ ਤੱਕ

**ਐਤਵਾਰ 16 ਅਪ੍ਰੈਲ 2017 :** ਕੀਰਤਨ ਆਸਾ ਦੀ ਵਾਰ ਸਵੇਰੇ 8:00 ਵਜੇ ਤੋਂ 11:00 ਵਜੇ ਤੱਕ

**ਕੀਰਤਨ:** ਬੀਬੀਆਂ ਦਾ ਜਥਾ ਅਤੇ ਗੁਰੂ ਅੰਗਦ ਦੇਵ ਚਿਲਡਰਨ ਅਕੈਡਮੀ ਦੇ ਬੱਚਿਆਂ ਵਲੋਂ ਸਵੇਰੇ 11:00 ਵਜੇ ਤੋਂ 11:45 ਵਜੇ ਤੱਕ

**ਕੀਰਤਨ ਹਜ਼ੂਰੀ ਰਾਗੀ ਜਥੇ :** ਭਾਈ ਸੁਖਦੇਵ ਸਿੰਘ ਅਤੇ ਭਾਈ ਰਘਬੀਰ ਸਿੰਘ ਜੀ ਸਵੇਰੇ 11:45 ਵਜੇ ਤੋਂ ਬਾਅਦ ਦੁਪਹਿਰ 12:45 ਵਜੇ ਤੱਕ

**ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ :** ਨਰਿੰਦਰ ਸਿੰਘ ਢਿਲੋਂ ਪਰਿਵਾਰ ਵਲੋਂ ਚਾਹ, ਸਨੈਕਸ, ਪਕੌੜਿਆਂ ਅਤੇ ਮਠਿਆਈਆਂ ਦੀ ਸੇਵਾ ਤਿੰਨੋਂ ਦਿਨ ਜਾਰੀ ਰਹੇਗੀ

**ਨੋਟ :** 21, 22 ਅਤੇ 23 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਰਘਬੀਰ ਸਿੰਘ ਜੀ ਤੇ ਪਰਿਵਾਰ ਵਲੋਂ ਸਭਨਾਂ ਸੰਗਤਾਂ ਨੂੰ ਪੁੱਜਣ ਦੀ ਬੇਨਤੀ ਹੈ ਜੀ।



ਕੀਰਤਨ ਅਤੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਕਾਲ ਕਰੋ:
ਹਨਵੰਤਬੀਰ ਸਿੰਘ ਸਾਹਨੀ (626) 369-3305 ਜਾਂ
ਭਾਈ ਰਘਬੀਰ ਸਿੰਘ ਜੀ (626) 833-8240

### ਸੇਵਾਦਾਰ ਗੁਰਦੁਆਰਾ ਵਾਲਨਟ

- ਸਤਪਾਲ ਸਿੰਘ ਘੋਤਰਾ-(909) 569-9545
- ਸੁਰਿੰਦਰ ਸਿੰਘ ਭੋਗਲ-(909) 861-5767
- ਗੁਰਬਚਨ ਸਿੰਘ ਜੁਨੇਜਾ-(909) 228-1556
- ਕੁਲਬੀਰ ਸਿੰਘ ਭੁੱਲਰ-(626) 675-2233
- ਜਗਜੀਤ ਸਿੰਘ ਇਰਾਨੀ-(626) 239-5621

**Shri Guru Singh Sabha Walnut**
20001 E. Walnut Dr. South Walnut, CA 91789 (909) 869-6165

# ਸੈਲਮਾ ਵਿਖੇ ਵਿਸਾਖੀ ਨੂੰ ਸਮਰਪਿਤ 23ਵੇਂ ਸਾਲਾਨਾ ਨਗਰ ਕੀਰਤਨ ਨੇ ਬਿਖੇਰਿਆ ਖਾਲਸਾਈ ਰੰਗ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ :**
ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸੀਫਿਕ ਕੋਸਟ' ਵਿਖੇ ਸੈਂਟਰਲ ਵੈਲੀ ਵਿਚ ਵਿਸਾਖੀ ਨੂੰ ਸਮਰਪਿਤ 23ਵਾਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆਂ ਨੇ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਵਿਸ਼ੇਸ਼ ਸਮਾਗਮ ਹੋਏ। ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਨਾਲ ਹੋਈ।



ਇਸ ਮਗਰੋਂ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਦੇ ਪਿੱਛੇ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਪਿੱਛੇ ਅਨੇਕਾਂ ਸਿੱਖ ਧਰਮ ਨਾਲ ਸੰਬੰਧਤ ਝਾਕੀਆਂ ਨਵੇਂ ਵਸੇ ਅਮਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਰਾਹੀਂ ਨਜ਼ਰੀਂ ਪੈ ਰਹੀ ਸੀ। ਇਸ ਵਿੱਚ ਬੱਚਿਆਂ-ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਨਗਰ ਕੀਰਤਨ ਦੌਰਾਨ ਪਕਵਾਨਾਂ ਦੇ ਸਟਾਲ ਲੱਗੇ ਹੋਏ ਸਨ। ਸਜੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ।

## ਫਰਿਜ਼ਨੋ ਡਾਊਨ-ਟਾਊਨ 'ਚ ਗੋਲੀ ਮਾਰ ਕੇ 3 ਦੀ ਹੱਤਿਆ

### *ਹਮਲਾਵਰ ਨੇ ਕੀਤਾ ਆਤਮ-ਸਮਰਪਣ*

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**
ਡਾਉਨ ਟਾਊਨ ਵਿੱਚ ਗੋਲੀ ਲੱਗਣ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਹ ਘਟਨਾ ਸਵੇਰ ਸਮੇਂ ਵਾਪਰੀ। ਹਮਲਾਵਰ ਨੇ ਪੁਲੀਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਮੁਲਜ਼ਮ ਦੀ ਪਛਾਣ ਕੋਰੀ ਅਲੀ ਮੁਹੰਮਦ (39 ਸਾਲ) ਵਜੋਂ ਹੋਈ ਹੈ। ਇਹ ਓਹੀ ਵਿਅਕਤੀ ਹੈ, ਜਿਸ ਨੇ ਕੁਝ ਦਿਨ ਪਹਿਲਾਂ ਨੌਰਥ-ਵਿਸਟ ਫਰਿਜ਼ਨੋ ਵਿਖੇ ਮੋਟਲ 6 ਦੇ ਪਾਰਕਿੰਗ ਲਾਟ ਵਿੱਚ ਸਕਿਉਰਿਟੀ ਗਾਰਡ ਨੂੰ ਕਤਲ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਕਿ ਪੁਲੀਸ ਇਸ ਨੂੰ ਕਾਬੂ ਕਰਦੀ, ਇਸ ਨੇ ਇੱਕ ਹੋਰ ਘਟਨਾ ਨੂੰ ਅੰਜਾਮ ਦੇ ਕੇ ਤਿੰਨ ਬੇਦੋਸ਼ਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਐਫ.ਬੀ.ਆਈ. ਪੂਰੀ ਘਟਨਾ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।



ਕੋਰੀ ਅਲੀ ਮੁਹੰਮਦ

## ਟਾਈਟਲਰ ਨੇ ਲਾਈ ਡਿਟੈਕਟਰ ਟੈਸਟ ਤੋਂ ਮੁੜ ਕੀਤਾ ਇਨਕਾਰ

ਨਵੀਂ ਦਿੱਲੀ/ਬਿਊਰੋ ਨਿਊਜ਼ : ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ 1984 ਸਿੱਖ ਦੰਗੇ ਮਾਮਲੇ ਵਿਚ ਲਾਈ ਡਿਟੈਕਟਰ ਟੈਸਟ ਕਰਵਾਉਣ ਤੋਂ ਫਿਰ ਇਨਕਾਰ ਕਰ ਦਿੱਤਾ ਹੈ। ਦਿੱਲੀ ਦੀ ਇਕ ਅਦਾਲਤ ਨੇ ਇਸ ਸਬੰਧੀ ਫ਼ੈਸਲਾ 9 ਮਈ ਤੱਕ ਸੁਰੱਖਿਅਤ ਰੱਖ ਲਿਆ ਹੈ। ਚੀਫ ਮੈਟ੍ਰੋਪਾਲੀਟਨ ਮੈਜਿਸਟ੍ਰੇਟ ਸ਼ਿਵਾਲੀ ਸ਼ਰਮਾ ਨੇ ਸੀ.ਬੀ.ਆਈ, ਟਾਈਟਲਰ, ਵਰਮਾ ਤੇ ਦੰਗਿਆਂ ਦੇ ਪੀੜਤਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 9 ਮਈ 'ਤੇ ਪਾ ਦਿੱਤੀ। ਇਸ ਤੋਂ ਪਹਿਲਾਂ ਮਾਰਚ ਵਿਚ ਵੀ ਟਾਈਟਲਰ ਨੇ ਇਹ ਕਹਿਕੇ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਉਸ ਨਾਲ ਜ਼ਬਰਦਸਤੀ ਕਰਨ ਵਾਂਗ ਹੋਵੇਗਾ। ਟਾਈਟਲਰ ਦੇ ਵਕੀਲ ਨੇ ਇਸ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਸੀ ਕਿ ਸੀ.ਬੀ.ਆਈ. ਨੇ ਇਹ ਟੈਸਟ ਕਰਨ ਦਾ ਕੋਈ ਕਾਰਨ ਨਹੀਂ ਦਿੱਤਾ ਹੈ। ਇਸ ਤੋਂ ਬਾਅਦ ਅਦਾਲਤ ਨੇ ਟੈਸਟ ਕਰਨ ਦੀ ਆਗਿਆ ਮੰਗਣ ਵਾਲੀ ਸੀ.ਬੀ.ਆਈ. ਦੀ ਅਰਜ਼ੀ 'ਤੇ ਅੱਗੇ ਬਹਿਸ ਕਰਨ ਲਈ ਇਸ ਮਾਮਲੇ ਨੂੰ 18 ਅਪ੍ਰੈਲ ਤੱਕ ਸੂਚੀਬੱਧ ਕਰ ਦਿੱਤਾ ਸੀ। ਗੌਰਤਲਬ ਹੈ ਕਿ ਇਹ ਮਾਮਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਅਗਲੇ ਦਿਨ ਇਕ ਨਵੰਬਰ 1984 ਨੂੰ ਉੱਤਰੀ ਦਿੱਲੀ ਦੇ ਗੁਰਦੁਆਰਾ ਪੁੱਲ ਬੰਗਾਸ਼ ਵਿਚ ਤਿੰਨ ਲੋਕਾਂ ਦੇ ਕਤਲ ਨਾਲ ਜੁੜਿਆ ਹੋਇਆ ਹੈ। ਇਸ ਮਾਮਲੇ ਵਿਚ ਸੀ.ਬੀ.ਆਈ. ਟਾਈਟਲਰ ਨੂੰ 3 ਵਾਰ ਕਲੀਨ ਚਿੱਟ ਦੇ ਚੁੱਕੀ ਹੈ ਪਰ ਅਦਾਲਤ ਨੇ ਜਾਂਚ ਏਜੰਸੀ ਨੂੰ ਇਸ ਮਾਮਲੇ ਵਿਚ ਹੋਰ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ 4 ਦਸੰਬਰ 2015 ਨੂੰ ਆਦੇਸ਼ ਦਿੱਤਾ ਸੀ ਕਿ ਜੇਕਰ ਜ਼ਰੂਰਤ ਮਹਿਸੂਸ ਹੋਵੇ ਤਾਂ ਲਾਈ ਡਿਟੈਕਟਰ ਟੈਸਟ ਵੀ ਕਰਵਾਇਆ ਜਾ ਸਕਦਾ ਹੈ।





**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com

SAVE $2500
ON DIESEL PER TRUCK WITH
ONE CALL!



11¢




DISCOUNT
PER GALLON

✓ No more Pre-Paid Cards

✓ Get Rid of Bank Wires ✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com


HYDERABAD PAVILION
VEGETABLES
FRESHLY MADE EVERYDAY!
39030 Argonaut Way, Fremont, CA 94538
BHINDI MASALA
PALAK PANEER
PANEER MAKHANI
MALAI KOFTA
DAL MAKHANI
ALOO GOBI
THALI • BIRYANI • TANDOORI
ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।
ORDER AHEAD & PICKUP, CALL:
510.713.0183

### ਰੇਤੀ ਮਾਫ਼ੀਆ ਨੇ ਖੋਖਲੀ ਕੀਤੀ ਪੰਜਾਬ ਦੀ ਸਰਹੱਦ...

# ਹਮਲਾ ਹੋਇਆ ਤਾਂ ਫ਼ੌਜ ਦਾ ਸਰਹੱਦ ਤੱਕ ਪਹੁੰਚਣਾ ਹੋਵੇਗਾ ਮੁਸ਼ਕਲ

## ਪਠਾਨਕੋਟ ਹਮਲੇ ਤੋਂ ਬਾਅਦ ਜਾਂਚ ਕਰਨ ਗਈ ਸੰਸਦੀ ਕਮੇਟੀ ਨੇ ਕੀਤੀ ਸਿਫ਼ਾਰਸ਼; ਸਰਹੱਦ 'ਤੇ ਹਾਲਾਤ ਅਜਿਹੇ ਕਿ ਟੈਂਕ ਜਿਹੇ ਵੱਡੇ ਵਾਹਨ ਚੱਲਣ ਤਾਂ ਟੁੱਟ ਜਾਣਗੀਆਂ ਸੜਕਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਰਹੱਦ 'ਤੇ ਹਮਲੇ ਜਾਂ ਮਾਹੌਲ ਖ਼ਰਾਬ ਹੋਣ 'ਤੇ ਸੜਕ ਦੇ ਰਸਤੇ ਫ਼ੌਜ ਆਸਾਨੀ ਨਾਲ ਪੰਜਾਬ ਸਰਹੱਦ ਤੱਕ ਨਹੀਂ ਪਹੁੰਚ ਸਕਦੀ। ਕਾਰਨ, ਪੰਜਾਬ ਦੇ ਨਾਲ ਲੱਗਦੀ ਸਰਹੱਦ ਨੂੰ ਰੇਤ ਮਾਫ਼ੀਏ ਨੇ ਥਾਂ-ਥਾਂ ਤੋਂ ਖੋਖਲਾ ਕਰ ਦਿੱਤਾ ਹੈ। ਪੰਜਾਬ ਪੁਲੀਸ ਅਤੇ ਬੀ.ਐਸ.ਐਫ. ਦੇ ਕੁੱਝ ਜਵਾਨਾਂ 'ਤੇ ਰੇਤ ਮਾਫ਼ੀਏ ਨਾਲ ਮਿਲ ਕੇ ਸੁਰੱਖਿਆ ਨੂੰ ਨੁਕਸਾਨ ਪਹੁੰਚਣ ਦਾ ਦੋਸ਼ ਹੈ। ਗ੍ਰਹਿ ਮੰਤਰਾਲੇ ਦੀ ਸਥਾਈ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ 'ਚ ਇਹ ਖ਼ੁਲਾਸਾ ਕੀਤਾ ਹੈ।

31 ਮੈਂਬਰੀ ਕਮੇਟੀ ਨੇ ਜਾਂਚ 'ਚ ਪਾਇਆ ਕਿ ਪੰਜਾਬ 'ਚ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਨੂੰ ਜੋੜਨ ਵਾਲੀਆਂ ਸੜਕਾਂ ਬਹੁਤ ਖ਼ਰਾਬ ਹਾਲਤ 'ਚ ਹਨ। ਕਮੇਟੀ ਅਨੁਸਾਰ ਸੜਕਾਂ ਦੀ ਹਾਲਤ ਅਜਿਹੀ ਹੋ ਚੁੱਕੀ ਹੈ ਕਿ ਕਿਸੇ ਵੀ ਹੰਗਾਮੀ ਹਾਲਤ 'ਚ ਇਨ੍ਹਾਂ ਸੜਕਾਂ 'ਤੇ ਟੈਂਕ ਜਿਹੇ ਫ਼ੌਜ ਦੇ ਵੱਡੇ ਵਾਹਨ ਨਹੀਂ ਜਾ ਸਕਦੇ। ਸੰਸਦੀ ਕਮੇਟੀ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ 'ਚ ਗ਼ੈਰ-ਕਾਨੂੰਨੀ ਖ਼ੁਦਾਈ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਸਕੱਤਰ ਅਤੇ ਪੰਜਾਬ ਸਰਕਾਰ ਦੇ ਪ੍ਰਤੀਨਿਧ ਨੂੰ ਬੁਲਾ ਕੇ ਉਨ੍ਹਾਂ ਨੂੰ ਮਾਮਲੇ ਦੀ ਰਿਪੋਰਟ ਦਿੱਤੀ ਹੈ। ਪੰਜਾਬ ਸਰਕਾਰ ਤੋਂ ਸੰਸਦੀ ਕਮੇਟੀ ਨੇ ਕੌਮੀ ਸੁਰੱਖਿਆ ਦੇ ਮੱਦੇਨਜ਼ਰ ਗ਼ੈਰ-ਕਾਨੂੰਨੀ ਖ਼ੁਦਾਈ ਬੰਦ ਕਰਵਾਉਣ ਲਈ ਕਿਹਾ ਹੈ।



### ਕਮੇਟੀ ਨੇ ਕਿਹਾ : 701 ਕਿੱਲੋਮੀਟਰ ਸੜਕ ਤੁਰੰਤ ਬਣਾਉਣ ਦੀ ਲੋੜ ਹੈ

ਮਿਲੀ ਰਿਪੋਰਟ 'ਚ ਸੰਸਦੀ ਕਮੇਟੀ ਨੇ ਗ੍ਰਹਿ ਮੰਤਰਾਲਾ ਨੂੰ ਭੇਜੀ ਆਪਣੀ ਸਿਫ਼ਾਰਸ਼ 'ਚ ਕਿਹਾ ਹੈ ਕਿ ਕੌਮੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਪੰਜਾਬ 'ਚ ਸਰਹੱਦੀ ਖੇਤਰ ਦੇ ਨਜ਼ਦੀਕ 791 ਕਿੱਲੋਮੀਟਰ ਸੜਕ ਤੁਰੰਤ ਬਣਾਉਣ ਦੀ ਲੋੜ ਹੈ। ਹਾਲਾਂਕਿ ਇਨ੍ਹਾਂ 'ਚ ਜ਼ਿਆਦਾਤਰ ਸੜਕਾਂ ਪਹਿਲਾਂ ਹੀ ਬਣੀਆਂ ਹੋਈਆਂ ਹਨ। ਇਸ 'ਚ 481 ਕਿੱਲੋਮੀਟਰ ਸੜਕ ਬਾਰਡਰ ਲਾਈਨ ਦੇ ਨਾਲ-ਨਾਲ ਬਣਾਈ ਜਾਣੀ ਹੈ, ਜੋ ਕਿ ਗਸ਼ਤ ਅਤੇ ਨਿਗਰਾਨੀ ਲਈ ਵਰਤੀ ਜਾਣੀ ਹੈ। ਜਦਕਿ 129 ਕਿੱਲੋਮੀਟਰ ਬਾਰਡਰ ਦੀਆਂ ਸਹਾਇਕ ਸੜਕਾਂ ਬਣਾਈਆਂ ਜਾਣੀਆਂ ਹਨ। ਸੜਕ ਬਣਾਉਣ ਕਾਰਨ ਸਰਹੱਦ ਚੌਂਕੀਆਂ ਨੂੰ ਆਪਸ 'ਚ ਜੋੜਿਆ ਜਾ ਸਕੇਗਾ। ਇਸ ਪੂਰੀ ਯੋਜਨਾ ਦੀ ਲਾਗਤ 902 ਕਰੋੜ ਰੁਪਏ ਹੈ। ਫ਼ਿਲਹਾਲ ਪ੍ਰੋਜੈਕਟ ਨੂੰ ਮਨਜ਼ੂਰੀ ਲਈ ਸਬੰਧਤ ਅਧਿਕਾਰੀਆਂ ਕੋਲ ਭੇਜ ਦਿੱਤਾ ਗਿਆ ਹੈ।

**ਪੁਲੀਸ-ਬੀ.ਐਸ.ਐਫ. ਦੀ ਜਾਂਚ ਕਰ ਕੇ ਕਾਰਵਾਈ ਦੀ ਸਿਫ਼ਾਰਸ਼ :** ਕੌਮਾਂਤਰੀ ਸਰਹੱਦ 'ਤੇ ਇਸ ਲਾਪਰਵਾਹੀ ਅਤੇ ਸੜਕਾਂ ਦੀ ਹਾਲਾਤ 'ਤੇ ਸੰਸਦੀ ਕਮੇਟੀ ਨੇ ਚਿੰਤਾ ਪ੍ਰਗਟਾਈ ਹੈ। ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਇਸ ਅਪਰਾਧ 'ਚ ਬੀ.ਐਸ.ਐਫ. ਅਤੇ ਪੰਜਾਬ ਪੁਲੀਸ ਦੀ ਮਿਲੀਭੁਗਤ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇ। ਗ੍ਰਹਿ ਮੰਤਰਾਲਾ ਅਤੇ ਪੰਜਾਬ ਸਰਕਾਰ ਸਾਂਝੇ ਤੌਰ 'ਤੇ ਜਾਂਚ ਕਰੇ। ਸਚਾਈ ਦਾ ਪਤਾ ਲਗਾ ਕੇ ਸਾਰੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਗ੍ਰਹਿ ਮੰਤਰਾਲੇ ਵਲੋਂ ਕਿਹਾ ਗਿਆ ਹੈ ਕਿ ਉਹ ਪੰਜਾਬ ਦੀ ਸਰਹੱਦ 'ਤੇ ਹੋ ਰਹੇ ਇਸ ਨਾਜਾਇਜ਼ ਕਾਰੋਬਾਰ ਨੂੰ ਰੋਕਣ ਦਾ ਹੁਕਮ ਦੇਵੇ।

### ਸੰਸਦੀ ਕਮੇਟੀ ਨੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਦਾ ਕੀਤਾ ਸੀ ਦੌਰਾ

ਸੰਸਦੀ ਕਮੇਟੀ ਨੇ 7 ਤੋਂ 12 ਫਰਵਰੀ ਤੱਕ ਪੰਜਾਬ 'ਚ ਪਠਾਨਕੋਟ ਏਅਰ ਬੇਸ, ਅੰਮ੍ਰਿਤਸਰ ਅਤੇ ਗੁਰਦਾਸਪੁਰ ਬਾਰਡਰ ਦਾ ਦੌਰਾ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ 'ਚ ਬੇਤਰਤੀਬ ਅਤੇ ਨਾਜਾਇਜ਼ ਤਰੀਕੇ ਨਾਲ ਹੋ ਰਹੀ ਰੇਤ ਖ਼ੁਦਾਈ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਕਿਹਾ ਗਿਆ ਕਿ ਪੁਲੀਸ ਅਤੇ ਬੀ.ਐਸ.ਐਫ. ਦੀ ਮਿਲੀਭੁਗਤ ਨਾਲ ਰੇਤ ਮਾਫ਼ੀਆ ਖ਼ੁਦਾਈ ਕਰ ਰਿਹਾ ਹੈ। ਅਖ਼ਬਾਰਾਂ ਦੀਆਂ ਕਈਆਂ ਖ਼ਬਰਾਂ ਵੀ ਵਿਖਾਈ ਗਈਆਂ। ਸਥਾਨਕ ਕਿਸਾਨਾਂ ਨੇ ਦੱਸਿਆ ਕਿ ਪੁਲੀਸ ਅਤੇ ਬੀ.ਐਸ.ਐਫ. ਨੇ ਇਸ ਕੰਮ 'ਚ ਮਾਫ਼ੀਆ ਦਾ ਸਾਥ ਦਿੱਤਾ।

## ਮਨੁੱਖੀ ਤਸਕਰੀ ਕਰਨ ਵਾਲੇ ਪਾਕਿਸਤਾਨੀ ਨੇ ਆਪਣਾ ਦੋਸ਼ ਕਬੂਲਿਆ

**ਵਾਸ਼ਿੰਗਟਨ ਡੀ.ਸੀ/ਬਿਊਰੋ ਨਿਊਜ਼:** ਇਕ ਦਰਜਨ ਵਿਅਕਤੀਆਂ ਨੂੰ ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਵਾਇਆ ਬ੍ਰਾਜ਼ੀਲ ਮਨੁੱਖੀ ਤਸਕਰੀ ਰਾਹੀਂ ਅਮਰੀਕਾ ਲਿਆਉਣ ਵਾਲੇ ਸ਼ਰਾਫਤ ਅਲੀ ਖਾਨ (32 ਸਾਲ) ਨੇ ਅਦਾਲਤ ਵਿਚ ਕਬੂਲ ਕਰ ਲਿਆ ਹੈ ਕਿ ਉਸ ਦਾ ਪਿਛੋਕੜ ਪਾਕਿਸਤਾਨ ਨਾਲ ਹੈ ਅਤੇ ਉਹ ਬ੍ਰਾਜ਼ੀਲ ਵਿਚ ਰਹਿੰਦਾ ਹੈ। ਉਸ ਨੇ ਬਗੈਰ ਪੇਪਰਾਂ ਦੇ ਇਕ ਦਰਜਨ ਵਿਅਕਤੀਆਂ ਨੂੰ ਅਮਰੀਕਾ ਵਿਚ ਗੈਰਕਾਨੂੰਨੀ ਢੰਗ ਨਾਲ ਪਹੁੰਚਾਇਆ ਹੈ। ਉਸ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੂੰ ਉਹ ਪੈਦਲ, ਬੱਸਾਂ ਅਤੇ ਜਹਾਜ਼ਾਂ ਰਾਹੀਂ ਅਮਰੀਕਾ ਪਹੁੰਚਾਉਂਦਾ ਰਿਹਾ ਹੈ ਅਤੇ ਇਹ ਸਾਰੀ ਕਾਰਵਾਈ ਨੂੰ ਉਸ ਨੇ 2014 ਤੋਂ ਲੈ ਕੇ 2016 ਤੱਕ ਅੰਜਾਮ ਦਿੱਤਾ ਹੈ। ਉਹ ਲੋਕਾਂ ਨੂੰ ਕੋਲੰਬੀਆ ਅਤੇ ਪੈਨਾਮਾ ਬਾਰਡਰ ਰਾਹੀਂ ਅਮਰੀਕਾ ਲਿਆਉਂਦਾ ਸੀ। ਕੋਰਟ ਦੇ ਰਿਕਾਰਡ ਮੁਤਾਬਕ ਪਾਕਿਸਤਾਨੀ ਮੂਲ ਦਾ ਦੋਸ਼ੀ ਸ਼ਰਾਫਤ ਅਲੀ ਖਾਨ ਹਰੇਕ ਵਿਅਕਤੀ ਤੋਂ ਪੰਜ ਹਜ਼ਾਰ ਤੋਂ ਲੈ ਕੇ 12 ਹਜ਼ਾਰ ਡਾਲਰ ਤੱਕ ਦੀ ਰਾਸ਼ੀ ਐਡਵਾਂਸ ਲੈਂਦਾ ਸੀ। ਕੋਰਟ ਵੱਲੋਂ ਉਸ ਨੂੰ 6 ਜੁਲਾਈ 2017 ਨੂੰ ਸਜ਼ਾ ਸੁਣਾਈ ਜਾਵੇਗੀ।



## ਕਸ਼ਮੀਰ ਵਿੱਚ ਵਿਦਿਆਰਥੀਆਂ ਦਾ ਹੁਣ ਤਕ ਦਾ ਸਭ ਤੋਂ ਵੱਡਾ ਪ੍ਰਦਰਸ਼ਨ

### *ਵਰਦੀਆਂ ਵਿਚ ਆਏ ਵਿਦਿਆਰਥੀਆਂ ਨੇ ਸੁੱਟੇ ਪੱਥਰ, 60 ਤੋਂ ਵਧੇਰੇ ਜ਼ਖ਼ਮੀ*

**ਸ੍ਰੀਨਗਰ/ਬਿਊਰੋ ਨਿਊਜ਼ :** ਕਸ਼ਮੀਰ ਵਿਚ ਚੱਲ ਰਹੇ ਵਿਰੋਧ ਪ੍ਰਦਰਸ਼ਨ ਵਿਚ ਹੁਣ ਕਾਲਜ ਤੇ ਯੂਨੀਵਰਸਿਟੀ ਦੇ ਮੁੰਡੇ-ਕੁੜੀਆਂ ਵੀ ਸ਼ਾਮਲ ਹੋ ਰਹੇ ਹਨ। ਸੋਮਵਾਰ ਨੂੰ ਵਾਦੀ ਵਿਚ ਸਾਰੇ 10 ਜ਼ਿਲ੍ਹਿਆਂ ਵਿਚ ਡਿਗਰੀ ਕਾਲਜ ਤੇ ਸ੍ਰੀਨਗਰ ਯੂਨੀਵਰਸਿਟੀ ਦੇ ਵਿਦਿਆਰਥੀ ਸੜਕਾਂ 'ਤੇ ਉਤਰ ਆਏ। ਪੁਲੀਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਪਥਰਾ ਕਰਨ ਲੱਗੇ। ਇਸ ਵਿਚ ਕੋਠੀਬਾਗ ਥਾਣੇ ਦੇ ਮੁਖੀ, ਦੋ ਦਰਜਨ ਪੁਲੀਸ ਮੁਲਾਜ਼ਮ ਤੇ 3 ਦਰਜਨ ਵਿਦਿਆਰਥੀਆਂ ਸਮੇਤ 60 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋ ਗਏ। ਵਿਦਿਆਰਥੀਆਂ ਦਾ ਇਹ ਹੁਣ ਤਕ ਦਾ ਸਭ ਤੋਂ ਵੱਡਾ ਵਿਰੋਧ-ਪ੍ਰਦਰਸ਼ਨ ਹੈ। ਦੱਖਣੀ ਕਸ਼ਮੀਰ ਦੇ ਪੁਲਵਾਮਾ ਖੇਤਰ ਦੇ ਕਾਲਜ ਵਿੱਚ ਸੁਰੱਖਿਆ ਬਲਾਂ ਵੱਲੋਂ ਬੀਤੇ ਦਿਨੀਂ ਕੀਤੀ ਕਥਿਤ ਧੱਕੇਸ਼ਾਹੀ ਖ਼ਿਲਾਫ਼ ਵਿਰੋਧ ਪ੍ਰਗਟਾ ਰਹੇ ਵਿਦਿਆਰਥੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਵਾਦੀ ਵਿੱਚ ਕਈ ਥਾਵਾਂ 'ਤੇ ਝੜਪਾਂ ਹੋਈਆਂ। ਵਿਦਿਆਰਥੀਆਂ ਨੇ ਵਿਰੋਧ ਵਜੋਂ ਕਲਾਸਾਂ ਦਾ ਬਾਈਕਾਟ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਵਾਦੀ

**ਬਾਕੀ ਸਫ਼ਾ 35 'ਤੇ**

## ਗੁਰੂ ਘਰ 'ਚੋਂ ਪਾਵਨ ਸਰੂਪ ਲਿਜਾ ਰਿਹਾ ਵਿਅਕਤੀ ਕਾਬੂ

**ਨਿਊਯਾਰਕ/ਬਿਊਰੋ ਨਿਊਜ਼ :** ਇਥੋਂ ਦੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰੇ ਵਿਚੋਂ ਬੀਤੇ ਦਿਨੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਣ ਸਰੂਪ ਨੂੰ ਚੋਰੀ ਕਰਕੇ ਇਕ ਸਿੱਖ ਭੱਜਿਆ। ਉਸ ਨੇ ਗੁਰੂ ਘਰ ਵਿਚ ਦਾਖਲ ਹੁੰਦੇ ਹੀ ਉਥੇ ਹਾਜ਼ਰ ਗੁਰੂਘਰ ਦੇ ਹੈੱਡ ਗ੍ਰੰਥੀ ਦਰਸ਼ਨ ਸਿੰਘ ਅਤੇ ਇਕ ਹੋਰ ਸੇਵਾਦਾਰ ਨੂੰ



ਅਪਸ਼ਬਦ ਬੋਲੇ ਤੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਨੰਗੇ ਸਿਰ ਵਾਲੇ ਬਾਬਾ ਨਾਮਦੇਵ ਜੀ, ਬਾਬਾ ਕਬੀਰ ਜੀ, ਬਾਬਾ ਰਵੀਦਾਸ ਜੀ ਤੇ ਹੋਰ ਅਜਿਹੇ ਭਗਤਾਂ ਦੀਆਂ ਬਾਣੀਆਂ ਕੱਢੋ। ਦਰਸ਼ਨ ਸਿੰਘ ਨੇ ਤੁਰੰਤ ਇਸ ਦੀ ਸੂਚਨਾ ਗੁਰੂ ਘਰ ਦੇ ਪ੍ਰਧਾਨ ਅਸ਼ੋਕ ਮਾਹੀ ਨੂੰ ਦਿੱਤੀ। ਅਸ਼ੋਕ ਮਾਹੀ ਨੇ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਗੁਰੂ ਘਰ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ ਨਾਲ ਸੰਪਰਕ ਕਰਕੇ ਪੁਲੀਸ ਨੂੰ ਸੂਚਿਤ ਕੀਤਾ।

ਕੁਝ ਹੀ ਦੂਰੀ 'ਤੇ ਸਿਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਣ ਸਰੂਪ ਚੁੱਕੀ ਜਾ ਰਹੇ ਉਸ ਵਿਅਕਤੀ ਨੂੰ ਪੁਲੀਸ ਨੇ ਗੈਸ ਸਟੇਸ਼ਨ ਨੇੜਿਉਂ ਕਾਬੂ ਕਰ ਲਿਆ। ਇਸ ਵਿਅਕਤੀ ਦੀ ਪਛਾਣ ਪਰਮਜੀਤ ਸਿੰਘ ਗਿੱਲ ਵਜੋਂ ਹੋਈ ਹੈ। ਇਹ ਨਿਊਜਰਸੀ ਦੇ ਸੈਂਟਰਲ ਜਰਸੀ ਦਾ ਰਹਿਣ ਵਾਲਾ ਹੈ। ਪੁਲੀਸ ਨੇ ਪਰਮਜੀਤ ਸਿੰਘ ਗਿੱਲ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਅਤੇ ਗੁਰੂ ਰਵੀਦਾਸ ਕਮੇਟੀ ਵੱਲੋਂ ਪਾਵਣ ਸਰੂਪ ਨੂੰ ਸਤਿਕਾਰ ਨਾਲ ਮੁੜ ਗੁਰੂ ਘਰ ਵਿਚ ਸ਼ਸ਼ੋਭਿਤ ਕਰ ਦਿੱਤਾ ਗਿਆ ਹੈ।

## ਥਾਣਿਆਂ ਨੂੰ ਰਾਜਸੀ ਜਕੜ 'ਚੋਂ ਕੱਢਣ ਲਈ ਕੈਪਟਨ ਸਰਕਾਰ ਮੁੜ ਕਰੇਗੀ ਹੱਦਬੰਦੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਪੁਲੀਸ ਥਾਣਿਆਂ ਨੂੰ ਰਾਜਸੀ ਜਕੜ ਹੇਠੋਂ ਕੱਢਣ ਲਈ ਥਾਣਿਆਂ ਦੀ ਮੁੜ ਤੋਂ ਹੱਦਬੰਦੀ ਕੀਤੀ ਜਾਵੇਗੀ। ਥਾਣਿਆਂ ਦੀਆਂ ਹੱਦਾਂ ਅਤੇ ਪਿੰਡਾਂ ਦੀ ਸਮੀਖਿਆ ਕਰਨ ਲਈ ਵਧੀਕ ਡੀਜੀਪੀ ਪ੍ਰੋਵੀਜ਼ਨਿੰਗ ਵੀ.ਕੇ. ਭਾਵੜਾ ਦੀ ਅਗਵਾਈ ਹੇਠ ਉੱਚ ਪੁਲੀਸ ਅਧਿਕਾਰੀਆਂ ਦੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸਰਕਾਰ ਵੱਲੋਂ ਵਿਧਾਨ ਸਭਾ ਹਲਕਾਵਾਰ ਡੀਐਸਪੀਜ਼ ਪੱਧਰ ਦੇ ਪੁਲੀਸ ਅਫ਼ਸਰਾਂ ਦੀਆਂ ਨਿਯੁਕਤੀਆਂ ਦਾ ਅਮਲ ਵੀ ਖ਼ਤਮ ਕਰ ਦਿੱਤਾ ਗਿਆ ਹੈ। ਸੀਨੀਅਰ ਪੁਲੀਸ ਅਧਿਕਾਰੀ ਨੇ ਥਾਣਿਆਂ ਦੀਆਂ ਹੱਦਾਂ ਦੀ ਸਮੀਖਿਆ ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲੀਸ ਵਿਭਾਗ ਵੱਲੋਂ ਜਿਨ੍ਹਾਂ 90 ਡੀਐਸਪੀਜ਼ ਰੈਂਕ ਦੇ ਪੁਲੀਸ ਅਫ਼ਸਰਾਂ ਦੇ ਤਬਾਦਲੇ ਕੀਤੇ ਹਨ, ਉਹ ਸਾਬਕਾ ਅਕਾਲੀ-ਭਾਜਪਾ ਸਰਕਾਰ ਵੱਲੋਂ ਵਿਧਾਨ ਸਭਾ ਹਲਕਾਵਾਰ ਕੀਤੇ ਜਾਣ ਦੀ ਥਾਂ ਸਬ ਡਿਵੀਜ਼ਨਵਾਰ ਕਰਨ ਨੂੰ ਪਹਿਲ ਦਿੱਤੀ ਗਈ ਹੈ। ਬਾਦਲ ਸਰਕਾਰ ਵੱਲੋਂ ਪੁਲੀਸ ਪ੍ਰਸ਼ਾਸਨ 'ਤੇ ਰਾਜਸੀ ਪਕੜ ਬਣਾਉਣ ਲਈ ਥਾਣਿਆਂ ਦੀਆਂ ਹੱਦਾਂ ਵਿਧਾਨ ਸਭਾ ਹਲਕਾਵਾਰ ਤੈਅ ਕੀਤੀਆਂ ਗਈਆਂ ਸਨ ਤੇ ਡੀਐਸਪੀਜ਼ ਨੂੰ ਵੀ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੇ ਅਸਿੱਧੇ ਤੌਰ 'ਤੇ ਅਧੀਨ ਕਰਕੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਸਨ। ਅਕਾਲੀ-ਭਾਜਪਾ ਸਰਕਾਰ ਨੇ ਸਾਲ 2010 ਵਿੱਚ ਥਾਣਿਆਂ ਨੂੰ ਸਿਆਸੀ ਪੁੱਠ ਚਾੜ੍ਹਦਿਆਂ ਥਾਣਿਆਂ ਦੀ ਹੱਦਬੰਦੀ ਵਿਧਾਨ ਸਭਾ ਹਲਕਾਵਾਰ ਕਰ ਦਿੱਤੀ ਸੀ। ਰਾਜ ਵਿਚ 2010 ਦੀ ਹੱਦਬੰਦੀ ਤੋਂ ਪਹਿਲਾਂ 290 ਦੇ ਕਰੀਬ ਪੁਲੀਸ ਥਾਣੇ ਸਨ ਤੇ ਸਾਬਕਾ ਸਰਕਾਰ ਦੀਆਂ ਸਿਆਸੀ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਥਾਣਿਆਂ ਦੀ ਗਿਣਤੀ ਵਧਾ ਕੇ 356 ਕਰ ਦਿੱਤੀ ਗਈ ਸੀ। ਪੁਲੀਸ ਨੂੰ ਸ਼ਿਕਾਇਤਾਂ ਮਿਲਣ ਲੱਗੀਆਂ ਸਨ ਕਿ ਪਿੰਡਾਂ ਦਾ ਥਾਣਿਆਂ ਤੋਂ ਫਾਸਲਾ 35 ਤੋਂ 40 ਕਿਲੋਮੀਟਰ ਤੱਕ ਹੋ ਗਿਆ ਹੈ। ਇਸ ਨਾਲ ਆਮ ਜਨਤਾ ਦਾ ਸ਼ੋਸ਼ਣ ਵਧਿਆ ਤੇ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਬਾਦਲ ਸਰਕਾਰ ਵੱਲੋਂ ਪੁਲੀਸ ਚੌਕੀਆਂ ਨੂੰ ਰਾਤੋ ਰਾਤ ਥਾਣਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਥਾਣਾ ਮੁਖੀਆਂ ਦੀ ਨਿਯੁਕਤੀ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਹੀ ਕੀਤੀ ਜਾਂਦੀ ਸੀ। ਵਿਧਾਨ ਸਭਾ ਹਲਕਾ ਵਾਰ ਪੁਲੀਸ ਦੇ 117 ਡੀਐਸਪੀਜ਼ ਤਾਇਨਾਤ ਕੀਤੇ ਜਾਂਦੇ ਸਨ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਹਲਕਾ ਪ੍ਰਣਾਲੀ ਖਤਮ ਹੋਣ ਤੋਂ ਬਾਅਦ ਹੁਣ ਸਬ ਡਿਵੀਜ਼ਨ ਪੱਧਰ 'ਤੇ ਡੀਐਸਪੀਜ਼ ਦੀ ਗਿਣਤੀ 87 ਦੇ ਕਰੀਬ ਰਹਿ ਜਾਵੇਗੀ। ਬਾਦਲ ਸਰਕਾਰ ਨੇ ਰੋਪੜ ਨੂੰ ਪੁਲੀਸ ਰੇਂਜ ਦਾ ਦਰਜਾ ਦੇ ਕੇ ਵੀ ਪੁਲੀਸ ਅਧਿਕਾਰੀਆਂ ਦਾ ਭਾਰ ਵਧਾ ਦਿੱਤਾ ਸੀ।

ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੀਂ ਕਮੇਟੀ ਥਾਣਿਆਂ ਨੂੰ ਘੱਟ ਕਰਨ ਲਈ ਵੀ ਸਿਫਾਰਿਸ਼ਾਂ ਕਰ ਸਕਦੀ ਹੈ। ਵੀ.ਕੇ. ਭਾਵੜਾ ਦੀ ਅਗਵਾਈ ਹੇਠਲੀ ਕਮੇਟੀ ਵੱਲੋਂ ਸਾਰੇ ਥਾਣਿਆਂ ਦੀ ਹੱਦਾਂ ਦੀ ਸਮੀਖਿਆ ਕਰਕੇ ਸਰਕਾਰ ਨੂੰ ਰਿਪੋਰਟ ਦਿੱਤੀ ਜਾਵੇਗੀ। ਜ਼ਿਲ੍ਹਾ ਪੁਲੀਸ ਮੁਖੀਆਂ ਤੋਂ ਡਿਪਟੀ ਕਮਿਸ਼ਨਰਾਂ ਰਾਹੀਂ ਪਿੰਡਾਂ ਦੀ ਥਾਣਿਆਂ ਤੋਂ ਤਬਦੀਲੀ ਸਬੰਧੀ ਸਿਫਾਰਸ਼ਾਂ ਮੰਗੀਆਂ ਜਾਣਗੀਆਂ, ਜਿਨ੍ਹਾਂ ਦੇ ਅਧਾਰ 'ਤੇ ਗ੍ਰਹਿ ਵਿਭਾਗ ਵੱਲੋਂ ਹੱਦ ਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਪੰਜਾਬ ਸਰਕਾਰ ਨੇ 90 ਡੀਐਸਪੀ ਪੱਧਰ ਦੇ ਪੁਲੀਸ ਅਫ਼ਸਰਾਂ ਦੇ ਤਬਾਦਲੇ ਕਰ ਦਿੱਤੇ। ਇਨ੍ਹਾਂ ਤਬਾਦਲਿਆਂ ਤੋਂ ਕਾਂਗਰਸੀ ਰੰਗ ਦਾ ਝਲਕਾਰਾ ਪੈਣ ਲੱਗਾ ਹੈ, ਕਿਉਂਕਿ ਜ਼ਿਆਦਾਤਰ ਸਬ ਡਿਵੀਜ਼ਨਾਂ ਵਿੱਚ ਉਨ੍ਹਾਂ ਅਫ਼ਸਰਾਂ ਦੀ ਤਾਇਨਾਤੀ ਕੀਤੀ ਗਈ ਹੈ ਜਿਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਨੇ ਨੁੱਕਰੇ ਲਾਇਆ ਹੋਇਆ ਸੀ। ਪੁਲੀਸ ਵਿਭਾਗ ਵਿੱਚ ਡੀਐਸਪੀ ਪੱਧਰ ਦੇ ਅਫ਼ਸਰਾਂ ਦਾ ਇਹ ਸਭ ਤੋਂ ਵੱਡਾ ਫੇਰਬਦਲ ਹੈ। ਏਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਟਾਸਕ ਫੋਰਸ ਵਿੱਚ ਵੀ ਡੀਐਸਪੀ ਪੱਧਰ ਦੇ ਅਫ਼ਸਰਾਂ ਦੀਆਂ ਤਾਇਨਾਤੀਆਂ ਕੀਤੀਆਂ ਗਈਆਂ ਹਨ। ਨਵੀਆਂ ਨਿਯੁਕਤੀਆਂ ਵਿੱਚ ਵਿਜੀਲੈਂਸ, ਇੰਟੈਲੀਜੈਂਸ, ਸਪੈਸ਼ਲ ਪ੍ਰੋਟੈਕਸ਼ਨ ਗਰੁੱਪ, ਪੀਏਪੀ ਜਲੰਧਰ, ਆਈਆਰਬੀ ਅਤੇ ਕਮਾਂਡੋ ਸ਼ਾਖਾ ਵਿੱਚ ਵੀ ਅਫ਼ਸਰ ਤਾਇਨਾਤ ਕੀਤੇ ਗਏ ਹਨ।

## ਕੈਪਟਨ ਦੇ ਰਾਜ 'ਚ ਹੁਣ 'ਹਲਕਾ ਸੇਵਾਦਾਰ' ਹੋਏ ਪ੍ਰਗਟ



**ਫਾਇਰ ਬ੍ਰਿਗੇਡ ਦੀ ਨਵੀਂ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੀ ਹੋਈ ਮੰਜੂ ਬਾਂਸਲ**

**ਬਠਿੰਡਾ ਚਰਨਜੀਤ ਭੁੱਲਰ :** ਕੈਪਟਨ ਹਕੂਮਤ ਵਿੱਚ ਹੁਣ 'ਹਲਕਾ ਸੇਵਾਦਾਰ' ਪ੍ਰਗਟ ਹੋ ਗਏ ਹਨ। ਗੱਠਜੋੜ ਸਰਕਾਰ ਸਮੇਂ 'ਹਲਕਾ ਇੰਚਾਰਜ' ਸਨ, ਜਿਨ੍ਹਾਂ ਦੀ ਥਾਂ ਹੁਣ 'ਹਲਕਾ ਸੇਵਾਦਾਰ' ਲੈਣ ਲੱਗੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿਚ ਹਲਕਾ ਇੰਚਾਰਜ ਦੀ ਪ੍ਰਥਾ ਖ਼ਤਮ ਕੀਤੀ ਜਾਵੇਗੀ। ਕਾਂਗਰਸ ਸਰਕਾਰ ਨੇ ਥਾਣਿਆਂ ਦੀ ਪੁਰਾਣੀ ਹੱਦਬੰਦੀ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਭਾਵੇਂ 'ਹਲਕਾ ਇੰਚਾਰਜ' ਦਾ ਗੈਰ ਸੰਵਿਧਾਨਕ ਅਹੁਦਾ ਖ਼ਤਮ ਕਰ ਦਿੱਤਾ ਗਿਆ ਹੈ ਪਰ ਕਾਂਗਰਸ ਦੇ ਹਾਰੇ ਹੋਏ ਉਮੀਦਵਾਰ ਹੁਣ ਬਤੌਰ 'ਹਲਕਾ ਸੇਵਾਦਾਰ' ਕੰਮ ਕਰਨ ਲੱਗੇ ਹਨ।

ਬਠਿੰਡਾ, ਮਾਨਸਾ, ਫ਼ਰੀਦਕੋਟ ਤੇ ਬਰਨਾਲਾ ਦੇ ਹਾਰੇ ਹੋਏ ਕਾਂਗਰਸੀ ਉਮੀਦਵਾਰ ਲੋਕ ਇਕੱਠਾਂ ਵਿੱਚ ਆਪਣੇ ਆਪ ਨੂੰ 'ਹਲਕਾ ਸੇਵਾਦਾਰ' ਵਜੋਂ ਪੇਸ਼ ਕਰਦੇ ਹਨ। ਅਪ੍ਰੈਲ ਦੇ ਦੂਜੇ ਹਫ਼ਤੇ ਜਦੋਂ ਖਰੀਦ ਕੇਂਦਰਾਂ ਵਿੱਚ ਕਣਕ ਦੀ ਫਸਲ ਪੁੱਜੀ ਤਾਂ ਕਾਂਗਰਸ ਦੇ ਹਾਰੇ ਹੋਏ ਉਮੀਦਵਾਰਾਂ ਨੇ ਖਰੀਦ ਏਜੰਸੀਆਂ ਦੇ ਅਫ਼ਸਰਾਂ ਦੀ ਹਾਜ਼ਰੀ ਵਿੱਚ ਕਣਕ ਦੀ ਖਰੀਦ ਸ਼ੁਰੂ ਕਰਾਈ। ਪੰਜ ਜ਼ਿਲ੍ਹਿਆਂ ਦੇ ਕਰੀਬ ਸੱਤ ਅੱਠ ਹਾਰੇ ਕਾਂਗਰਸੀ ਉਮੀਦਵਾਰਾਂ ਨੇ ਖਰੀਦ ਅਫਸਰਾਂ ਨੂੰ ਜ਼ੁਬਾਨੀ ਹਦਾਇਤਾਂ ਵੀ ਦਿੱਤੀਆਂ। ਪੁਲੀਸ ਅਫਸਰ ਵੀ ਇਨ੍ਹਾਂ ਹਲਕਾ ਸੇਵਾਦਾਰਾਂ ਦੇ ਫੋਨ ਉਡੀਕਦੇ ਹਨ। ਸਰਕਾਰੀ ਅਫਸਰ ਹਲਕੇ ਵਿਚਲੇ ਕਿਸੇ ਵੀ ਖਾਸ ਕੰਮ ਨੂੰ ਹਲਕਾ ਸੇਵਾਦਾਰਾਂ ਤੋਂ ਪੁੱਛੇ ਬਿਨਾਂ ਨਹੀਂ ਕਰਦੇ। ਪੁਲੀਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਾਰੇ ਹੋਏ ਉਮੀਦਵਾਰ ਹੀ ਪੁਲੀਸ ਅਤੇ ਸਿਵਲ ਅਫਸਰਾਂ ਨੂੰ ਹਦਾਇਤਾਂ ਦਿੰਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਜਗਦੀਪ ਸਿੰਘ ਨਕਈ, ਜਿਨ੍ਹਾਂ ਮਾਨਸਾ ਹਲਕੇ ਤੋਂ ਚੋਣ ਲੜੀ ਸੀ, ਦਾ ਪ੍ਰਤੀਕਰਮ ਸੀ ਕਿ ਹੁਣ ਕਾਂਗਰਸੀ ਨੇਤਾ ਨਵੀਂ ਸਰਕਾਰ ਦੇ 'ਹਲਕਾ ਸੇਵਾਦਾਰ' ਬਣ ਕੇ ਹਰ ਤਰ੍ਹਾਂ ਦੇ ਪ੍ਰਸ਼ਾਸਨਿਕ ਕੰਮਾਂ ਵਿੱਚ ਦਖ਼ਲ ਦੇ ਰਹੇ ਹਨ। ਪੇਂਡੂ ਵਿਕਾਸ ਮਹਿਕਮੇ ਦੇ ਅਫ਼ਸਰਾਂ ਨੂੰ ਕਾਂਗਰਸ ਦੇ ਹਾਰੇ ਉਮੀਦਵਾਰ ਹਦਾਇਤਾਂ ਜਾਰੀ ਕਰ ਰਹੇ ਹਨ ਅਤੇ ਥਾਣੇਦਾਰ ਉਨ੍ਹਾਂ ਨੂੰ ਪੁੱਛ ਕੇ ਫੈਸਲੇ ਲੈਂਦੇ ਹਨ। 'ਆਪ' ਦੀ ਮਹਿਲਾ ਵਿੰਗ ਦੀ ਪ੍ਰਧਾਨ ਅਤੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਦਾ ਕਹਿਣਾ ਹੈ ਕਿ ਉਸ ਦੇ ਹਲਕੇ ਵਿੱਚ ਵਿਸਾਖੀ ਮੇਲੇ ਮੌਕੇ ਆਮ ਲੋਕਾਂ ਲਈ ਕੀਤੇ ਗਏ ਪ੍ਰਸ਼ਾਸਨਿਕ ਪ੍ਰਬੰਧਾਂ ਵਿੱਚ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਹਾਰੇ ਹੋਏ ਕਾਂਗਰਸੀ ਉਮੀਦਵਾਰ ਨੂੰ ਅਫਸਰਾਂ ਨੇ ਮਾਣ-ਸਨਮਾਨ ਦਿੱਤਾ। ਹਲਕਾ ਤਲਵੰਡੀ ਸਾਬੋ ਦੇ ਕਾਂਗਰਸੀ ਉਮੀਦਵਾਰ ਖੁਸ਼ਬਾਜ ਜਟਾਣਾ ਨੇ ਸਪਸ਼ਟ ਕੀਤਾ ਕਿ ਉਹ ਤਾਂ ਚੋਣ ਲੜਨ ਤੋਂ ਪਹਿਲਾਂ ਵੀ ਕਿਸਾਨਾਂ ਦੀ ਹਮਾਇਤ ਵਿੱਚ ਮੰਡੀਆਂ ਵਿੱਚ ਜਾਂਦਾ ਸੀ ਅਤੇ ਹੁਣ ਵੀ ਉਹ ਬਤੌਰ ਕਾਂਗਰਸੀ ਆਗੂ ਖਰੀਦ ਕੇਂਦਰਾਂ ਵਿੱਚ ਆੜ੍ਹਤੀਆਂ ਦੇ ਸੱਦੇ 'ਤੇ ਜਾਂਦਾ ਹੈ। ਮਾਨਸਾ ਵਿੱਚ ਕਾਂਗਰਸ ਦੀ ਹਾਰੀ ਉਮੀਦਵਾਰ ਮੰਜੂ ਬਾਂਸਲ ਵੱਲੋਂ ਨਗਰ ਕੌਂਸਲ ਨੂੰ ਮਿਲੀ ਨਵੀਂ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜਿਸ 'ਤੇ ਇਤਰਾਜ਼ ਵੀ ਉੱਠੇ ਸਨ। ਹਲਕਾ ਭਦੌੜ ਤੋਂ 'ਆਪ' ਵਿਧਾਇਕ ਪਿਰਮਲ ਸਿੰਘ ਦਾ ਕਹਿਣਾ ਹੈ ਕਿ ਕੁਝ ਵੀ ਨਹੀਂ ਬਦਲਿਆ ਹੈ ਅਤੇ ਹਾਰੇ ਉਮੀਦਵਾਰ ਆਪਣੇ ਆਪ ਨੂੰ 'ਹਲਕਾ ਸੇਵਾਦਾਰ' ਵਜੋਂ ਪੇਸ਼ ਕਰ ਕੇ ਪਿੰਡਾਂ ਵਿੱਚੋਂ ਲੋਕਾਂ ਤੋਂ ਹੋਣ ਵਾਲੇ ਵਿਕਾਸ ਕੰਮਾਂ ਦੀਆਂ ਸੂਚੀਆਂ ਮੰਗ ਰਹੇ ਹਨ। ਵਿਰੋਧੀ ਧਿਰ ਦੇ ਵਿਧਾਇਕਾਂ ਨੇ ਕਿਹਾ ਕਿ ਕੇਵਲ ਥਾਣਿਆਂ ਦੀ ਹੱਦਬੰਦੀ ਬਦਲਣ ਨਾਲ 'ਹਲਕਾ ਇੰਚਾਰਜ' ਪ੍ਰਬੰਧ ਖ਼ਤਮ ਹੋਣ ਵਾਲਾ ਨਹੀਂ ਹੈ।

ਉਨ੍ਹਾਂ ਆਖਿਆ ਕਿ ਜਦੋਂ ਤੱਕ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਜਾਂਦਾ ਅਤੇ ਵਿਕਾਸ ਦੇ ਕੰਮਾਂ ਵਿੱਚ ਭਾਈਵਾਲ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਹਲਕਾ ਇੰਚਾਰਜੀ ਸਿਸਟਮ ਖ਼ਤਮ ਨਹੀਂ ਹੋਵੇਗਾ।

## ਵੀ.ਆਈ.ਪੀ. ਕਲਚਰ ਖ਼ਤਮ ਕਰਨ ਦੀ ਫਸਾਈ 'ਗਰਾਰੀ'

# ਕੈਪਟਨ ਤੇ ਮਨਪ੍ਰੀਤ ਕਰ ਰਹੇ ਹੈਲੀਕਾਪਟਰਾਂ ਦੀ ਸਵਾਰੀ

### *ਹੈਲੀਕਾਪਟਰ ਦਾ ਇਕ ਘੰਟੇ ਦਾ ਖ਼ਰਚ ਇਕ ਲੱਖ ਰੁਪਏ*

**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣਾਂ ਦੌਰਾਨ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਲੋਕਾਂ ਨੂੰ ਵੀ.ਆਈ.ਪੀ. ਕਲਚਰ ਖ਼ਤਮ ਕਰਨ ਲਈ ਲਾਲ ਬੱਤੀ ਤੋਂ ਲੈ ਕੇ ਹੈਲੀਕਾਪਟਰਾਂ ਦਾ ਇਸਤੇਮਾਲ ਨਾ ਕਰਨ ਦਾ ਵਾਅਦਾ ਕੀਤਾ ਸੀ। ਪਰ ਹਾਲੇ ਸਰਕਾਰ ਬਣਿਆਂ ਨੂੰ ਇਕ ਮਹੀਨਾ ਵੀ ਨਹੀਂ ਹੋਇਆ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਪਣਾ ਹੀ ਮੈਨੀਫੈਸਟੋ ਭੁੱਲ ਗਏ। ਮਨਪ੍ਰੀਤ ਬਾਦਲ ਤਾਂ ਖ਼ੁਦ ਮੈਨੀਫੈਸਟੋ ਕਮੇਟੀ ਦੇ ਕਨਵੀਨਰ ਰਹੇ ਹਨ। ਵਿਸਾਖੀ 'ਤੇ ਕੈਪਟਨ ਅਮਰਿੰਦਰ ਸਿੰਘ ਦਿੱਲੀ ਤੋਂ ਚੰਡੀਗੜ੍ਹ ਹੈਲੀਕਾਪਟਰ 'ਤੇ ਆਏ। ਫਿਰ ਇਸੇ ਚਾਪਰ 'ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਤੇ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਕੈਪਟਨ ਸੰਦੀਪ ਸੰਧੂ ਸਿਆਸੀ ਰੈਲੀ ਵਿਚ ਸ਼ਾਮਲ ਹੋਣ ਲਈ ਤਲਵੰਡੀ ਸਾਬੋ ਵਿਚ ਗਏ। ਸੂਤਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਇਸ ਸਰਕਾਰੀ ਹੈਲੀਕਾਪਟਰ ਦਾ ਇਸਤੇਮਾਲ ਕੀਤਾ ਗਿਆ ਹੋਵੇ, ਸਗੋਂ ਹਰ ਤਸੀਰੇ-ਚੌਥੇ ਦਿਨ ਚਾਪਰ ਉਡ ਰਹੇ ਹਨ।

ਜ਼ਿਕਰਯੋਗ ਹੈ ਕਿ ਹੈਲੀਕਾਪਟਰ ਦੇ ਇਕ ਘੰਟੇ ਦਾ ਖ਼ਰਚ ਇਕ ਲੱਖ ਰੁਪਏ ਹੈ। ਪੰਜਾਬ ਸਰਕਾਰ ਕੋਲ ਆਪਣਾ ਹੈਲੀਕਾਪਟਰ ਹੈ। ਪਿਛਲੀ ਸਰਕਾਰ ਨੇ ਹੀ ਹੈਲੀਕਾਪਟਰ ਖ਼ਰੀਦਿਆ ਸੀ ਜਦਕਿ ਉਸ ਤੋਂ ਪਹਿਲਾਂ ਪ੍ਰਾਈਵੇਟ ਚਾਪਰ ਹੀ ਵਰਤਿਆ ਜਾਂਦਾ ਰਿਹਾ ਹੈ, ਜਿਸ ਦਾ ਪ੍ਰਤੀ ਘੰਟਾ ਖ਼ਰਚ 1.75 ਲੱਖ ਰੁਪਏ ਤੋਂ ਲੈ ਕੇ 2 ਲੱਖ ਰੁਪਏ ਤਕ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਕੰਪਨੀਆਂ ਦਿੱਲੀ ਤੋਂ ਚੰਡੀਗੜ੍ਹ ਆਉਣ ਅਤੇ ਵਾਪਸ ਜਾਣ ਦਾ ਖ਼ਰਚ ਵੱਖਰਾ ਲੈਂਦੀਆਂ ਹਨ। ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵਿਚ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਹੈਲੀਕਾਪਟਰ ਦੀ ਵਰਤੋਂ ਕਰਦੇ ਰਹੇ ਹਨ। ਉਨ੍ਹਾਂ ਦੇ ਇਨ੍ਹਾਂ ਖ਼ਰਚਿਆਂ ਨੂੰ ਆਮ ਆਦਮੀ ਪਾਰਟੀ ਨੇ ਆਪਣੀ ਪ੍ਰਚਾਰ ਮੁਹਿੰਮ ਦਾ ਹਿੱਸਾ ਬਣਾਇਆ, ਜਿਸ 'ਤੇ ਜਨਤਾ ਦਾ ਉਨ੍ਹਾਂ ਨੂੰ ਬਹੁਤ ਹੁੰਗਾਰਾ ਮਿਲਿਆ। ਇਸੇ ਹੁੰਗਾਰੇ ਦੇ ਡਰ ਨੂੰ ਦੇਖਦਿਆਂ ਕਾਂਗਰਸ ਨੇ ਵੀ ਇਸ ਨੂੰ ਆਪਣੇ ਮੈਨੀਫੈਸਟੋ ਵਿਚ ਸ਼ਾਮਲ ਕੀਤਾ ਸੀ।



### ਮਨਪ੍ਰੀਤ ਵੀ.ਆਈ.ਪੀ. ਕਲਚਰ ਖ਼ਤਮ ਕਰਨ ਲਈ ਬੀਬੀ ਭੱਠਲ ਨਾਲ ਵੀ ਬਹਿਸੇ ਸਨ

ਦਿਲਚਸਪ ਗੱਲ ਇਹ ਹੈ ਕਿ ਚੋਣਾਂ ਤੋਂ ਪਹਿਲਾਂ ਜਦੋਂ ਵੀ.ਆਈ.ਪੀ. ਕਲਚਰ ਖਤਮ ਕਰਨ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਲਹਿਰ ਚੱਲ ਰਹੀ ਸੀ ਤਾਂ ਕਾਂਗਰਸ ਨੇ ਵੀ ਆਪਣੇ ਮੈਨੀਫੈਸਟੋ ਵਿਚ ਵੀ.ਆਈ.ਪੀ. ਕਲਚਰ ਖਤਮ ਕਰਨ ਦਾ ਵਾਅਦਾ ਕੀਤਾ। ਜਿਸ ਵਿਚ ਲਾਲ ਬੱਤੀ ਤੋਂ ਲੈ ਕੇ ਮੈਨੀਫੈਸਟੋ ਕਮੇਟੀ ਦੀ ਚੇਅਰਪਰਸਨ ਬੀਬੀ ਰਜਿੰਦਰ ਕੌਰ ਭੱਠਲ ਤੇ ਕਨਵੀਨਰ ਮਨਪ੍ਰੀਤ ਸਿੰਘ ਬਾਦਲ ਵਿਚਾਲੇ ਵਿਵਾਦ ਵੀ ਹੋਇਆ। ਮਨਪ੍ਰੀਤ ਜਿੱਥੇ ਲਾਲ ਬੱਤੀ ਦੀ ਵਰਤੋਂ ਖ਼ਿਲਾਫ਼ ਸਨ, ਉਥੇ ਭੱਠਲ ਇਸ ਦੇ ਹੱਕ ਵਿਚ ਸਨ, ਆਖਰ ਵਿਚ ਮਨਪ੍ਰੀਤ ਦੀ ਚੱਲੀ।

**ਡਾ. ਮਨਮੋਹਨ ਸਿੰਘ ਨੇ ਜਾਰੀ ਕੀਤਾ ਸੀ ਮੈਨੀਫੈਸਟੋ :**

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜਦੋਂ ਦਿੱਲੀ ਵਿਚ ਮੈਨੀਫੈਸਟੋ ਜਾਰੀ ਕੀਤਾ ਤਾਂ ਉਸ ਵਿਚ ਕਿਹਾ ਗਿਆ ਸੀ, ਕਾਂਗਰਸ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਨਹੀਂ ਕਰੇਗੀ। ਖ਼ੁਦ ਕੈਪਟਨ ਨੇ ਦਿੱਲੀ ਵਿਚ ਅਤੇ ਮਨਪ੍ਰੀਤ ਨੇ ਚੰਡੀਗੜ੍ਹ ਵਿਚ ਇਸ ਦੀ ਵਕਾਲਤ ਕੀਤੀ ਸੀ।

## ਸੱਤਾ ਬਦਲਦਿਆਂ ਹੀ ਬਾਦਲਾਂ ਦੇ ਖ਼ਾਸ ਅਧਿਕਾਰੀ ਚੀਮਾ ਨੂੰ ਪਿੱਤਰੀ ਰਾਜ ਭੇਜਣ ਦੀਆਂ ਤਿਆਰੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿੱਚ ਸੱਤਾ ਤਬਦੀਲੀ ਤੋਂ ਬਾਅਦ ਬਾਦਲ ਪਰਿਵਾਰ ਦੇ ਖ਼ਾਸ ਮੰਨੇ ਜਾਂਦੇ ਪੱਛਮੀ ਬੰਗਾਲ ਕੇਡਰ ਨਾਲ ਸਬੰਧਤ ਆਈਏਐਸ ਅਧਿਕਾਰੀ ਕੇ.ਜੇ.ਐਸ. ਚੀਮਾ ਦੀਆਂ ਪ੍ਰੇਸ਼ਾਨੀਆਂ ਵਧਦੀਆਂ ਜਾ ਰਹੀਆਂ ਹਨ। ਕੈਪਟਨ ਸਰਕਾਰ ਨੇ 1993 ਬੈਚ ਦੇ ਇਸ ਅਧਿਕਾਰੀ ਨੂੰ ਪਿੱਤਰੀ ਰਾਜ (ਪੱਛਮੀ ਬੰਗਾਲ) ਭੇਜਣ ਅਤੇ ਹੋਰ ਕਾਰਵਾਈ ਦਾ ਮੁੱਢ ਬੰਨ੍ਹਣਾ ਸ਼ੁਰੂ ਕਰ ਦਿੱਤਾ ਹੈ।

ਸੂਤਰਾਂ ਮੁਤਾਬਕ ਰਾਜ ਦੇ ਪ੍ਰਸੋਨਲ ਵਿਭਾਗ ਨੇ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਤੋਂ ਪਿਛਲੇ ਦਹਾਕੇ ਦੌਰਾਨ ਪੰਜਾਬ ਸਰਕਾਰ ਨੂੰ ਲਿਖੇ ਉਨ੍ਹਾਂ ਪੱਤਰਾਂ ਦੀਆਂ ਕਾਪੀਆਂ ਹਾਸਲ ਕਰ ਲਈਆਂ ਹਨ, ਜਿਨ੍ਹਾਂ ਵਿੱਚ ਇਸ ਆਈਏਐਸ ਅਧਿਕਾਰੀ ਦੇ 'ਡੈਪੂਟੇਸ਼ਨ' ਨੂੰ 'ਅਨਿਯਮਤ' ਮੰਨਿਆ ਗਿਆ ਸੀ। ਇਨ੍ਹਾਂ ਪੱਤਰਾਂ ਦੇ ਆਧਾਰ 'ਤੇ ਹੀ ਵਿਭਾਗ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਸ੍ਰੀ ਚੀਮਾ ਨੂੰ ਪਿੱਤਰੀ ਰਾਜ ਭੇਜਣ ਦੀ ਕਾਰਵਾਈ ਸ਼ੁਰੂ ਕਰਨ ਅਤੇ ਹੋਰ ਕਦਮ ਚੁੱਕਣ ਦੀ ਪੁਸ਼ਟੀ ਕੀਤੀ ਹੈ। ਸ੍ਰੀ ਚੀਮਾ ਸਾਲ 2007 ਤੋਂ ਪ੍ਰਕਾਸ਼ ਸਿੰਘ ਬਾਦਲ ਨਾਲ ਮੁੱਖ ਮੰਤਰੀ ਦੇ ਵਿਸ਼ੇਸ਼ ਸਕੱਤਰ ਤੇ ਫਿਰ ਵਿਸ਼ੇਸ਼ ਪ੍ਰਮੁੱਖ ਸਕੱਤਰ ਵਜੋਂ ਤਾਇਨਾਤ ਸਨ। ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਸ ਅਧਿਕਾਰੀ ਦੀ ਤਾਇਨਾਤੀ ਨਿਯਮਾਂ ਦੇ ਉਲਟ ਮੰਨੀ ਜਾਂਦੀ ਹੈ। ਇਸ ਲਈ ਪੱਛਮੀ ਬੰਗਾਲ ਕਾਡਰ ਦੇ ਇਸ ਅਫ਼ਸਰ ਨੂੰ ਤਨਖਾਹ ਤੇ ਤਰੱਕੀਆਂ ਦੇਣਾ ਵੀ ਗ਼ੈਰਕਾਨੂੰਨੀ ਮੰਨਿਆ ਜਾ ਸਕਦਾ ਹੈ। ਕਈ ਹੋਰ ਅਫ਼ਸਰਾਂ 'ਤੇ ਵੀ ਕਾਰਵਾਈ ਦਾ ਤੋੜਾ ਝੜ ਸਕਦਾ ਹੈ।

ਪ੍ਰਸੋਨਲ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਇਹ ਅਧਿਕਾਰੀ 1998 ਤੋਂ 2003 ਦੇ ਸਮੇਂ ਦੌਰਾਨ (ਤਕਰੀਬਨ ਪੰਜ ਸਾਲ) ਪੱਛਮੀ ਬੰਗਾਲ ਤੋਂ ਪੰਜਾਬ ਸਰਕਾਰ ਵਿੱਚ ਡੈਪੂਟੇਸ਼ਨ 'ਤੇ ਰਿਹਾ। 2003 ਵਿੱਚ ਕੈਪਟਨ ਸਰਕਾਰ ਆਉਣ ਤੋਂ ਬਾਅਦ ਇਸ ਨੂੰ ਪਿੱਤਰੀ ਰਾਜ ਭੇਜ ਦਿੱਤਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪੱਛਮੀ ਬੰਗਾਲ ਵਿੱਚ ਵੀ ਸ੍ਰੀ ਚੀਮਾ ਦਾ

**ਬਾਕੀ ਸਫ਼ਾ 35 'ਤੇ**

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

- * ਕਾਰ ਟਰਾਂਸਫਰ/ਸਟਿੱਕਰ
- * ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- * ਲਾਈਵ ਸਕੈਨ/ਫਿਗਰ ਪ੍ਰਿੰਟ
- * ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- * ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us

When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691

Cell: 408.687.1899

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ






**ਡੈਲਸ (ਟੈਕਸਸ)/ਹਰਜੀਤ ਸਿੰਘ ਢੇਸੀ:** ਸਥਾਨਕ ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਦਿਹਾੜੇ ਮੌਕੇ ਗੁਰੂ ਘਰ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿਚ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਗੁਰੂ ਘਰ ਪਹੁੰਚ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਐਤਵਾਰ ਦੇ ਦੀਵਾਨ ਵਿਚ ਆਖੰਡ ਪਾਠ ਦੇ ਭੋਗ ਪਾਏ ਗਏ। ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਰਜੀਤ ਸਿੰਘ ਦੇ ਕਵੀਸਰੀ ਜਥੇ ਨੇ ਵਾਰਾਂ ਨਾਲ ਸੰਗਤਾਂ ਵਿਚ ਖਾਲਸਾਈ ਜੱਸ ਭਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਗੁਰੂ ਘਰ ਦੀ ਚਾਰ ਦੀਵਾਰੀ ਵਿਚ ਪ੍ਰਕਰਮਾ ਕੀਤੀ ਗਈ ਸਭ ਤੋਂ ਅੱਗੇ ਪੰਜਾਬੀ ਸਕੂਲ ਦੇ ਬੱਚੇ ਚਲ ਰਹੇ ਸਨ ਜੋ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੇ ਸਨ। ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗੁਰੂ ਦਾ ਲੰਗਰ ਅਤੁੱਟ ਵਰਤਿਆ। ਗੁਰੂ ਘਰ ਦੇ ਪ੍ਰਧਾਨ ਹਰਜੀਤ ਸਿੰਘ ਰੰਧਾਵਾ ਨੇ ਖਾਲਸਾ ਸਿਰਜਣਾ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਸਭ ਦੀ ਸੇਵਾ ਸਫ਼ਲ ਕਰਨ. ਉਨ੍ਹਾਂ ਪ੍ਰਬੰਧਕ ਕਮੇਟੀ ਵੱਲੋਂ ਸੇਵਾਦਾਰਾਂ ਦਾ ਧੰਨਵਾਦ ਕੀਤਾ।

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਖਾਲਸੇ ਦਾ ਸਾਜਨਾ ਦਿਵਸ ਮਨਾਇਆ





**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਗਿਆ। 14 ਅਪ੍ਰੈਲ ਸ਼ੁਕਰਵਾਰ ਨੂੰ ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਸ਼ਾਮਾਂ ਦੇ ਦੀਵਾਨ ਵਿਸ਼ੇਸ਼ ਤੌਰ ਤੇ ਸਜਾਏ ਗਏ ਜੋ ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਨ। ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਕੀਰਤਨੀ ਜਥਾ, ਕਥਾਕਾਰ ਤੇ ਢਾਡੀ ਸਿੰਘਾਂ ਦੇ ਜਥੇ ਨੇ ਹਾਜ਼ਰੀ ਲਗਵਾਈ। ਐਤਵਾਰ 16 ਅਪ੍ਰੈਲ ਨੂੰ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਵੱਲੋਂ ਕੀਰਤਨ ਕੀਤਾ ਗਿਆ। ਭਾਈ ਸਤਨਾਮ ਸਿੰਘ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਵਰਨਣ ਕੀਤਾ। ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਗੱਤਕੇ ਦੇ ਜੋਹਰ ਦਿਖਾਏ ਗਏ ਉਪਰੰਤ ਕੀਰਤਨ ਵੀ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਗੁਰੂ ਸ਼ਬਦ ਵਿਚਾਰ ਅਤੇ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਦੀ ਸੰਗਤਾਂ ਨਾਲ ਸਾਂਝ ਪਾਈ। ਵਿਸ਼ੇਸ਼ ਤੌਰ ਤੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ। ਬਹੁਤ ਸਾਰੀਆਂ ਸੰਗਤਾਂ ਵੱਲੋਂ ਖੰਡੇ ਬਾਟੇ ਦੀ ਪਾਹੁਲ ਲਈ ਗਈ ਤੇ ਗੁਰੂ ਵਾਲੇ ਬਣ ਕੇ ਸਿੱਖੀ ਦੇ ਸਕੂਲ ਵਿਚ ਦਾਖਲਾ ਲਿਆ। ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਦੇ ਬਸਤਰ ਬਦਲੇ ਗਏ। ਇਨ੍ਹਾਂ ਸਮਾਗਮਾਂ ਵਿਚ ਲੰਗਰਾਂ ਦੀ ਸੇਵਾ ਸ਼ਿਕਾਗੋ ਟਰੱਕਾਂ ਵਾਲੇ ਵੀਰਾਂ ਵੱਲੋਂ ਕੀਤੀ ਗਈ। ਸ੍ਰੀ ਆਖੰਡ ਪਾਠ ਸਾਹਿਬ ਦੀ ਸੇਵਾ ਹਰਜੀਤ ਸਿੰਘ ਗਿੱਲ ਪਰਿਵਾਰ ਵੱਲੋਂ ਕੀਤੀ ਗਈ।

# ਪੀ.ਸੀ.ਐਸ. ਸੈਕਰਾਮੈਂਟੋ ਦਾ ਵਿਸਾਖੀ ਮੇਲਾ 29 ਅਪ੍ਰੈਲ, ਸ਼ਨਿਚਰਵਾਰ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼ :**

ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 28ਵਾਂ ਵਿਸਾਖੀ ਮੇਲਾ 29 ਅਪ੍ਰੈਲ, ਸ਼ਨਿਚਰਵਾਰ ਨੂੰ ਸਥਾਨਕ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿੱਚ ਸ਼ਾਮ 3:00 ਵਜੇ ਮਨਾਇਆ ਜਾ ਰਿਹਾ ਹੈ। ਮੇਲੇ ਸੰਬਧੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਐਲਕਗਰੋਵ ਵਿੱਚ ਸੰਸਥਾ ਦੇ ਮੈਂਬਰਾਂ ਦੀ ਮੀਟਿੰਗ ਹੋਈ। ਇਸ ਦੀ ਪ੍ਰਧਾਨਗੀ ਹਫਤਾਵਾਰੀ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਕੀਤੀ। ਮੀਟਿੰਗ ਦੌਰਾਨ ਮੇਲੇ ਦੇ ਪ੍ਰਬੰਧਾਂ 'ਤੇ ਗੌਰ ਕਰਨ ਉਪਰੰਤ ਸਮੂਹ ਮੈਂਬਰਾਂ ਵਲੋਂ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਵਾਰ ਸਕੂਲਾਂ-ਕਾਲਜਾਂ ਦੀਆਂ ਟੀਮਾਂ ਆਪਣੀਆਂ ਨਵੇਕਲੀਆਂ ਆਈਟਮਾਂ ਲੈ ਕੇ ਪਹੁੰਚ ਰਹੀਆਂ ਹਨ। ਪੰਜਾਬੀ ਸਭਿਆਚਾਰ ਨਾਲ ਜੁੜੇ ਹਰਮਨ ਪਿਆਰੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ। ਇਸ ਸੰਸਥਾ ਵਲੋਂ ਸਮਾਜ ਸੇਵੀਆਂ ਨੂੰ ਮਾਣ ਬਖਸ਼ਣ ਦੀ ਪਾਈ ਸ਼ਾਨਦਾਰ ਰਵਾਇਤ ਅਨੁਸਾਰ ਇਸ ਵਾਰ ਪੰਜਾਬੀ ਨਾਵਲ ਜਗਤ ਦੀ ਨਵੇਕਲੀ ਸਖਸ਼ੀਅਤ ਇੰਦਰ ਸਿੰਘ ਖਾਮੋਸ਼ ਤੋਂ ਇਲਾਵਾ ਇਸ ਸੰਸਥਾ ਨਾਲ ਪਰਿਵਾਰ ਸਮੇਤ 20 ਸਾਲਾਂ ਤੋਂ ਜੁੜੇ ਆ ਰਹੇ ਰਾਜਿੰਦਰ ਪਾਲ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ। ਮੇਲਾ ਦੇਖਣ ਵਾਲਿਆਂ ਲਈ ਕੋਈ ਦਾਖਲਾ ਫੀਸ ਨਹੀਂ ਹੈ। ਸਕਿਊਰਟੀ ਦਾ ਪੂਰਾ ਪ੍ਰਬੰਧ ਹੈ।

ਇਸ ਮੀਟਿੰਗ ਵਿੱਚ ਰਛਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ, ਹਰਜਿੰਦਰ ਪੰਧੇਰ, ਅਜੈਬ ਸਿੰਘ ਕਾਹਲੋਂ, ਵਿਜੈ ਸਿੰਘ ਪਰਿਹਾਰ, ਪਰਮਜੀਤ ਸਿੰਘ ਢਿਲੋਂ, ਸੁਖਰਾਜ ਸਿੰਘ ਔਲਖ, ਕਮਲ ਬੰਗਾ, ਤੀਰਥ ਸਿੰਘ, ਯਾਦਵਿੰਦਰ ਸਿੰਘ ਗਿੱਲ, ਚਰਨਜੀਤ ਸਿੰਘ ਸਾਹੀ, ਵਰਿੰਦਰ ਸਿੰਘ, ਬਲਦੇਵ ਸਿੰਘ ਗਰੇਵਾਲ, ਗੁਰਪਾਲ ਸਿੰਘ ਤੱਖਰ, ਜਤਿੰਦਰ ਬੀਸਲਾ ਨੇ ਭਾਗ ਲਿਆ। ਸੰਸਥਾ ਵਲੋਂ ਸਮੂਹ



ਸੱਜਣਾਂ ਮਿਤਰਾਂ ਨੂੰ ਪਰਿਵਾਰਾਂ ਸਮੇਤ ਹੁਮ-ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਰਛਪਾਲ ਸਿੰਘ ਫਰਵਾਲਾ ਨਾਲ 916- 880-0531 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੇਅਦਬੀ ਘਟਨਾਵਾਂ ਦੀ ਪੜਤਾਲ ਲਈ ਨਵਾਂ ਜਾਂਚ ਕਮਿਸ਼ਨ ਕਾਇਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਕੈਪਟਨ ਸਰਕਾਰ ਨੇ ਰਾਜ ਵਿਚ ਸਾਲ 2015 ਤੋਂ ਬਾਅਦ ਹੁਣ ਤੱਕ ਹੋਈਆਂ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਅਤੇ ਫਰੀਦਕੋਟ ਜ਼ਿਲ੍ਹੇ ਵਿਚ ਵਾਪਰੀਆਂ ਘਟਨਾਵਾਂ ਦੀ ਪੜਤਾਲ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਰਣਜੀਤ ਸਿੰਘ 'ਤੇ ਆਧਾਰਤ ਨਵੇਂ ਜਾਂਚ ਕਮਿਸ਼ਨ ਦਾ ਗਠਨ ਕੀਤਾ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਕਮਿਸ਼ਨ ਸੂਬੇ ਵਿੱਚ ਗੁਰੂ ਗਰੰਥ ਸਾਹਿਬ, ਭਗਵਤ ਗੀਤਾ ਅਤੇ ਕੁਰਾਨ ਸ਼ਰੀਫ਼ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੀ ਜਾਂਚ ਕਰੇਗਾ।



ਸਰਕਾਰ ਨੇ ਇਸ ਕਮਿਸ਼ਨ ਦਾ ਗਠਨ ਕਮਿਸ਼ਨ ਆਫ਼ ਇਨਕੁਆਇਰੀ ਐਕਟ 1952 ਤਹਿਤ ਕੀਤਾ ਹੈ। ਰਣਜੀਤ ਸਿੰਘ ਦੀ ਅਗਵਾਈ ਹੇਠਲੇ ਇਸ ਕਮਿਸ਼ਨ ਦੀ ਮਿਆਦ 6 ਮਹੀਨੇ ਮਿੱਥੀ ਗਈ ਹੈ। ਕਮਿਸ਼ਨ ਵੱਲੋਂ ਅਕਤੂਬਰ 2015 ਦੌਰਾਨ ਕੋਟਕਪੂਰਾ ਅਤੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਵਿੱਚ ਵਾਪਰੀਆਂ ਪੁਲੀਸ ਗੋਲੀ ਦੀਆਂ ਘਟਨਾਵਾਂ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆ ਜਾਵੇਗਾ। ਬਹਿਬਲ ਕਲਾਂ ਵਿਚ ਪੁਲੀਸ ਗੋਲੀ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ। ਕੈਪਟਨ ਸਰਕਾਰ ਨੇ ਬਾਦਲ ਸਰਕਾਰ ਵੱਲੋਂ ਗਠਿਤ ਕੀਤੇ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ 'ਤੇ ਆਧਾਰਤ ਕਮਿਸ਼ਨ ਦੀ ਰਿਪੋਰਟ ਰੱਦ ਕਰ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਤੇ ਸਰਕਾਰ ਕਿਸੇ ਵੀ ਵਿਅਕਤੀ ਖ਼ਿਲਾਫ਼ ਕਾਰਵਾਈ ਨਹੀਂ ਕਰ ਸਕਦੀ। ਜ਼ਿਕਰਯੋਗ ਹੈ ਕਿ ਅਕਤੂਬਰ 2015 ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਵਾਪਰੀ ਘਟਨਾ ਦੀ ਜਾਂਚ ਸੀਬੀਆਈ ਨੂੰ ਦਿੱਤੀ ਗਈ ਸੀ, ਪਰ ਸੀਬੀਆਈ ਵੀ ਇਸ ਮਾਮਲੇ 'ਤੇ ਹੁਣ ਤੱਕ ਕੋਈ ਪ੍ਰਗਤੀ ਨਹੀਂ ਦਿਖਾ ਸਕੀ।

**ਹਲਕਾ ਇੰਚਾਰਜ ਵਿਵਸਥਾ ਖ਼ਤਮ :**

ਚੋਣ ਵਾਅਦੇ ਨੂੰ ਲਾਗੂ ਕਰਦਿਆਂ ਅਤੇ ਪੁਲੀਸ ਦੇ ਕੰਮ-ਕਾਜ ਵਿੱਚ ਸਿਆਸੀ ਦਖਲਅੰਦਾਜ਼ੀ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਲਕਾ ਇੰਚਾਰਜ ਵਿਵਸਥਾ ਨੂੰ ਫ਼ੌਰੀ ਖ਼ਤਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਪੁਲੀਸ ਥਾਣਿਆਂ ਅਤੇ ਪੁਲੀਸ ਸਬ-ਡਿਵੀਜ਼ਨਾਂ ਦੇ ਅਧਿਕਾਰ ਖੇਤਰ ਵਿੱਚ ਤਬਦੀਲੀਆਂ ਸਬੰਧੀ ਸਾਲ 2010 ਦੀਆਂ ਅਧਿਸੂਚਨਾਵਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਨਾਲ ਪੁਲੀਸ ਵਿਵਸਥਾ ਸੁਤੰਤਰ ਅਤੇ ਨਿਰਪੱਖਤਾ ਦੇ ਨਾਲ ਸੁਚਾਰੂ ਬਣਾਉਣ ਲਈ ਰਾਹ ਪੱਧਰਾ ਹੋ ਗਿਆ ਹੈ।

**ਨਸ਼ਿਆਂ ਖ਼ਿਲਾਫ਼ ਟਾਸਕ ਫੋਰਸ ਦੀ ਕਾਰਜ ਪ੍ਰਣਾਲੀ ਤੈਅ :**

ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਬਣਾਈ ਗਈ ਵਿਸ਼ੇਸ਼ ਟਾਸਕ ਫੋਰਸ ਸੂਬੇ ਵਿੱਚ ਕੰਮ ਕਰ ਰਹੀ ਹੈ ਪਰ ਪੰਜਾਬ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਇਸ ਦੀ ਕਾਰਜ ਪ੍ਰਣਾਲੀ ਤੈਅ ਕਰ ਦਿੱਤੀ ਹੈ। ਨਸ਼ਾ ਕਾਰੋਬਾਰੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਤੋਂ ਇਲਾਵਾ ਐਸਟੀਐਫ ਨੂੰ ਨਸ਼ਾ ਪੀੜਤਾਂ ਦੇ ਮੁੜ ਵਸੇਬੇ, ਨਸ਼ੇ ਦੇ ਆਦੀਆਂ ਨਾਲ ਹਮਦਰਦੀ ਨਾਲ ਪੇਸ਼ ਆਉਣ ਅਤੇ ਜਨ ਚੇਤਨਾ ਮੁਹਿੰਮ ਰਾਹੀਂ ਲੋਕਾਂ ਨੂੰ ਇਸ ਕੋਹੜ ਦੇ ਖਾਤਮੇ ਲਈ ਪ੍ਰੇਰਿਤ ਕਰਨਾ ਸ਼ਾਮਲ ਹੈ। ਇਸ ਮੰਤਵ ਲਈ ਐਸ.ਟੀ.ਐਫ. ਨੀਤੀਆਂ ਘੜੇਗੀ ਅਤੇ ਨਸ਼ੇ ਦੇ ਤਸਕਰਾਂ ਖਿਲਾਫ਼ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰੇਗੀ।

**ਦੋ ਸਾਲਾਂ ਵਿੱਚ ਬੇਅਦਬੀ ਦੀਆਂ ਵਾਪਰੀਆਂ 100 ਤੋਂ ਵੱਧ ਘਟਨਾਵਾਂ**

ਚੰਡੀਗੜ੍ਹ/ਬਿਊਰੋ ਨਿਊਜ਼ : ਪੰਜਾਬ ਵਿੱਚ ਪਿਛਲੇ ਕਰੀਬ ਦੋ ਸਾਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 100 ਤੋਂ ਵੱਧ ਘਟਨਾਵਾਂ ਵਾਪਰ ਚੁੱਕੀਆਂ ਹਨ ਤੇ ਪੁਲੀਸ ਇਨ੍ਹਾਂ ਵਿੱਚੋਂ ਅੱਧੇ ਮਾਮਲਿਆਂ ਵਿੱਚ ਹੀ ਸ਼ੱਕੀ ਵਿਅਕਤੀਆਂ ਜਾਂ ਮੁਲਜ਼ਮਾਂ ਦਾ ਪਤਾ ਲਾ ਸਕੀ ਹੈ। ਇਹ ਖ਼ੁਲਾਸਾ ਬੇਅਦਬੀ ਮਾਮਲਿਆਂ ਸਬੰਧੀ ਪੰਜਾਬ ਪੁਲੀਸ ਦੀ ਪਹਿਲੀ ਵਿਸਥਾਰਤ ਰਿਪੋਰਟ ਤੋਂ ਹੋਇਆ ਹੈ।

# ਜੋਧਪੁਰ ਜੇਲ੍ਹ : ਬੇਕਸੂਰ ਨਜ਼ਰਬੰਦ ਕੀਤੇ ਸਿੱਖਾਂ ਨੂੰ 3 ਦਹਾਕਿਆਂ ਬਾਅਦ ਮਿਲਿਆ 4-4 ਲੱਖ ਦਾ ਮੁਆਵਜ਼ਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੂਨ, 1984 ਵਿਚ ਹੋਏ ਫੌਜੀ ਹਮਲੇ 'ਸਾਕਾ ਨੀਲਾ ਤਾਰਾ' ਦੌਰਾਨ ਫੌਜ ਵੱਲੋਂ ਗ੍ਰਿਫਤਾਰ ਕੀਤੇ ਬੇਕਸੂਰ ਸਿੱਖ ਨੌਜਵਾਨਾਂ ਤੇ ਸ਼ਰਧਾਲੂਆਂ ਨੂੰ ਜੋਧਪੁਰ ਦੀ ਜੇਲ੍ਹ ਵਿਚ ਬਿਨਾਂ ਵਜ੍ਹਾ ਪੰਜ ਸਾਲ ਹਿਰਾਸਤ ਵਿਚ ਰੱਖਣ ਤੇ ਤਸੀਹੇ ਦੇਣ ਦੇ ਮਾਮਲੇ ਵਿਚ ਉਨ੍ਹਾਂ ਵੱਲੋਂ ਮੁਆਵਜ਼ੇ ਲਈ ਪਾਈਆਂ ਸਮੂਹਕ ਅਪੀਲਾਂ ਨੂੰ ਮਨਜ਼ੂਰ ਕਰਦਿਆਂ ਇਥੇ ਅਦਾਲਤ ਵੱਲੋਂ ਇਤਿਹਾਸਕ ਫੈਸਲਾ ਦਿੰਦਿਆਂ ਹਰੇਕ ਅਪੀਲਕਰਤਾਂ ਨੂੰ ਚਾਰ-ਚਾਰ ਲੱਖ ਰੁਪਏ ਮੁਆਵਜ਼ਾ ਸਣੇ ਵਿਆਜ ਦਿੱਤੇ ਜਾਣ ਦਾ ਹੁਕਮ ਸੁਣਾਇਆ ਗਿਆ ਹੈ। ਕਾਫੀ ਲੰਬੇ ਸਮੇਂ ਤੋਂ ਮੁਆਵਜ਼ਾ ਲੈਣ ਲਈ ਜੱਦੋ-ਜਹਿਦ ਕਰ ਰਹੇ ਸਿੱਖ ਨਜ਼ਰਬੰਦਾਂ ਨੂੰ ਜ਼ਿਲ੍ਹਾ ਸ਼ੈਸਨ ਜੱਜ ਅੰਮ੍ਰਿਤਸਰ ਗੁਰਬੀਰ ਸਿੰਘ ਦੀ ਅਦਾਲਤ ਵੱਲੋਂ ਮੁਆਵਜ਼ੇ ਬਾਰੇ ਦਿੱਤੇ ਗਏ ਫੈਸਲੇ ਨਾਲ ਜੋਧਪੁਰ ਬੰਦੀਆਂ ਨੂੰ ਲਗਭਗ ਤਿੰਨ ਦਹਾਕਿਆਂ ਬਾਅਦ ਵੱਡੀ ਰਾਹਤ ਮਿਲੀ ਹੈ। ਇਥੇ ਅਦਾਲਤ ਵਿਚ ਜੋਧਪੁਰ ਦੇ ਸਿੱਖ ਨਜ਼ਰਬੰਦਾਂ ਵੱਲੋਂ ਪੈਰਵਾਈ ਕਰ ਰਹੇ ਸੀਨੀਅਰ ਸਿੱਖ ਵਕੀਲ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ 6 ਜੂਨ, 1984 ਨੂੰ ਭਾਰਤੀ ਫੌਜ ਵੱਲੋਂ ਟੈਂਕ ਚਾੜ੍ਹ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਗਿਆ ਤੇ ਕਾਫੀ ਸਿੱਖ ਸੰਗਤਾਂ ਦੇ ਕਤਲੇਆਮ ਉਪੰਰਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚੋਂ 364 ਦੇ ਕਰੀਬ ਸਿੱਖ ਨੌਜਵਾਨਾਂ ਤੇ ਸ਼ਰਧਾਲੂਆਂ ਨੂੰ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਨੂੰ ਕੁਝ ਸਮਾਂ ਫੌਜੀ ਛਾਉਣੀ ਵਿਚ ਰੱਖ ਕੇ ਤਸੀਹੇ ਦੇਣ ਉਪਰੰਤ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਡੱਕ ਦਿੱਤਾ ਗਿਆ ਪਰ ਇਨ੍ਹਾਂ ਨੌਜਵਾਨਾਂ ਖਿਲਾਫ ਨਾ ਤਾਂ ਕੋਈ ਕੇਸ ਚਲਿਆ ਤੇ ਨਾ ਹੀ ਇਨ੍ਹਾਂ ਨੂੰ ਕਿਸੇ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਬਿਨਾਂ ਵਜ੍ਹਾ ਪੰਜ ਸਾਲ ਜੇਲ੍ਹ ਵਿਚ ਡੱਕੀ ਰਖਣ ਮਗਰੋਂ 6 ਮਾਰਚ, 1989 ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਕੇਸ ਸਬੰਧੀ ਹੇਠਲੀ ਅਦਾਲਤ ਵੱਲੋਂ ਦਿੱਤੇ ਫੈਸਲੇ ਖ਼ਿਲਾਫ਼ 40 ਸਿੱਖ ਨਜ਼ਬਰੰਦਾਂ ਵੱਲੋਂ ਉੱਚ ਅਦਾਲਤ ਵਿਚ ਅਪੀਲਾਂ ਪਾਈਆਂ ਗਈਆਂ ਸਨ, ਜੋ ਕਿ ਇਥੇ ਉਕਤ ਜ਼ਿਲ੍ਹਾ ਤੇ ਸ਼ੈਸਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਦੇ ਵਿਚਾਰ ਅਧੀਨ ਸਨ, ਜਿਨ੍ਹਾਂ ਵੱਲੋਂ ਇਤਿਹਾਸਕ ਫੈਸਲਾ ਦਿੰਦਿਆਂ ਹਰੇਕ ਅਪੀਲਕਰਤਾ ਨੂੰ ਚਾਰ ਲੱਖ ਮੁਆਵਜ਼ਾ ਤੇ ਛੇ ਫੀਸਦੀ ਵਿਆਜ (ਕੇਸ ਦਾਇਰ ਕਰਨ ਤੋਂ ਮਿਲਣ ਵਾਲੇ ਸਮੇਂ ਤੱਕ) ਸਣੇ ਦੇਣ ਦਾ ਹੁਕਮ ਸੁਣਾਇਆ ਗਿਆ ਹੈ।



# ਕੈਪਟਨ ਸਰਕਾਰ ਦੀ ਨਸ਼ੇ 'ਤੇ ਸਖ਼ਤੀ ਦਾ 'ਚਿੱਟਾ' ਸੱਚ

*ਇਕ ਮਹੀਨਾ ਪੂਰਾ ਹੋਣ 'ਤੇ ਕੀਤੀ ਵੱਡੀ ਕਾਰਵਾਈ, ਨਤੀਜਾ ਬਾਦਲ ਸਰਕਾਰ ਜਿਹਾ ਹੀ...*

## ਵੱਡੇ ਨਸ਼ਾ ਤਸਕਰਾਂ ਦੇ ਪਿੰਡ 'ਤੇ ਨਵੀਂ ਸਰਕਾਰ ਦਾ ਸਭ ਤੋਂ ਵੱਡਾ ਛਾਪਾ; ਮਿਲੀਆਂ ਸਿਰਫ਼ 40 ਬੋਤਲਾਂ ਸ਼ਰਾਬ, 30 ਕਿੱਲੋ ਲਾਹਣ

**ਮੋਗਾ/ਬਿਊਰੋ ਨਿਊਜ਼ :**
ਕੈਪਟਨ ਸਰਕਾਰ ਦਾ ਇਕ ਮਹੀਨਾ 16 ਅਪ੍ਰੈਲ ਐਤਵਾਰ ਨੂੰ ਹੀ ਪੂਰਾ ਹੋਇਆ ਅਤੇ ਉਸ ਨੇ ਨਸ਼ੇ ਦੇ ਖ਼ਾਤਮੇ ਲਈ ਸਭ ਤੋਂ ਵੱਡੀ ਕਾਰਵਾਈ ਕਰਦਿਆਂ ਆਪਣੀ ਸਭ ਤੋਂ ਵੱਡੀ ਛਾਪਾਮਾਰੀ ਕੀਤੀ। 31 ਵੱਡੇ ਤਸਕਰਾਂ ਦੇ ਉਸੇ ਦੌਲੇਵਾਲਾ ਪਿੰਡ 'ਚ ਜਿੱਥੇ ਬਾਦਲ ਸਰਕਾਰ ਵੇਲੇ 14 ਮਈ 2014 ਨੂੰ 600 ਪੁਲੀਸ ਮੁਲਾਜ਼ਮਾਂ ਨੇ ਛਾਪਾ ਮਾਰਿਆ ਸੀ। ਉਦੋਂ 750 ਗਰਾਮ ਹੈਰੋਇਨ ਮਿਲੀ ਸੀ, ਹੁਣ 40 ਬੋਤਲਾਂ ਸ਼ਰਾਬ ਅਤੇ 30 ਕਿੱਲੋ ਲਾਹਣ ਮਿਲੀ ਹੈ। ਕਰੀਬ 3 ਮਹੀਨੇ ਪਹਿਲਾਂ 30 ਦਸੰਬਰ ਨੂੰ ਮੋਗਾ ਦੇ ਜਿਸ ਪਿੰਡ ਦੌਲੇਵਾਲ ਵਿਚ ਡੀ.ਐਸ.ਪੀ. ਦੀ ਅਗਵਾਈ ਵਿਚ ਛਾਪਾ ਮਾਰਨ ਗਈ ਪੁਲੀਸ 'ਤੇ ਤਸਕਰਾਂ ਨੇ ਹਮਲਾ ਕਰ ਦਿੱਤਾ ਸੀ ਤੇ ਪੁਲੀਸ ਵਾਲਿਆਂ ਨੂੰ ਭੱਜ ਕੇ ਜਾਨ ਬਚਾਉਣੀ ਪਈ ਸੀ, ਉਸੇ ਪਿੰਡ ਵਿਚ ਸਵੇਰੇ 5:30 ਤੋਂ 10:30 ਵਜੇ ਤਕ ਛਾਪਾ ਮਾਰਿਆ ਗਿਆ ਪਰ ਕੁਝ ਹੱਥ ਨਹੀਂ ਲੱਗਾ। 8 ਮਿੰਨੀ ਬੱਸਾਂ ਤੇ ਇਕ ਵੱਡੀ ਬੱਸ ਵਿਚ ਸਵਾਰ ਹੋ ਕੇ ਪਹੁੰਚੇ ਪੁਲੀਸ ਵਾਲਿਆਂ ਨੇ ਪਿੰਡ ਨੂੰ ਪੂਰੀ ਤਰ੍ਹਾਂ ਘੇਰ ਲਿਆ। ਪਿੰਡ ਵਾਲਿਆਂ ਪਹਿਲਾਂ ਤਾਂ ਵਿਰੋਧ ਕੀਤਾ ਪਰ ਪੁਲੀਸ ਬਲ ਜ਼ਿਆਦਾ ਹੋਣ ਕਾਰਨ ਉਹ ਕਾਮਯਾਬ ਨਾ ਹੋ ਸਕੇ। ਪਿੰਡ ਦੀ ਨਿਰੰਜਣ ਕੌਰ ਤੇ ਗੁਰਬਚਨ ਕੌਰ ਦੇ ਘਰੋਂ 30 ਕਿੱਲੋ ਲਾਹਨ ਤੇ ਰਸਾਲ ਸਿੰਘ ਦੇ ਘਰੋਂ 40 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ ਕਰ ਲਿਆ। ਪਰ ਪੁਲੀਸ ਦੇ ਹੱਥ ਚਿੱਟਾ ਨਹੀਂ ਲੱਗਾ। 40 ਮੋਟਰਸਾਈਕਲਾਂ ਅਤੇ ਇਕ ਐਸ.ਯੂ.ਵੀ. ਜ਼ਬਤ ਕਰ ਕੇ ਪਰਚਾ ਲਿਖਿਆ ਹੈ ਕਿ ਇਹ ਵਾਹਨ ਤਸਕਰੀ ਦੇ ਪੈਸੇ ਨਾਲ ਖ਼ਰੀਦੇ ਗਏ ਹਨ। ਪੁਲੀਸ ਨੇ ਦੋ ਔਰਤਾਂ ਸਮੇਤ ਕੁਲ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਾਲ ਹੀ 8 ਲੋਕਾਂ ਨੂੰ ਨਾਮਜ਼ਦ ਵੀ ਕੀਤਾ ਹੈ। ਇਹ ਕਹਿੰਦਿਆਂ ਕਿ ਮੁਖ਼ਬਰੀ ਦੇ ਆਧਾਰ 'ਤੇ ਪਤਾ ਲੱਗਾ ਹੈ ਕਿ ਇਹ ਲੋਕ ਤਸਕਰੀ 'ਚ ਸ਼ਾਮਲ ਹਨ। ਜਦਕਿ ਸੱਚ ਇਹ ਹੈ ਕਿ ਇਹ 8 ਲੋਕ ਮਸ਼ਹੂਰ ਤਸਕਰ ਹਨ, ਜੋ ਪਹਿਲਾਂ ਤੋਂ ਹੀ ਪੁਲੀਸ ਰਿਕਾਰਡ 'ਚ ਹਨ। ਇਨ੍ਹਾਂ 'ਚ ਹਰ ਕਿਸੇ ਉੱਤੇ ਦਰਜਨਾਂ ਮਾਮਲੇ ਦਰਜ ਹਨ। ਇਨ੍ਹਾਂ ਦੇ ਨਾਂ ਹਨ ਛਿੰਦਰ ਸਿੰਘ, ਬਿੰਦਰ ਸਿੰਘ, ਕਾਲਾ ਸਿੰਘ, ਸਰਬਜੀਤ ਸਿੰਘ, ਦਵਿੰਦਰ ਸਿੰਘ, ਅਮਰੀਕ ਕੌਰ ਤੋਤੀ, ਸਮੁੰਦਰ ਸਿੰਘ ਅਤੇ ਜੰਗੀਰ ਸਿੰਘ। ਥਾਣਾ ਫ਼ਤਿਹਗੜ੍ਹ ਪੰਜਤੂਰ ਦੇ ਰਿਕਾਰਡ 'ਚ ਇਹ ਲੋਕ ਏ, ਬੀ ਅਤੇ ਸੀ ਕੈਟਾਗਰੀ ਦੇ ਤਸਕਰਾਂ ਵਜੋਂ ਦਰਜ ਹਨ। ਦੋ ਭਗੌੜੇ ਐਲਾਨੇ ਜਾ ਚੁੱਕੇ ਹਨ। ਦੌਲੇਵਾਲਾ ਪਿੰਡ 'ਚ 800 ਪਰਿਵਾਰ ਹਨ ਅਤੇ 700 ਲੋਕਾਂ 'ਤੇ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ। ਇੱਥੇ ਦੀਆਂ 70 ਔਰਤਾਂ ਜੇਲ੍ਹ ਜਾ ਚੁੱਕੀਆਂ ਹਨ। 31 ਮਸ਼ਹੂਰ ਤਸਕਰ ਹਨ। ਪਿੰਡ 'ਚ ਅੱਜ ਤੱਕ ਜਿੰਨੇ ਵੀ ਇਰਾਦਾ-ਏ-ਕਤਲ ਦੇ ਮਾਮਲੇ ਦਰਜ ਹੋਏ ਹਨ, ਉਨ੍ਹਾਂ 'ਚੋਂ ਸਭ ਤੋਂ ਵੱਧ ਪੁਲੀਸ 'ਤੇ ਹਮਲਾ ਕਰਨ ਦੇ ਹਨ।



**ਸਰਕਾਰ ਦਾ ਦਾਅਵਾ : 4 ਹਫ਼ਤਿਆਂ 'ਚ ਦਰਜ ਕੀਤੇ 1277 ਕੇਸ, 1468 ਗ੍ਰਿਫ਼ਤਾਰੀਆਂ**
ਕਾਂਗਰਸ ਦਾ ਦਾਅਵਾ ਸੀ ਕਿ ਸੱਤਾ 'ਚ ਆਉਂਦਿਆਂ ਹੀ 28 ਦਿਨਾਂ 'ਚ ਨਸ਼ਾ ਖ਼ਤਮ ਕਰ ਦਿੱਤਾ ਜਾਵੇਗਾ। ਸਰਕਾਰ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ 16 ਮਾਰਚ ਤੋਂ 14 ਅਪ੍ਰੈਲ ਤਕ 1277 ਮਾਮਲੇ ਦਰਜ ਕਰ ਕੇ 1468 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨਾਲ ਹੀ ਇਹ ਵੀ ਮੰਨਿਆ ਹੈ ਕਿ ਹੁਣ ਤੱਕ ਇਕ ਵੀ ਵੱਡਾ ਤਸਕਰ ਨਹੀਂ ਫੜਿਆ ਗਿਆ। ਐਸ.ਟੀ.ਐਫ. ਮੁਖੀ ਹਰਪ੍ਰੀਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਹੁਣ ਤੱਕ ਨਸ਼ਿਆਂ ਦੇ ਮਾਮਲੇ 'ਚ ਫੜੇ ਗਏ ਲੋਕਾਂ ਦੀ ਗਿਣਤੀ ਪਿਛਲੇ ਸਾਲ ਦੌਰਾਨ (16 ਮਾਰਚ ਤੋਂ 14 ਅਪ੍ਰੈਲ) ਤੋਂ ਲਗਭਗ ਦੁੱਗਣੀ ਹੈ।

"ਅਸੀਂ 20 ਮਾਰਚ ਨੂੰ ਹੀ ਨਸ਼ੇ ਵਿਰੁੱਧ ਮੁਹਿੰਮ ਛੇੜ ਦਿੱਤੀ ਸੀ। 31 ਮਾਰਚ ਤੱਕ 400 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ ਅਤੇ 600 ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ। ਇੰਨੇ ਘੱਟ ਸਮੇਂ 'ਚ ਅਜਿਹੀ ਕਾਰਵਾਈ ਪਿਛਲੀ ਸਰਕਾਰ ਸਮੇਂ ਨਹੀਂ ਹੋਈ। ਕਈ ਵੱਡੀਆਂ ਮੱਛੀਆਂ ਰਡਾਰ 'ਤੇ ਹਨ। ਹਾਲੇ ਨਾਂ ਨਹੀਂ ਦੱਸ ਸਕਦੇ। ਛੇਤੀ ਹੀ ਉਹ ਜੇਲ੍ਹ 'ਚ ਹੋਣਗੇ।"

**- ਰਵੀਨ ਠੁਕਰਾਲ**
ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ

## ਸੈਨਹੋਜ਼ੇ ਗੁਰੂ ਘਰ ਵਿਚ ਐਡਵੋਕੇਟ ਅਜੀਤ ਸਿੰਘ ਨੂੰ ਸ਼ਰਧਾਂਜਲੀਆਂ

**ਸੈਨਹੋਜ਼ੇ/ਬਿਊਰੋ ਨਿਊਜ਼ :** ਦੀ ਪੰਜਾਬ-ਅਮੈਰੀਕਾ ਸੀਨੀਅਰ ਐਸੋਸੀਏਸ਼ਨ ਸੈਂਟਰ ਸੈਨਹੋਜ਼ੇ ਦੀ ਮਾਸਿਕ ਮੀਟਿੰਗ ਸੈਨਹੋਜ਼ੇ ਗੁਰੂ ਘਰ ਵਿਚ ਹੋਈ, ਜਿਸ ਵਿਚ ਐਸੋਸੀਏਸ਼ਨ ਦੇ ਮੋਢੀ ਮੈਂਬਰ ਐਡਵੋਕੇਟ ਅਜੀਤ ਸਿੰਘ ਦੇ ਪਿਛਲੇ ਦਿਨੀਂ ਹੋਏ ਸਦੀਵੀਂ ਵਿਛੋੜੇ 'ਤੇ ਸ਼ੋਕ ਮਤਾ ਪਾਇਆ ਗਿਆ। ਸਮੂਹ ਮੈਂਬਰਾਂ ਨੂੰ ਉਨ੍ਹਾਂ ਦੀ ਗੈਰ ਹਾਜ਼ਰੀ ਰੜਕਦੀ ਰਹੀ। ਜ਼ਿਕਰਯੋਗ ਹੈ ਕਿ ਉਹ ਫਿਰੋਜ਼ਪੁਰ ਕਚਹਿਰੀਆਂ ਵਿਖੇ ਸੇਵਾਵਾਂ ਦੇਣ ਤੋਂ ਬਾਅਦ ਅਮਰੀਕਾ ਆ ਕੇ ਸਮਾਜ ਸੇਵਾ ਦੇ ਕਾਰਜ ਕਰਦੇ ਰਹੇ। ਉਨ੍ਹਾਂ ਨੇ ਬਹੁਤ ਸਾਰੇ ਮੈਂਬਰਾਂ ਤੇ ਨਾਨ-ਮੈਂਬਰਾਂ ਨੂੰ ਆਰਥਿਕ, ਸਮਾਜਿਕ ਤੇ ਕਾਨੂੰਨੀ ਸੇਵਾਵਾਂ, ਮੁਫ਼ਤ ਸਲਾਹ ਮਸ਼ਵਰੇ ਦੇ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ। ਸਭਾ ਦੇ ਜਨਰਲ ਸਕੱਤਰ ਹਰਦੇਵ ਸਿੰਘ ਅਟਵਾਲ ਨੇ ਅਜੀਤ ਸਿੰਘ ਬਣਵੈਤ ਦੇ ਜੀਵਨ ਬਾਰੇ ਜਾਣਕਾਰੀ ਦੇ ਕੇ ਸ਼ੋਕ ਮਤਾ ਰੱਖਿਆ ਤੇ ਸਭਾ ਨੇ ਦੋ ਮਿੰਟ ਮੋਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਹਰਬੰਸ ਸਿੰਘ ਲੌਂਗੀਆ ਐਡਵੋਕੇਟ, ਵਿੰਗ ਕਮਾਂਡਰ ਅਜੀਤ ਸਿੰਘ ਥਾਂਦੀ, ਚਰਨਜੀਤ ਸਿੰਘ ਪੰਨੂ ਅਤੇ ਕਰਨਲ ਬਲਬੀਰ ਸਿੰਘ ਨੇ ਉਨ੍ਹਾਂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ।
ਇਸ ਮੌਕੇ ਸੂਰਤ ਸਿੰਘ, ਮੋਹਣ ਸਿੰਘ ਹੰਸ, ਪੂਰਨ ਸਿੰਘ ਗਰੇਵਾਲ, ਅਮਰਜੀਤ ਸਿੰਘ ਸਹਾਇ, ਦੇਸ ਰਾਜ ਕੰਡਾ, ਹਰਜੀਤ ਸਿੰਘ, ਡਾ. ਹਰਭਜਨ ਸਿੰਘ ਯੋਗੀ, ਬਿਕਰਮ ਸਿੰਘ, ਮੱਘਰ ਸਿੰਘ, ਰਾਜ, ਸਰਬਜੀਤ ਸਿੰਘ ਰੰਧਾਵਾ, ਮੱਖਣ ਲਾਲ ਗੁਪਤਾ, ਬਲਬੀਰ ਸਿੰਘ ਲੱਧੜ, ਅਵਤਾਰ ਸਿੰਘ ਮਿਸ਼ਨਰੀ, ਡਾ.ਬਰਸਾਲ, ਕੁਲਵਿੰਦਰ ਸਿੰਘ ਵੀ ਹਾਜ਼ਰ ਸਨ।

## ਹਮ ਘਰ ਸਾਜਨ ਆਏ . . .

**ਪਿਸ਼ੌਰਾ ਸਿੰਘ ਢਿੱਲੋਂ, ਫਰਿਜ਼ਨੋਂ**

ਕੈਨੇਡਾ ਦੇ ਪਲੇਠੇ ਸਿੱਖ ਸੁਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਹੋਰਨਾਂ ਦੇਸ਼ਾਂ ਸਮੇਤ ਭਾਰਤ ਫੇਰੀ 'ਇਤਿਹਾਸਕ ਮੋੜਾ'!
ਇਕ ਸਦੀ ਪਹਿਲਾਂ ਜਿਸ ਧਰਤੀ ਉਪਰ ਪੰਜਾਬੀ-ਭਾਰਤੀ ਲੋਕਾਂ ਨੂੰ Undesirable Indian Identity ਗਰਦਾਨ ਕੇ ਜਹਾਜ਼ ਵਿਚੋਂ ਵੀ ਉਤਰਨ ਉਪਰ ਪਾਬੰਦੀ ਸੀ। ਜਿਹਦੀ ਪਾਰਲੀਮੈਂਟ ਵਿਚ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਮਕਡੋਨਲਡ ਦਾ 'Whiteman's Country' ਵਾਲਾ ਸੰਕਲਪ ਦੁਹਰਾਉਂਦਿਆਂ ਕਾਮਾਗਾਟਾ ਮਾਰੂ ਦੇ ਮੁਸਾਫਰਾਂਨੂੰ ਵਾਪਸ ਮੌਤ ਦੇ ਮੂੰਹ ਵਿਚ ਧੱਕਦਿਆਂ ਓਦੋਂ ਬ੍ਰਿਟਿਸ਼ ਕੋਲੰਬੀਆ ਦੇ ਤਤਕਾਲੀ ਪ੍ਰੀਮੀਅਰ ਸਰ ਰਿਚਰਡ ਮੈਕਬਰਾਈਡ ਨੇ ਆਖਿਆ ਸੀ , . . " and we always have in mind the necessity of keeping this a white man`s country" ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਉਸੇ ਪਾਰਲੀਮੈਂਟ ਵਿਚ ਰਸਮੀ ਤੌਰ 'ਤੇ ਕਾਮਾਗਾਟਾ ਮਾਰੂ ਦੇ ਉਨ੍ਹਾਂ ਪੀੜਤ ਮੁਸਾਫਰਾਂ ਨਾਲ ਹੋਈ ਨਸਲੀ ਬੇਇਨਸਾਫੀ ਲਈ ਮੁਆਫੀ ਮੰਗਣਾ ਕੋਈ ਛੋਟੀ ਗੱਲ ਨਹੀਂ ਸੀ। ਪਰ ਅੱਤਿਵਾਦ ਦੇ ਇਸ ਅਸੁਰੱਖਿਅਕ ਦੌਰ ਵਿਚ ਆਪਣੇ ਇਸ ਪਿਆਰੇ ਦੇਸ਼ ਦੀ ਸੁਰੱਖਿਆ ਦੀ ਵਾਗਡੋਰ ਹੀ ਪੰਜਾਬੀ-ਭਾਰਤੀ ਮੂਲ ਦੇ ਓਸੇ ਸਿੱਖ-ਕੈਨੇਡੀਅਨ ਦੇ ਹੱਥ ਸੌਂਪ ਦੇਣਾ ਦੂਰ ਅੰਦੇਸ਼ੀ, ਮਨੁੱਖੀ ਬਰਾਬਰੀ ਅਤੇ ਪੂਰਨ ਭਰੋਸਗੀ ਲਈ ਚੰਗੀ ਸ਼ੁਰੂਆਤ ਹੈ।
ਜੋ ਕੌਮਾਂ ਜਾਂ ਲੋਕ ਆਪਣੇ ਇਤਿਹਾਸ ਤੋਂ ਕੋਈ ਸਬਕ ਨਹੀਂ ਲੈਂਦੇ, ਉਹ ਵਾਰ ਵਾਰ ਉਹੀ ਸੰਤਾਪ ਭੁਗਤਦੇ ਹਨ; ਇਹ ਗੱਲ ਆਪਾਂ ਸਭ ਕਹਿੰਦੇ, ਸੁਣਦੇ ਰਹਿੰਦੇ ਹਾਂ। ਇਸ ਤੋਤਾ-ਰਟਣੀ ਦੇ ਬਾਵਜੂਦ ਹੁੰਦਾ ਉਹੀ ਕੁਝ ਹੈ ਜੋ ਉਨ੍ਹਾਂ ਤੋਤਿਆਂ ਨਾਲ ਹੋਇਆ ਸੀ, ਜੋ ਸ਼ਿਕਾਰੀ ਦੇ ਜਾਲ ਵਿਚ ਫਸਦੇ ਵੀ ਰਹੇ ਸਨ ਤੇ ਅੱਗੇ ਤੋਂ ਕਦੀ ਨਾ ਫਸਣ ਲਈ ਗਾਉਂਦੇ ਵੀ ਰਹੇ ਸਨ। ਪਰ ਕੈਨੇਡਾ ਦੀ ਨਵੀਂ ਦੁਨੀਆਂ ਇਸ ਨੂੰ ਅੰਜਾਮ ਦੇਣ ਲਈ ਅੱਜ ਰਾਹ-ਦਸੇਰਾ ਬਣ ਕੇ ਜੱਗ ਨੂੰ ਮੁਖਾਤਿਬ ਹੋਈ ਹੈ। ਇਤਿਹਾਸ ਨੂੰ ਪੁੱਠਾ ਗੇੜ ਦੇਣ ਦੀ ਤਾਕ ਵਿਚ ਗੋਂਦਾਂ ਗੁੰਦਣ ਵਾਲਿਆਂ ਦੇ ਉਲਟ ਉਸਰ ਰਹੇ ਇਸ 'ਗਲੋਬਲ ਪਿੰਡ' ਵਿਚਲੇ ਨਵੇਂ ਸਭਿਆਚਾਰ ਦੀ ਉਸਾਰੀ ਲਈ ਉਨ੍ਹਾਂ ਵਲੋਂ ਇਹ ਨੀਂਹ- ਪੱਥਰ ਵੀ ਹੈ, ਤੇ ਲਲਕਾਰ ਵੀ ਹੈ। ਬਹੁ-ਸਭਿਆਚਾਰ ਦੀ ਜਿੱਤ ਹੋਣ ਲਈ ਭਰੋਸਾ ਹੈ। ਬਹੁ-ਭਾਸ਼ੀ ਹੋਣ ਲਈ ਸੱਦਾ ਹੈ। ਵਿਕਸਤ ਪਛਮੀ ਸਭਿਅਤਾ ਦੇ ਸ਼ਕਤੀਸ਼ਾਲੀ ਸਭਿਆਚਾਰ ਵਿਚ ਇਹ ਕੇਵਲ ਪੰਜਾਬੀ ਜਾਂ ਹਿੰਦੁਸਤਾਨੀ ਸਭਿਆਚਾਰ ਲਈ ਹੀ ਨਹੀਂ, ਸਮੁੱਚੇ ਘੱਟ ਗਿਣਤੀ ਸਭਿਆਚਾਰਾਂ ਲਈ ਵੱਡੀ ਜਿੱਤ ਹੈ। ਨਵੇਂ ਰਾਹਾਂ ਤੇ ਤੁਰਦਿਆਂ ਇਸ ਉਦਾਰ ਚਿੱਤ ਦਰਿਆ ਦਿਲੀ ਲਈ, ਆਓ ਕੈਨੇਡਾ ਦੀ ਸਰਕਾਰ ਦਾ ਇਸਤਕਬਾਲ ਕਰੀਏ।

Co ordinator Education & Sikh Awareness
Founding Member Sikh Council of Central California
www.pashaurasinghdhillon.com
e: pashaurasinghdhillon@gmail.com

## ਬਾਬਰੀ ਕੇਸ: ਅਡਵਾਨੀ, ਜੋਸ਼ੀ, ਉਮਾ 'ਤੇ ਚੱਲੇਗਾ ਮੁਕੱਦਮਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਬਾਬਰੀ ਢਹਿ-ਢੇਰੀ ਮਾਮਲੇ 'ਤੇ ਸੁਪਰੀਮ ਕੋਰਟ ਨੇ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ ਸਮੇਤ 13 ਜਣਿਆਂ ਖ਼ਿਲਾਫ਼ ਅਪਰਾਧਿਕ ਸਾਜ਼ਿਸ਼ ਦਾ ਕੇਸ ਚੱਲੇਗਾ। ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਰੋਜ਼ਾਨਾ ਸੁਣਵਾਈ ਦੇ ਆਦੇਸ਼ ਦਿੱਤੇ ਹਨ। ਨਾਲ ਹੀ ਅਦਾਲਤ ਨੇ ਕਿਹਾ ਕਿ ਵਿਸ਼ੇਸ਼ ਅਦਾਲਤ 2 ਸਾਲ ਵਿਚ ਮਾਮਲੇ ਦੀ ਸੁਣਵਾਈ ਪੂਰੀ ਕਰੇ। ਇਸ ਦੇ ਨਾਲ ਹੀ ਰਾਏਬਰੇਲੀ ਤੋਂ ਲਖਨਊ ਕੇਸ ਟਰਾਂਸਫਰ ਕਰ ਦਿੱਤਾ ਗਿਆ ਹੈ। ਜਿਥੇ ਤਕ ਸੁਣਵਾਈ ਰਾਏਬਰੇਲੀ ਵਿਚ ਹੋ ਗਈ ਸੀ, ਉਸ ਤੋਂ ਅੱਗੇ ਦੀ ਸੁਣਵਾਈ ਉਥੇ ਹੋਵੇਗੀ। ਨਾਲ ਹੀ ਮਾਮਲੇ ਨਾਲ ਜੁੜੇ ਜੱਜਾਂ ਦੇ ਤਬਾਦਲੇ 'ਤੇ ਰੋਕ ਲਗਾ ਦਿੱਤੀ ਗਈ ਹੈ। ਸੀ.ਬੀ.ਆਈ. ਨੂੰ ਆਦੇਸ਼ ਦਿੱਤਾ ਹੈ ਕਿ ਇਸ ਮਾਮਲੇ ਵਿਚ ਰੋਜ਼ ਉਨ੍ਹਾਂ ਦਾ ਵਕੀਲ ਅਦਾਲਤ ਵਿਚ ਮੌਜੂਦ ਰਹੇਗਾ।

## ਅਰੂਸਾ ਨੂੰ ਸਰਕਾਰੀ ਕੋਠੀ ਦੀ ਸਹੂਲਤ ਦੇਣ 'ਤੇ ਚੰਦੂਮਾਜਰਾ ਨੇ ਪ੍ਰਗਟਾਇਆ ਇਤਰਾਜ਼

**ਪਟਿਆਲਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੰਡੀਗੜ੍ਹ ਵਿਚ ਆਪਣੀ ਪਾਕਿਸਤਾਨੀ ਮਹਿਲਾ ਦੋਸਤ ਅਰੂਸਾ ਬੇਗਮ ਨੂੰ ਕਥਿਤ ਤੌਰ 'ਤੇ ਦਿੱਤੀ ਸਰਕਾਰੀ ਕੋਠੀ ਦੀ ਸਹੂਲਤ ਤੋਂ ਅਕਾਲੀ ਦਲ ਖਫ਼ਾ ਹੈ। ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਸਰਕਟ ਹਾਊਸ ਵਿਚ ਸੱਦੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਹੈ ਕਿ ਦੇਸ਼ ਦੀ ਸੁਰੱਖਿਆ ਨੂੰ ਪਾਕਿਸਤਾਨ ਤੋਂ ਪੈਰ-ਪੈਰ 'ਤੇ ਖ਼ਤਰਾ ਹੈ, ਪ੍ਰੰਤੂ ਮੁੱਖ ਮੰਤਰੀ ਨੇ ਉਸ ਦੇਸ਼ ਦੀ ਮਹਿਲਾ ਦੋਸਤ ਨੂੰ ਮੁੱਖ ਮੰਤਰੀ ਦੀ ਨਿਰਧਾਰਿਤ ਕੋਠੀ ਦੇ ਨਾਲ ਲੱਗਵੀਂ ਸਰਕਾਰੀ ਕੋਠੀ ਕਥਿਤ ਤੌਰ 'ਤੇ ਰਹਿਣ ਸਹਿਣ ਲਈ ਦੇ ਕੇ ਦੇਸ਼ ਦੀ ਸੁਰੱਖਿਆ ਨੂੰ ਇੱਕ ਤਰ੍ਹਾਂ ਖ਼ਤਰੇ ਵਿਚ ਪਾਉਣ ਦੇ ਬਰਾਬਰ ਕੰਮ ਕੀਤਾ ਹੈ। ਪ੍ਰੋ. ਚੰਦੂਮਾਜਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਬਾਰੇ ਦਿੱਤੇ ਬਿਆਨ ਨੂੰ ਘਟੀਆ ਰਾਜਨੀਤੀ ਕਰਾਰ ਦਿੰਦਿਆਂ ਆਖਿਆ ਕਿ ਮੁੱਖ ਮੰਤਰੀ ਨੂੰ ਸਮਝ ਹੋਣੀ ਚਾਹੀਦੀ ਸੀ ਕਿ ਕੈਨੇਡਾ ਵਰਗੇ ਮੁਲਕ ਨੇ ਲੱਖਾਂ ਹੀ ਦੇਸ਼ ਵਾਸੀਆਂ ਖਾਸ ਕਰਕੇ ਪੰਜਾਬੀਆਂ ਨੂੰ ਰੁਜ਼ਗਾਰ ਦੇ ਵਸੀਲੇ ਦਿੱਤੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਪਹਿਲੇ ਮਹੀਨੇ ਵਿਚ ਫੇਲ੍ਹ ਸਾਬਿਤ ਹੋਈ ਹੈ, ਜਿੱਥੇ ਵਾਅਦੇ ਨਹੀਂ ਪੁਗਾਏ ਗਏ ਉਥੇ ਹੀ ਪੱਤਰਕਾਰਾਂ ਸਮੇਤ ਵੱਖ ਵੱਖ ਵਰਗਾਂ ਦੇ ਲੋਕਾਂ 'ਤੇ ਜਾਨਲੇਵਾ ਹਮਲੇ ਹੋਣ ਲੱਗੇ ਹਨ ਤੇ ਅਜਿਹੀ ਵਾਰਦਾਤਾਂ ਥੰਮਣ ਦੀ ਬਜਾਏ ਆਏ ਦਿਨ ਵੱਧਣ ਲੱਗੀਆਂ ਹਨ। ਉਨ੍ਹਾਂ ਆਖਿਆ ਕਿ ਕੈਪਟਨ ਸਰਕਾਰ ਵੱਲੋਂ ਸਿਆਸੀ ਬਦਲੇ ਵਿਚ ਅਕਾਲੀ ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ ਹੈ, ਪਰ ਅਕਾਲੀ ਦਲ ਪੰਜਾਬ ਤੇ ਪਾਰਟੀ ਦੇ ਹਿੱਤ ਵਿਚ ਬਹੁਤਾ ਚਿਰ ਮਾਮਲਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ।

**ਬਾਕੀ**

### ਕੈਪਟਨ ਦੀ ਖਾਲਿਸਤਾਨ ਬਾਰੇ ਬਿਆਨਬਾਜ਼ੀ ਸਿਆਸੀ ਸਟੰਟ : ਯੂਨਾਈਟਡ ਖਾਲਸਾ ਦਲ ਯੂ.ਕੇ.

ਲਈ ਬਥੇਰੇ ਹੱਥ ਪੈਰ ਮਾਰੇ ਪਰ ਸਫਲਤਾ ਪ੍ਰਾਪਤ ਨਾ ਹੋ ਸਕੀ। ਅੰਮ੍ਰਿਤਸਰ ਐਲਾਨਨਾਮੇ ਦੀ ਪੂਰਤੀ ਲਈ ਕਸਮਾਂ ਖਾਧੀਆਂ, ਅੰਮ੍ਰਿਤਸਰ ਅਕਾਲੀ ਦਲ ਦੀ ਕਾਰਜਕਰਨੀ ਦਾ ਮੈਂਬਰ ਬਣਿਆ। ਅਖੀਰ ਉਸੇ ਕਾਂਗਰਸ ਵਿਚ ਜਾ ਰਲਿਆ ਜਿਸ ਨੂੰ ਛੱਡਿਆ ਸੀ। ਕੈਨੇਡਾ ਵਿੱਚ ਖਾਲਿਸਤਾਨ ਪੱਖੀ ਸਟੇਜਾਂ ਤੋਂ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਵਾਲੇ ਕੈਪਟਨ ਨੂੰ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਮੌਕਾਪ੍ਰਸਤ ਕਰਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸ. ਹਰਜੀਤ ਸਿੰਘ ਸੱਜਣ ਸਮੇਤ ਕੈਨੇਡਾ ਦੀ ਪਾਰਲੀਮੈਂਟ ਵਿੱਚ ਸੱਤ ਸਿੱਖਾਂ ਦੇ ਮੰਤਰੀ ਬਣਨ ਨਾਲ ਦੁਨੀਆ ਭਰ ਵਿੱਚ ਸਿੱਖਾਂ ਦਾ ਮਾਣ ਵਧਿਆ ਹੈ ਜੋ ਕਿ ਸਿੱਖ ਵਿਰੋਧੀ ਤਾਕਤਾਂ ਨੂੰ ਚੁੱਭਦਾ ਹੈ ਅਤੇ ਕੈਪਟਨ ਵਰਗੇ ਲੋਕ ਜਿਹੜੇ ਸ਼ਕਲੋਂ ਸਿੱਖ ਲਗਦੇ ਹਨ, ਉਹ ਸਿੱਖ ਵਿਰੋਧੀਆਂ ਦੇ ਹੱਥ ਠੋਕੇ ਬਣ ਕੇ ਉਨ੍ਹਾਂ ਦਾ ਕਾਰਜ ਬਾਖੂਬੀ ਨਿਭਾਅ ਰਹੇ ਹਨ।

### ਨਿਊ ਯਾਰਕ 'ਚ ਨਸ਼ੇੜੀ ਮੁਸਾਫ਼ਰਾਂ ਨੇ ਸਿੱਖ ਟੈਕਸੀ ਡਰਾਈਵਰ 'ਤੇ ਕੀਤਾ ਹਮਲਾ

ਜਦੋਂ ਉਹ ਮੁਸਾਫ਼ਰਾਂ ਨੂੰ ਉਨ੍ਹਾਂ ਦੇ ਦੱਸੇ ਟਿਕਾਣੇ ਬਰੌਂਕਸ ਲੈ ਕੇ ਪੁੱਜਾ ਤਾਂ ਉਨ੍ਹਾਂ ਇਸ ਗੱਲੋਂ ਝਗੜਨਾ ਸ਼ੁਰੂ ਕਰ ਦਿੱਤਾ ਕਿ ਉਹ ਉਨ੍ਹਾਂ ਨੂੰ ਗ਼ਲਤ ਪਤੇ 'ਤੇ ਲੈ ਆਇਆ ਹੈ। ਹਰਕੀਰਤ ਨੇ ਕਿਹਾ ਮੁਸਾਫ਼ਰ ਸ਼ਰਾਬ ਨਾਲ ਰੱਜੇ ਹੋਏ ਸਨ। ਇਸ ਦੌਰਾਨ ਜਦੋਂ ਉਸ ਨੇ ਮੁਸਾਫ਼ਰਾਂ ਤੋਂ ਕਾਰ ਦਾ ਭਾੜਾ ਮੰਗਿਆ ਤਾਂ ਉਨ੍ਹਾਂ ਵਿੱਚ ਇਕ ਨੌਜਵਾਨ ਨੇ ਉਸ 'ਤੇ ਹਮਲਾ ਕਰਦਿਆਂ ਉਸ ਦੀ ਦਸਤਾਰ ਲਾਹ ਦਿੱਤੀ। ਪੁਲੀਸ ਆਉਂਦੀ ਵੇਖ ਹਮਲਾਵਰ ਹਰਕੀਰਤ ਦੀ ਦਸਤਾਰ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ। ਮੇਅਰ ਬਿਲ ਡੀ ਬਲਾਸੀਓ ਨੇ ਸਿੱਖ ਟੈਕਸੀ ਡਰਾਈਵਰ ਦੇ ਹੱਕ ਵਿੱਚ ਟਵੀਟ ਕਰਦਿਆਂ ਕਿਹਾ, 'ਹਰਕੀਰਤ ਸਿੰਘ- ਤੁਹਾਡਾ ਇਥੇ ਸਵਾਗਤ ਹੈ। ਤੁਹਾਡੇ ਨਾਲ ਜੋ ਕੁਝ ਵਾਪਰਿਆ ਉਹ ਗ਼ਲਤ ਸੀ। ਤੁਸੀਂ ਨਿਊ ਯਾਰਕ ਪੁਲੀਸ ਵਿਭਾਗ ਨੂੰ ਫ਼ੋਨ ਕਰਕੇ ਸਹੀ ਕਦਮ ਚੁੱਕਿਆ ਹੈ।'
ਨਿਊਯਾਰਕ ਦੇ ਗੁਰਦੁਆਰੇ ਸਿੱਖ ਕਲਚਰ ਸੁਸਾਇਟੀ ਰਿਚਮਿੰਡ ਹਿੱਲ ਵਿੱਚ ਇਕ ਸਮਾਗਮ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਏ ਝਗੜੇ ਦੌਰਾਨ ਦਸਤਾਰ ਦੀ ਬੇਅਦਬੀ ਹੋਣ ਦਾ ਮਾਮਲੇ ਦੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖ਼ਤ ਨੋਟਿਸ ਲਿਆ ਅਤੇ ਦੋਸ਼ੀਆਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦਾ ਫ਼ੈਸਲਾ ਕੀਤਾ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

**Khalsa Insurance Agency is among TOP 50 agencies of Blue Cross in USA.**

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਅਮਰੀਕਾ, ਚੀਨ ਤੇ ਪਾਕਿ-ਨਹੀਂ ਅੰਤ ਭਾਰਤ ਦੀਆਂ ਦਿੱਕਤਾਂ ਦਾ

**ਕੇ.ਸੀ. ਸਿੰਘ**

**ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਥਾਈ ਪ੍ਰਤੀਨਿਧ ਨਿੱਕੀ ਹੇਲੀ ਦਾ ਭਾਰਤ-ਪਾਕਿਸਤਾਨ ਵਿਵਾਦ ਵਿੱਚ ਵਿਚੋਲਗੀ ਬਾਰੇ ਬਿਆਨ ਦੇਣਾ ਇਹ ਸਵਾਲ ਪੈਦਾ ਕਰਦਾ ਹੈ ਕਿ ਕੀ ਪਾਕਿਸਤਾਨ ਦੁਨੀਆਂ ਵਿੱਚ ਸੱਚਮੁੱਚ ਉਨਾ ਅਲੱਗ-ਥਲੱਗ ਹੋ ਚੁੱਕਾ ਹੈ ਜਿੰਨਾ ਭਾਜਪਾ ਦਾਅਵਾ ਕਰ ਰਹੀ ਹੈ। ਆਖ਼ਿਰ ਵਿੱਚ, ਕੁਲਭੂਸ਼ਨ ਜਾਧਵ ਘਟਨਾਕ੍ਰਮ ਬਾਰੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਵਾਅਦਾ ਕਿ ਉਸ ਨੂੰ ਛੁਡਾਉਣ ਲਈ ਭਾਰਤ ਕੁਝ ਵੀ ਕਰ ਸਕਦਾ ਹੈ ਅਤੇ ਹੋਰ ਭਾਰਤੀ ਪ੍ਰਤੀਕਰਮ ਬੇਲੋੜੇ ਸਨ। ਅਗਵਾ ਕਰਨ ਵਾਲਿਆਂ ਲਈ ਖ਼ਾਮੋਸ਼ ਧਮਕੀ ਹੀ ਕਾਫ਼ੀ ਹੈ।**

ਪਿਛਲੇ ਪੰਦਰਵਾੜੇ ਦੌਰਾਨ ਵਿਸ਼ਵ ਵਿੱਚ ਵਾਪਰੀਆਂ ਕੁਝ ਅਹਿਮ ਘਟਨਾਵਾਂ ਉੱਪਰ ਮੁੜ ਗ਼ੌਰ ਕਰਨ ਸਮੇਂ ਮੇਰੇ ਮਨ ਵਿੱਚ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਹੈਰਲਡ ਵਿਲਸਨ ਦੀ ਉਹ ਟਿੱਪਣੀ ਯਾਦ ਆ ਗਈ ਕਿ ਸਿਆਸਤ ਵਿੱਚ ਇੱਕ ਹਫ਼ਤੇ ਦਾ ਸਮਾਂ ਬਹੁਤ ਲੰਬਾ ਹੁੰਦਾ ਹੈ। ਅਮਰੀਕਾ ਨੇ ਸੀਰੀਆ ਦੇ ਹੋਮ ਸ਼ਹਿਰ ਨੇੜੇ ਸ਼ਿਆਰਤ ਹਵਾਈ ਕੇਂਦਰ ਉੱਪਰ ਅੰਨ੍ਹੇਵਾਹ ਮਿਜ਼ਾਈਲਾਂ ਵਰ੍ਹਾਈਆਂ। ਇਹ ਕਾਰਵਾਈ ਬਾਗ਼ੀਆਂ ਦੇ ਕਬਜ਼ੇ ਵਾਲੇ ਖ਼ਾਨ ਸ਼ੇਖੂ ਕਸਬੇ ਉੱਤੇ ਹਵਾਈ ਹਮਲੇ ਰਾਹੀਂ ਸੀਰੀਆ ਵੱਲੋਂ ਕਥਿਤ ਤੌਰ 'ਤੇ ਕੀਮੀਆਈ ਹਥਿਆਰਾਂ (ਵਿਸ਼ੈਲੀ ਗੈਸ) ਦੀ ਵਰਤੋਂ ਖ਼ਿਲਾਫ਼ ਕੀਤੀ ਗਈ। ਇਹ ਗੈਸ ਸੰਯੁਕਤ ਰਾਸ਼ਟਰ ਨੇ ਰਸਾਇਣਕ ਹਥਿਆਰ ਕਰਾਰ ਦਿੱਤੀ ਹੋਈ ਹੈ। ਦੂਜੇ ਪਾਸੇ ਪਾਕਿਸਤਾਨ ਨੇ ਭਾਰਤ ਦੇ ਸਾਬਕਾ ਜਲ ਸੈਨਾ ਅਧਿਕਾਰੀ ਕੁਲਭੂਸ਼ਨ ਜਾਧਵ ਨੂੰ ਜਾਸੂਸੀ ਤੇ ਦਹਿਸ਼ਤਗਰਦੀ ਦੇ ਦੋਸ਼ਾਂ ਹੇਠ ਮੌਤ ਦੀ ਸਜ਼ਾ ਸੁਣਾ ਕੇ ਭਾਰਤ ਨਾਲ ਸਬੰਧਾਂ ਵਿੱਚ ਨਵਾਂ ਨਿਘਾਰ ਪੈਦਾ ਕਰ ਦਿੱਤਾ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਜਾਧਵ ਨੂੰ ਬਲੋਚਿਸਤਾਨ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਰਤ ਦਾ ਕਹਿਣਾ ਹੈ ਕਿ ਉਸ ਨੂੰ ਇਰਾਨ ਵਿੱਚੋਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਅਗਵਾ ਕਰਕੇ ਪਾਕਿਸਤਾਨ ਲਿਆਂਦਾ ਗਿਆ ਸੀ। ਦਲਾਈ ਲਾਮਾ ਦੀ ਤਵਾਂਗ (ਅਰੁਣਾਚਲ ਪ੍ਰਦੇਸ਼) ਯਾਤਰਾ ਰੋਕਣ ਲਈ ਭਾਰਤ ਨਾਲ ਸਬੰਧ ਬੇਹੱਦ ਖ਼ਰਾਬ ਹੋਣ ਦੀ ਚੀਨ ਵੱਲੋਂ ਦਿੱਤੀ ਗਈ ਧਮਕੀ ਨੂੰ ਭਾਰਤ ਨੇ ਨਜ਼ਰਅੰਦਾਜ਼ ਕਰ ਦਿੱਤਾ। ਬੋਧੀਆਂ ਲਈ ਲ੍ਹਾਸਾ ਤੋਂ ਬਾਅਦ ਇਹ ਦੂਜਾ ਪਵਿੱਤਰ ਬੋਧੀ ਮੱਠ ਅਤੇ ਛੇਵੇਂ ਦਲਾਈ ਲਾਮਾ ਦਾ ਜਨਮ ਸਥਾਨ ਹੈ।

ਇਨ੍ਹਾਂ ਘਟਨਾਵਾਂ ਦਾ ਮਹੱਤਵ ਕੀ ਹੈ, ਇਸ ਬਾਰੇ ਮੈਂ ਉਪਰੋਕਤ ਸਿਲਸਿਲੇ ਅਨੁਸਾਰ ਚਰਚਾ ਕਰਾਂਗਾ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੀਰੀਆ ਦੀ ਅਸਦ ਸਰਕਾਰ ਨੂੰ ਸਬਕ ਸਿਖਾਉਣ ਦੇ ਫ਼ੈਸਲੇ ਨੂੰ ਉੱਥੋਂ ਦੇ ਸੱਜ-ਪਿਛਾਖੜੂ ਗੱਠਜੋੜ, ਜਿਸ ਦੇ ਪੈਰ ਉਖੜੇ ਹੋਏ ਹਨ, ਨੇ ਹੈਰਾਨਗੀ ਨਾਲ ਲਿਆ। ਉਨ੍ਹਾਂ ਨੇ ਇਸ ਮਿਜ਼ਾਈਲ ਹਮਲੇ ਨੂੰ ਨਵ-ਦਖ਼ਲਅੰਦਾਜ਼ੀ ਕਰਾਰ ਦਿੰਦਿਆਂ ਆਪਣੇ ਨਾਲ ਹੋਇਆ ਵਿਸ਼ਵਾਸਘਾਤ ਕਰਾਰ ਦਿੱਤਾ। ਦੂਜੇ ਪਾਸੇ ਉਸ ਦੀ ਆਪਣੀ (ਰਿਪਬਲਿਕਨ) ਪਾਰਟੀ ਵਿਚਲੇ ਉਸ ਦੇ ਆਲੋਚਕਾਂ ਤੇ ਡੈਮੋਕਰੈਟਾਂ ਨੇ ਖ਼ੁਸ਼ੀ ਪ੍ਰਗਟਾਈ। ਟਰੰਪ ਦੇ ਇਸ ਹਮਲੇ ਪਿੱਛੇ ਸ਼ਾਇਦ ਕਈ ਮੰਤਵ ਸਨ। ਸ਼ਾਇਦ ਉਹ ਅਮਰੀਕੀ ਚੋਣਾਂ ਦੌਰਾਨ ਉਸ ਦੀ ਰੂਸ ਨਾਲ ਨੇੜਤਾ ਦੇ ਦੋਸ਼ਾਂ ਨੂੰ ਗ਼ਲਤ ਸਾਬਤ ਕਰਨਾ ਚਾਹੁੰਦਾ ਸੀ। ਇਹ ਵੀ ਅਫ਼ਵਾਹਾਂ ਹਨ ਕਿ ਉਸ ਨੇ ਹਮਲੇ ਵੇਲੇ ਸੀਰੀਆ ਵਿੱਚ ਤਾਇਨਾਤ ਰੂਸੀਆਂ ਦੀ ਸੁਰੱਖਿਆ ਇਸ ਲਈ ਯਕੀਨੀ ਬਣਾਈ ਤਾਂ ਕਿ ਰੂਸ ਨਾਲ ਸਿੱਧੇ ਟਕਰਾਅ ਤੋਂ ਬਚਾਅ ਰਹਿ ਸਕੇ। ਦੂਜਾ, ਇਹ ਹਮਲਾ ਸੋਚ ਸਮਝ ਕੇ ਰਾਤ ਵੇਲੇ ਉਸ ਸਮੇਂ ਕੀਤਾ ਗਿਆ ਜਦੋਂ ਸੀਰੀਆਈ ਲੜਾਕੂ ਜਹਾਜ਼ ਹੈਂਗਰਾਂ ਵਿੱਚ ਸਨ। ਨਾਲ ਹੀ ਪਾਇਲਟਾਂ ਦੇ ਰਿਹਾਇਸ਼ੀ ਠਿਕਾਣਿਆਂ ਨੂੰ ਮਿਜ਼ਾਈਲਾਂ ਦਾ ਨਿਸ਼ਾਨਾ ਨਹੀਂ ਬਣਾਇਆ।

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸਨਮਾਨ ਦਾ ਰੂਸ ਵਾਂਗ ਖਿਆਲ ਨਹੀਂ ਰੱਖਿਆ ਗਿਆ। ਟਰੰਪ ਨੇ ਪਹਿਲਾਂ ਟੋਮ ਹਾਕਸ ਮਿਜ਼ਾਈਲਾਂ ਦਾਗ਼ਣ ਦਾ ਹੁਕਮ ਦਿੱਤਾ, ਫਿਰ ਫਲੋਰਿਡਾ ਵਿੱਚ ਆਪਣੇ 'ਮੋਰੇ-ਏ-ਲੈਗੋ' ਰਿਜ਼ੋਰਟ ਵਿੱਚ ਸ਼ੀ ਜਿਨਪਿੰਗ ਨਾਲ ਬੈਠ ਕੇ ਰਾਤਰੀ ਭੋਜਨ ਕੀਤਾ ਅਤੇ ਇਸ ਪ੍ਰੀਤੀ ਭੋਜ ਤੋਂ ਬਾਅਦ ਹੀ ਸੀਰੀਆ ਉੱਤੇ ਮਿਜ਼ਾਈਲਾਂ ਦਾਗ਼ਣ ਦੇ ਫ਼ੈਸਲੇ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ। ਟਰੰਪ ਨੇ ਇੰਜ ਕਰਕੇ ਆਪਣੇ ਤੇ ਜਿਨਪਿੰਗ ਵਿਚਕਾਰ ਸ਼ਕਤੀ ਗਤੀਮਾਨਾਂ ਨੂੰ ਬਦਲਦਿਆਂ ਆਪਣੇ ਦੇਸ਼ ਦੀ ਵਿਸ਼ਵ ਵਿੱਚ ਸਰਦਾਰੀ ਦਾ ਪ੍ਰਗਟਾਵਾ ਕੀਤਾ ਜਿਸ ਉੱਪਰ ਟਰਾਂਸ-ਪੈਸੇਫਿਕ ਭਾਈਵਾਲੀ ਸੰਧੀ ਤੋਂ ਪਿਛਾਂਹ ਹਟਣ, 'ਇੱਕ ਚੀਨ-ਇੱਕ ਨੀਤੀ' ਬਾਰੇ ਅਸਪਸ਼ਟ ਹੋਣ ਅਤੇ ਅਮਰੀਕੀ ਚੋਣਾਂ ਵਿੱਚ ਰੂਸੀ ਦਖ਼ਲ ਦੇ ਵਿਵਾਦ ਕਾਰਨ ਕਈ ਤਰ੍ਹਾਂ ਦੇ ਸਵਾਲ ਉੱਠੇ ਸਨ। ਚੀਨੀ ਰਾਸ਼ਟਰਪਤੀ ਜਿਨਪਿੰਗ ਨੇ ਇਸ ਨਮੋਸ਼ੀ ਨੂੰ ਚੁੱਪ-ਚੁਪੀਤਿਆਂ ਹੀ ਸੰਘੋਂ ਹੇਠਾਂ ਉਤਾਰ ਲਿਆ, ਪਰ ਉਸ ਦੇ ਅਮਰੀਕਾ ਫੇਰੀ ਤੋਂ ਪਰਤਣ ਸਾਰ ਚੀਨ ਦੇ ਮੀਡੀਆ ਨੇ ਖੁੱਲ੍ਹ ਕੇ ਟਰੰਪ ਦੀ ਆਲੋਚਨਾ ਕੀਤੀ ਤੇ ਉਸ ਵੱਲੋਂ ਕੀਤੇ ਹਮਲੇ ਨੂੰ ਸੀਰੀਆ ਦੀ ਪ੍ਰਭੂਸੱਤਾ ਵਿੱਚ ਦਖ਼ਲ ਕਰਾਰ ਦਿੱਤਾ।

ਵਿਸ਼ਲੇਸ਼ਣਕਾਰ ਅਜੇ ਸਪਸ਼ਟ ਨਹੀਂ ਕਿ ਟਰੰਪ ਦੀ ਕਾਰਵਾਈ ਸੀਰੀਆ ਖ਼ਿਲਾਫ਼ ਬਗ਼ੈਰ ਸੋਚੇ ਸਮਝੇ ਪ੍ਰਗਟਾਇਆ ਗਿਆ ਗੁੱਸਾ ਹੈ ਜਾਂ ਬਸ਼ਰ-ਅਲ ਅਸਦ ਸਰਕਾਰ ਨੂੰ ਬਦਲਣ ਲਈ ਚੁੱਕਿਆ ਗਿਆ ਕਦਮ ਹੈ। ਜੇ ਪਿਛਲੀ ਗੱਲ ਠੀਕ ਹੈ ਤਾਂ ਫਿਲਹਾਲ ਇਸ ਦਾ ਕੋਈ ਸਬੂਤ ਨਹੀਂ ਕਿ ਸ਼ੀਆ ਗੱਠਜੋੜ ਨੂੰ ਮੁੜ ਸੰਤੁਲਤ ਕਰਨ ਲਈ ਰੂਸ ਸਰਕਾਰ ਇਰਾਨ-ਅਸਦ-ਹਿਜ਼ਬੁੱਲਾ ਗੱਠਜੋੜ ਨੂੰ ਤਿਆਗਣ ਲਈ ਤਿਆਰ ਹੈ। ਉਂਜ ਵੀ, ਜਬਰੀ ਜੰਗਬੰਦੀ ਕਰਵਾਉਣਾ ਅਤੇ ਅਸਦ-ਵਿਰੋਧੀ ਅੱਧੀ ਦਰਜਨ ਸੁੰਨੀ ਧੜਿਆਂ ਨੂੰ, ਜੋ ਕਿ ਸੀਰੀਆ ਦੇ ਕਈ ਹਿੱਸਿਆਂ ਉੱਤੇ ਕਾਬਜ਼ ਹਨ, ਨੂੰ ਨਵੇਂ ਸਿਰਿਓਂ ਸੰਧਬੱਧ ਕਰਨਾ ਕੌਮਾਂਤਰੀ ਸੈਨਾ ਦੀ ਮੌਜੂਦਗੀ ਤੋਂ ਬਿਨਾਂ ਸੰਭਵ ਨਹੀਂ। ਅਜਿਹੀ ਸੈਨਾ ਸੰਯੁਕਤ ਰਾਸ਼ਟਰ ਦੇ ਝੰਡੇ ਹੇਠ ਅਤੇ ਅਮਰੀਕਾ ਤੇ 'ਨਾਟੋ' ਦੀ ਸ਼ਮੂਲੀਅਤ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਦੂਜੇ ਪਾਸੇ ਅਜਿਹੀ ਕੋਈ ਵੀ ਸੈਨਾ ਨਾ ਰੂਸ ਨੂੰ ਹਜ਼ਮ ਹੋਵੇਗੀ ਅਤੇ ਨਾ ਹੀ ਚੀਨ ਨੂੰ। ਜ਼ਾਹਰ ਹੈ ਕਿ ਟਰੰਪ ਪ੍ਰਸ਼ਾਸਨ ਵਿੱਚ ਵੱਖ ਵੱਖ ਅਹੁਦਿਆਂ 'ਤੇ ਤਾਇਨਾਤ ਜਰਨੈਲ, ਕੌਮੀ ਨੀਤੀਆਂ ਤੈਅ ਕਰਨ ਦੇ ਅਮਲ ਉੱਤੇ ਅਸਰਅੰਦਾਜ਼ ਹੋਣ ਲੱਗੇ ਹਨ।



ਜਰਨੈਲਾਂ ਦਾ ਇਸ ਕਿਸਮ ਦਾ ਪ੍ਰਭਾਵ ਸ਼ਾਇਦ ਭਾਰਤ-ਪਾਕਿ ਸਬੰਧਾਂ ਲਈ ਸਾਜ਼ਗਾਰ ਨਹੀਂ ਹੋਵੇਗਾ ਕਿਉਂਕਿ ਪਾਕਿਸਤਾਨ ਦੀ ਅਮਰੀਕੀ ਰਾਸ਼ਟਰਪਤੀ ਦੇ ਪ੍ਰਭਾਵਸ਼ਾਲੀ ਸਹਿਯੋਗੀਆਂ ਤਕ ਪਹੁੰਚ ਬਣ ਗਈ ਹੈ। ਟਰੰਪ ਵੱਲੋਂ ਸੀਰੀਆ ਬਾਰੇ ਅਪਣਾਏ ਗਏ 'ਓਬਾਮਾ ਸਿਧਾਂਤ' ਜਿਸ ਵਿੱਚ ਇਰਾਨ ਦੀ ਅਗਵਾਈ ਵਾਲੇ ਸ਼ੀਆ ਗੱਠਜੋੜ ਨੂੰ ਵਰਤ ਕੇ, ਉਸ ਨੂੰ ਰੂਸ ਨਾਲੋਂ ਦੂਰ ਕਰਨ ਤੇ ਇਸਲਾਮਿਕ ਸਟੇਟ ਨਾਲ ਲੜਨਾ ਸ਼ਾਮਲ ਹੈ, ਨੂੰ ਤਿਆਗਿਆ ਜਾ ਰਿਹਾ ਹੈ, ਜਿਸ ਕਾਰਨ ਕਮਜ਼ੋਰ ਪਏ ਸੁੰਨੀ ਬ੍ਰਿਗੇਡ ਵਿੱਚ ਮੁੜ ਜਾਨ ਪੈ ਗਈ ਹੈ। ਇਸ ਸੁੰਨੀ ਬ੍ਰਿਗੇਡ ਦੀ ਅਗਵਾਈ ਸਾਊਦੀ ਅਰਬ ਕਰ ਰਿਹਾ ਹੈ, ਜਿਸ ਦੀ ਕਮਾਨ ਹੁਣ ਪਾਕਿਸਤਾਨੀ ਥਲ ਸੈਨਾ ਦੇ ਸਾਬਕਾ ਮੁਖੀ ਰਹੀਲ ਸ਼ਰੀਫ਼ ਨੂੰ ਸੌਂਪੀ ਗਈ ਹੈ। ਸੁੰਨੀ ਗੱਠਜੋੜ ਦੀਆਂ ਫ਼ੌਜਾਂ ਹੁਣ ਓਮਾਨ ਤੋਂ ਅਪਰੇਸ਼ਨ ਚਲਾ ਰਹੀਆਂ ਹਨ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਪਾਕਿਸਤਾਨੀ ਖਾੜੀ ਸਹਿਯੋਗ ਪ੍ਰੀਸ਼ਦ (ਜੀਸੀਸੀ) ਅਤੇ ਅਮਰੀਕੀ ਹਿੱਤ ਮੁੜ ਆਪਸ ਵਿੱਚ ਜੁੜ ਰਹੇ ਹਨ।

ਪਾਕਿਸਤਾਨ ਵੱਲੋਂ ਕੁਲਭੂਸ਼ਨ ਜਾਧਵ ਨੂੰ ਅਚਾਨਕ ਫਾਂਸੀ ਦੀ ਸਜ਼ਾ ਦਾ ਐਲਾਨ ਕਰਨ ਨੂੰ ਵੀ ਉਪਰੋਕਤ ਸੰਦਰਭ ਵਿੱਚ ਜੋੜ ਕੇ ਵੇਖਿਆ ਜਾ ਸਕਦਾ ਹੈ। ਭਾਰਤੀ ਲੋਕਾਂ ਦਾ ਪ੍ਰਤੀਕਰਮ ਅਤੇ ਸੰਸਦ ਵਿੱਚ ਇਸ ਫ਼ੈਸਲੇ ਖ਼ਿਲਾਫ਼ ਉੱਠੀ ਆਵਾਜ਼, ਉਂਜ ਹੀ ਹੈ ਜਿਵੇਂ ਪਾਕਿਸਤਾਨ ਚਾਹੁੰਦਾ ਸੀ। ਇਸ ਦੇ ਅਸਲ ਮੰਤਵ ਨੂੰ ਇਸ ਵੇਲੇ ਸਮਝਣਾ ਮੁਸ਼ਕਲ ਹੈ ਪਰ ਇਹ ਬਹੁਪਰਤੀ ਹੋ ਸਕਦਾ ਹੈ। ਨੇਪਾਲ ਵਿੱਚ ਪਾਕਿਸਤਾਨ ਦੇ ਸਾਬਕਾ ਆਈਐੱਸਆਈ ਅਧਿਕਾਰੀ ਦੇ ਲਾਪਤਾ ਹੋਣ ਨੂੰ ਵੀ ਇਸ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਉਸ ਦੇ ਲਾਪਤਾ ਹੋਣ ਨੂੰ ਪਾਕਿਸਤਾਨ, ਭਾਰਤ ਨਾਲ ਜੋੜ ਰਿਹਾ ਹੈ। ਇਹ ਵੀ ਹੋ ਸਕਦਾ ਹੈ ਕਿ ਪਾਕਿਸਤਾਨ ਨੇ ਕਸ਼ਮੀਰ ਵਾਦੀ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਨੂੰ ਹੋਰ ਹਵਾ ਦੇਣ ਲਈ ਅਜਿਹਾ ਕੀਤਾ ਹੋਵੇ ਕਿਉਂਕਿ ਉਨ੍ਹਾਂ ਦੇ ਪ੍ਰਦਰਸ਼ਨਾਂ ਨੂੰ ਚੋਣ ਪ੍ਰਕਿਰਿਆ ਨੂੰ ਢਾਹ ਲੱਗਣ ਕਾਰਨ ਵੱਡੀ ਸਫ਼ਲਤਾ ਮਿਲੀ ਹੈ। ਇਸ ਬਦਲਾਅ ਨੂੰ ਸਮਝਣ ਵਿੱਚ ਕੇਂਦਰ ਸਰਕਾਰ ਨਾਕਾਮ ਹੈ, ਖ਼ਾਸ ਕਰਕੇ ਇੱਕ ਵੱਡੇ ਸੰਵੇਦਨਸ਼ੀਲ ਰਾਜ ਵਿੱਚ ਯੋਗੀ ਆਦਿੱਤਿਆਨਾਥ ਦੇ ਉਭਾਰ ਕਾਰਨ ਕਸ਼ਮੀਰ ਦੀ ਮੁਸਲਿਮ ਬਹੁਗਿਣਤੀ ਵਸੋਂ ਦੇ ਦਿਲੋ-ਦਿਮਾਗ ਵਿੱਚ ਤੌਖ਼ਲੇ ਉਭਰਨੇ ਸੁਭਾਵਿਕ ਹੀ ਹਨ। ਅਜਿਹੇ ਤੱਥਾਂ ਨੇ ਭਾਜਪਾ ਦੀ ਭਾਈਵਾਲ ਪੀਡੀਪੀ ਨੂੰ ਵਾਦੀ ਵਿੱਚ ਰਾਜਸੀ ਤੌਰ 'ਤੇ ਬੇਅਸਰ ਬਣਾ ਦਿੱਤਾ ਹੈ। ਪਾਕਿਸਤਾਨ ਦੀ ਫ਼ੌਜ ਇਸ ਸਿੱਟੇ ਉਪਰ ਪਹੁੰਚੀ ਹੋ ਸਕਦੀ ਹੈ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦਾ ਪਾਨਾਮਾ ਦਸਤਾਵੇਜ਼ ਕੇਸ ਵਿੱਚ ਬਚਣਾ ਨਾਮੁਮਕਿਨ ਹੈ, ਇਸ ਲਈ ਪਾਕਿਸਤਾਨ ਵਿੱਚ ਸਿਆਸੀ ਅਸਥਿਰਤਾ ਫੈਲਣਾ ਸੰਭਵ ਹੈ।

ਭਾਰਤ ਦਾ ਚੀਨ ਨੂੰ ਪਰਖਣ ਲਈ ਮਜ਼ਬੂਤ ਨੀਤੀ ਅਖ਼ਤਿਆਰ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ, ਪਰ ਜੇ ਇਹ ਕੁਝ ਅਮਰੀਕਾ ਦੇ ਉਸ ਮੁਲਾਂਕਣ 'ਤੇ ਆਧਾਰਤ ਹੈ ਕਿ ਚੀਨ ਨਾਲ ਸੰਤੁਲਨ ਲਈ ਭਾਰਤ ਦਾ ਮਜ਼ਬੂਤ ਹੋਣਾ ਉਸ ਦੇ ਹਿੱਤ ਵਿੱਚ ਹੈ ਤਾਂ ਸ਼ਾਇਦ ਇਹ ਭਾਰਤੀ ਫ਼ੈਸਲੇ ਲਈ ਢੁਕਵਾਂ ਸਮਾਂ ਨਹੀਂ ਹੈ। ਅਮਰੀਕਾ ਅਜਿਹਾ ਅੰਦਾਜ਼ਾ ਤਾਂ 1998 ਵਿੱਚ ਭਾਰਤ ਵੱਲੋਂ ਪਰਮਾਣੂ ਧਮਾਕੇ ਕੀਤੇ ਜਾਣ ਬਾਅਦ ਵੀ ਲਾ ਚੁੱਕਾ ਸੀ। ਭਾਵੇਂ ਫਲੋਰਿਡਾ ਵਿੱਚ ਟਰੰਪ-ਜਿਨਪਿੰਗ ਸੰਮੇਲਨ ਉਪਰ ਸੀਰੀਆ ਦਾ ਝਮੇਲਾ ਭਾਰੂ ਰਿਹਾ ਪਰ ਦੋਵੇਂ ਆਗੂ ਆਪਸੀ ਵਪਾਰਕ ਅਸੰਤੁਲਨ, ਉੱਤਰੀ ਕੋਰੀਆ ਤੇ ਦੱਖਣੀ ਚੀਨ ਸਾਗਰ ਵਿਵਾਦਾਂ ਨੂੰ ਸੁਲਝਾਉਣ ਲਈ ਹੋਰ ਸਮਾਂ ਹਾਸਲ ਕਰਨ ਵਿੱਚ ਕਾਮਯਾਬ ਹੋਏ ਹਨ। ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਥਾਈ ਪ੍ਰਤੀਨਿਧ ਨਿੱਕੀ ਹੇਲੀ ਦਾ ਭਾਰਤ-ਪਾਕਿਸਤਾਨ ਵਿਵਾਦ ਵਿੱਚ ਵਿਚੋਲਗੀ ਬਾਰੇ ਬਿਆਨ ਦੇਣਾ ਇਹ ਸਵਾਲ ਪੈਦਾ ਕਰਦਾ ਹੈ ਕਿ ਕੀ ਪਾਕਿਸਤਾਨ ਦੁਨੀਆਂ ਵਿੱਚ ਸੱਚਮੁੱਚ ਉਨਾ ਅਲੱਗ-ਥਲੱਗ ਹੋ ਚੁੱਕਾ ਹੈ ਜਿੰਨਾ ਭਾਜਪਾ ਦਾਅਵਾ ਕਰ ਰਹੀ ਹੈ।

ਆਖ਼ਿਰ ਵਿੱਚ, ਕੁਲਭੂਸ਼ਨ ਜਾਧਵ ਘਟਨਾਕ੍ਰਮ ਬਾਰੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਵਾਅਦਾ ਕਿ ਉਸ ਨੂੰ ਛੁਡਾਉਣ ਲਈ ਭਾਰਤ ਕੁਝ ਵੀ ਕਰ ਸਕਦਾ ਹੈ ਅਤੇ ਹੋਰ ਭਾਰਤੀ ਪ੍ਰਤੀਕਰਮ ਬੇਲੋੜੇ ਸਨ। ਅਗਵਾ ਕਰਨ ਵਾਲਿਆਂ ਲਈ ਖ਼ਾਮੋਸ਼ ਧਮਕੀ ਹੀ ਕਾਫ਼ੀ ਹੈ। ਬਸ਼ਰਤੇ ਇਹ ਦ੍ਰਿੜ੍ਹਤਾ ਨਾਲ ਦਿੱਤੀ ਗਈ ਹੋਵੇ, ਅਤੇ ਨਾਲ ਹੀ ਮੋਟੇ ਇਨਾਮ ਦਾ ਲੋਭ ਵੀ ਜੁੜਿਆ ਹੋਵੇ। ਏਜੰਸੀਆਂ ਉੱਪਰ ਡਿਪਲੋਮੇਸੀ ਨੂੰ ਭਾਰੂ ਕਰਨ ਲਈ ਥੋੜ੍ਹ ਚਿਰੀ ਜੰਗ ਭਾਵ ਇੱਕ ਦੂਜੇ ਦੇਸ਼ ਦੇ ਨਾਗਰਿਕਾਂ ਨੂੰ ਅਗਵਾ ਕਰਕੇ ਉਨ੍ਹਾਂ ਉਪਰ ਫਰਜ਼ੀ ਮੁਕੱਦਮੇ ਚਲਾਉਣਾ ਕਾਫ਼ੀ ਹੈ। ਸਾਬਕਾ ਵਿਦੇਸ਼ ਸਕੱਤਰ ਐੱਮ.ਕੇ. ਰਸਗੋਤਰਾ ਦੀ ਉਹ ਗੱਲ ਯਾਦ ਆ ਗਈ ਜਦੋਂ ਪਾਕਿਸਤਾਨ ਦੇ ਰਾਸ਼ਟਰਪਤੀ ਜ਼ਿਆ-ਉਲ-ਹੱਕ ਨੂੰ ਇੰਦਰਾ ਗਾਂਧੀ ਦਾ ਸੁਨੇਹਾ ਦਿੱਤਾ ਗਿਆ ਸੀ ਕਿ ਜੇ ਪਾਕਿਸਤਾਨ ਨੇ ਭਾਰਤੀ ਹਵਾਈ ਜਹਾਜ਼ਾਂ ਨੂੰ ਅਗਵਾ ਕਰਨ ਲਈ ਸ਼ਹਿ ਦੇਣੀ ਬੰਦ ਨਾ ਕੀਤੀ ਤਾਂ ਉਹ ਵੀ ਅਜਿਹਾ ਹੀ ਕਰਨਗੇ। ਅਜਿਹਾ ਸੰਦੇਸ਼ ਦੇਣ ਦਾ ਬਹੁਤ ਅਸਰ ਹੋਇਆ ਸੀ। ਅੰਧਰਾਸ਼ਟਰਵਾਦ ਦੇਸ਼ ਅੰਦਰਲੀਆਂ ਚੋਣਾਂ ਵਿੱਚ ਤਾਂ ਸ਼ਾਇਦ ਕੰਮ ਕਰ ਜਾਏ, ਪਰ ਕੌਮਾਂਤਰੀ ਪੱਧਰ 'ਤੇ ਇਹ ਖ਼ਤਰਨਾਕ ਸਾਬਤ ਹੋ ਸਕਦਾ ਹੈ। ਚੀਨ-ਪਾਕਿ ਗੱਠਜੋੜ ਨਾਲ ਟਕਰਾਉਣਾ ਅਤੇ ਟਰੰਪ ਨੂੰ ਭਾਰਤ-ਪੱਖੀ ਮੰਨ ਲੈਣਾ ਜੋਖ਼ਮ ਭਰਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਜਨਤਕ ਪੱਧਰ 'ਤੇ ਘਸੁੰਨ ਉਛਾਲਣ ਵਾਲੇ ਮਾਹੌਲ ਤੋਂ ਬਚੇ ਅਤੇ ਆਪਣੇ 'ਰਸਗੋਤਰਾ' ਨੂੰ ਪਾਕਿਸਤਾਨ ਭੇਜੇ।

(* ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ)

# ਠੋਸ ਤੇ ਕਾਰਗਰ ਸਭਿਆਚਾਰਕ ਨੀਤੀ ਬਣਾਉਣ ਲਈ ਨਵਜੋਤ ਸਿੱਧੂ ਨੇ ਕਲਾਕਾਰਾਂ ਤੇ ਸਾਹਿਤਕਾਰਾਂ ਤੋਂ ਲਏ ਸੁਝਾਅ

**ਚੰਡੀਗੜ੍ਹ/ਬਿਊਰੋ ਨਿਊਜ਼ :**

ਨਵੀਂ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਵਿਰਸੇ ਨਾਲ ਜੋੜਨ, ਪੰਜਾਬੀ ਸਭਿਆਚਾਰ ਨੂੰ ਸਾਂਭਣ ਤੇ ਸੈਰ-ਸਪਾਟੇ ਨੂੰ ਪ੍ਰਫੁੱਲਤ ਕਰਨ ਦੀ ਦਿਸ਼ਾ ਵਿਚ ਸਭਿਆਚਾਰ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਥੇ ਪੰਜਾਬ ਭਵਨ ਵਿਚ ਕਲਾ, ਸਾਹਿਤ ਤੇ ਸਭਿਆਚਾਰ ਨਾਲ ਜੁੜੀਆਂ ਅਹਿਮ ਸ਼ਖ਼ਸੀਅਤਾਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ। ਮੀਟਿੰਗ ਵਿਚ ਸਾਰਿਆਂ ਦੇ ਵਿਚਾਰ ਸੁਣਨ ਮਗਰੋਂ ਸ. ਸਿੱਧੂ ਨੇ ਇਹ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਸੁਝਾਵਾਂ ਨੂੰ ਸ਼ਾਮਲ ਕਰਕੇ ਇਕ ਠੋਸ ਤੇ ਕਾਰਗਰ ਸਭਿਆਚਾਰਕ ਨੀਤੀ ਬਣਾ ਕੇ ਇਸ ਨੂੰ ਲਾਗੂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਸਭਿਆਚਾਰਕ ਲਹਿਰ ਖੜ੍ਹੀ ਕਰਨ ਦਾ ਸੱਦਾ ਵੀ ਦਿੱਤਾ।





ਮੀਟਿੰਗ ਵਿਚ ਡਾ. ਸੁਰਜੀਤ ਪਾਤਰ, ਫਿਲਮ ਨਿਰਮਾਤਾ ਨਿਰਦੇਸ਼ਕ ਮਨਮੋਹਨ ਸਿੰਘ, ਸਤਨਾਮ ਮਾਣਕ, ਡਾ. ਰਵੇਲ ਸਿੰਘ, ਡਾ. ਦੀਪਕ ਮਨਮੋਹਨ ਸਿੰਘ, ਗਾਇਕ ਡਾ. ਸਤਿੰਦਰ ਸਰਤਾਜ, ਪੰਮੀ ਬਾਈ, ਜਸਬੀਰ ਜੱਸੀ, ਗੁਰਪ੍ਰੀਤ ਘੁੱਗੀ, ਸੁਨੀਤਾ ਧੀਰ, ਨੀਨਾ ਟਿਵਾਣਾ, ਗੁਰਚਰਨ ਸਿੰਘ ਚੰਨੀ, ਪ੍ਰਭਸ਼ਰਨ ਕੌਰ ਸਿੱਧੂ, ਭੁਪਿੰਦਰ ਬੱਬਲ, ਡਾ. ਸ਼ਿੰਦਰ ਪਾਲ, ਡਾ. ਇੰਦਰਜੀਤ ਸਿੰਘ, ਜੰਗ ਬਹਾਦਰ ਗੋਇਲ, ਡਾ. ਅਮਰ ਸਿੰਘ, ਨਾਟਕਕਾਰ ਕੇਵਲ ਧਾਲੀਵਾਲ, ਆਰਟ ਕਲਾ ਦੇ ਮਾਹਰ ਦੀਵਾਨ ਮੰਨਾ, ਗੁਰਪ੍ਰੀਤ ਆਰਟਿਸਟ, ਪ੍ਰੋ. ਰਾਜਪਾਲ ਸਿੰਘ, ਡਾ. ਗੁਰਨਾਮ ਸਿੰਘ, ਡਾ. ਕਰਮਜੀਤ ਸਿੰਘ ਸਰਾਂ, ਸਾਧਵੀ ਖੋਸਲਾ, ਡਾ. ਸੁਰਜੀਤ, ਰਵਿੰਦਰ ਕੌਰ, ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ, ਬਲਦੇਵ ਸਿੰਘ ਧਾਲੀਵਾਲ ਵੱਲੋਂ ਵੀ ਆਪੋ-ਆਪਣੇ ਵਿਚਾਰ ਸਾਂਝੇ ਕੀਤੇ ਗਏ।

ਇਸ ਮੌਕੇ ਸਤਨਾਮ ਮਾਣਕ ਨੇ ਕਿਹਾ ਕਿ ਨਿਆਂ ਪ੍ਰਣਾਲੀ, ਸਿੱਖਿਆ, ਪ੍ਰਸ਼ਾਸਨਿਕ ਕੰਮਕਾਜ ਆਪਣੀ ਭਾਸ਼ਾ ਵਿਚ ਹੋਣੇ ਚਾਹੀਦੇ ਹਨ, ਕਿਉਂਕਿ ਅੰਗਰੇਜ਼ੀ ਦੇ ਬੋਲਬਾਲੇ ਕਰਕੇ ਪੰਜਾਬੀ ਬੋਲਣ ਵਾਲੇ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅੰਗਰੇਜ਼ੀ ਭਾਸ਼ਾ ਭਾਵੇਂ ਕੌਮਾਂਤਰੀ ਰੁਜ਼ਗਾਰ ਭਾਸ਼ਾ ਹੈ ਪਰ ਇਸ ਭਾਸ਼ਾ ਨੇ ਪੰਜਾਬੀ ਜ਼ੁਬਾਨ ਬੋਲਣ ਵਾਲਿਆਂ ਤੋਂ ਰੁਜ਼ਗਾਰ ਦੇ ਮੌਕੇ ਖੋਹ ਲਏ ਹਨ। ਸਤਿੰਦਰ ਸਰਤਾਜ ਨੇ ਕਿਹਾ ਕਿ ਪੰਜਾਬ ਦੀ ਨੌਜਵਾਨੀ ਵਿਚੋਂ ਨਿਮਰਤਾ ਘੱਟਦੀ ਜਾ ਰਹੀ ਹੈ। ਇਸੇ ਦੌਰਾਨ ਡਾ. ਦੀਪਕ ਮਨਮੋਹਨ ਨੇ ਵੀ ਪੰਜਾਬ ਦੇ ਗੌਰਵਮਈ ਇਤਿਹਾਸ ਦੀ ਗੱਲ ਕੀਤੀ। ਉੱਘੇ ਫ਼ਿਲਮਸਾਜ਼ ਮਨਮੋਹਨ

ਬਾਕੀ ਸਫ਼ਾ 35 'ਤੇ

# ਮੇਰੀਆਂ ਜੜ੍ਹਾਂ ਤੋਂ ਮੈਨੂੰ ਕੋਈ ਵੱਖ ਨਹੀਂ ਕਰ ਸਕਦਾ : ਹਰਜੀਤ ਸਿੰਘ ਸੱਜਣ

## *ਓਂਟਾਰੀਓ ਮਤੇ 'ਤੇ ਕਿਹਾ-ਇਹ ਕੈਨੇਡਾ ਸਰਕਾਰ ਦਾ ਪੱਖ ਨਹੀਂ ਉਜਾਗਰ ਕਰਦਾ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੈਨੇਡਾ ਦੇ ਭਾਰਤ ਦੌਰੇ 'ਤੇ ਆਏ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਨੇ ਕਿਹਾ, 'ਪੰਜਾਬ ਵਿਚ ਮੇਰੀਆਂ ਜੜ੍ਹਾਂ ਹਨ, ਜਿਸ ਤੋਂ ਮੈਨੂੰ ਕੋਈ ਵੱਖ ਨਹੀਂ ਕਰ ਸਕਦਾ ਅਤੇ ਨਾ ਹੀ ਮੇਰਾ ਘਰ ਤੇ ਮੇਰੀ ਪੰਜਾਬੀ ਪਛਾਣ ਤੋਂ ਕੋਈ ਵੱਖ ਕਰ ਸਕਦਾ ਹੈ।' ਇਹ ਬਿਆਨ ਉਨ੍ਹਾਂ ਦਿੱਲੀ ਪੁੱਜਣ 'ਤੇ ਦਿੱਤਾ। ਉਨ੍ਹਾਂ ਦਾ ਦੌਰਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਕਾਰਨ ਵਧੇਰੇ ਸੁਰਖ਼ੀਆਂ ਵਿਚ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ 'ਤੇ ਖ਼ਾਲਿਸਤਾਨੀ ਸਮਰਥਕ ਹੋਣ ਸਬੰਧੀ ਲਾਏ ਦੋਸ਼ਾਂ ਕਾਰਨ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਕੈਪਟਨ ਦੇ ਬਿਆਨ 'ਤੇ ਪ੍ਰਤੀਕਰਮ ਕਰਦਿਆਂ ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਨੇ ਨਾ ਸਿਰਫ ਪੰਜਾਬ ਦੌਰੇ 'ਤੇ ਜਾਣ ਦੇ ਪ੍ਰੋਗਰਾਮ ਵਿਚ ਕੋਈ ਬਦਲਾਅ ਕਰਨ ਤੋਂ ਇਨਕਾਰ ਕੀਤਾ ਸਗੋਂ ਇਹ ਵੀ ਕਿਹਾ ਕਿ ਉਹ ਦੇਸ਼ ਤੋੜਨ ਵਿਚ ਨਹੀਂ ਰਿਸ਼ਤੇ ਬਣਾਉਣ ਵਿਚ ਯਕੀਨ ਰੱਖਦੇ ਹਨ। ਰੱਖਿਆ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਭਾਰਤ ਦੌਰੇ 'ਤੇ ਆਏ ਹਰਜੀਤ ਸਿੰਘ ਸੱਜਣ, ਜੋ ਕਿ ਅੰਮ੍ਰਿਤਧਾਰੀ ਸਿੱਖ ਵੀ ਹਨ, ਨੇ ਸ੍ਰੀ ਹਰਿਮੰਦਰ ਸਾਹਿਬ ਲਈ ਆਪਣੀ ਸ਼ਰਧਾ ਪ੍ਰਗਟ ਕਰਦਿਆਂ ਕਿਹਾ ਕਿ ਸਿੱਖ ਹੋਣ ਦੇ ਨਾਤੇ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਹਨ, ਜੇਕਰ ਕਿਸੇ ਮੁੱਖ ਮੰਤਰੀ ਨੇ ਤੈਅ ਕੀਤਾ ਹੈ ਕਿ ਉਹ ਉਨ੍ਹਾਂ ਨੂੰ ਨਹੀਂ ਮਿਲਣਗੇ ਤਾਂ ਉਹ ਵੀ ਅਜਿਹਾ ਕਰਨਗੇ। ਉਨ੍ਹਾਂ ਕਿਹਾ ਕਿ ਉਹ ਆਪਣੇ ਕੰਮਾਂ ਲਈ, ਆਪਣੇ ਬੋਲੇ ਹੋਏ ਸ਼ਬਦਾਂ ਲਈ ਜ਼ਿੰਮੇਵਾਰ ਹਨ, ਕਿਸੇ ਦੀ ਟਿੱਪਣੀ ਲਈ ਉਹ ਜ਼ਿੰਮੇਵਾਰ ਨਹੀਂ ਹਨ। ਉਂਟਾਰੀਓ ਵਿਚ ਇਕ ਸੰਸਦ ਮੈਂਬਰ ਵੱਲੋਂ ਪਾਸ ਕੀਤੇ ਗਏ ਮਤੇ ਬਾਰੇ ਸਪਸ਼ਟੀਕਰਨ ਦਿੰਦਿਆਂ ਰੱਖਿਆ ਮੰਤਰੀ ਨੇ ਕਿਹਾ ਕਿ ਉਹ ਮਤਾ ਕੈਨੇਡਾ ਸਰਕਾਰ ਦਾ ਪੱਖ ਨਹੀਂ ਉਜਾਗਰ ਕਰਦਾ ਸਗੋਂ ਉਹ ਪ੍ਰਾਈਵੇਟ ਮੈਂਬਰ ਵਜੋਂ ਪੇਸ਼ ਕੀਤਾ ਗਿਆ



ਮਤਾ ਸੀ ਪਰ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜਮੂਹਰੀਅਤ ਵਿਚ ਸਭ ਨੂੰ ਆਪਣਾ ਮਤ ਰੱਖਣ ਦਾ ਅਧਿਕਾਰ ਹੁੰਦਾ ਹੈ। ਮੀਟਿੰਗ ਦੌਰਾਨ ਅਰੁਣ ਜੇਤਲੀ ਨੇ ਕਿਹਾ ਕਿ ਉਸ ਵੇਲੇ ਭਾਰਤ ਵਿਚ ਅਸ਼ਾਂਤੀ ਵਾਲਾ ਮਾਹੌਲ ਜ਼ਰੂਰ ਸੀ ਪਰ ਇਹ ਪੂਰਾ ਸੱਚ ਨਹੀਂ ਤੇ ਇਸ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇਸ 'ਤੇ ਸੱਜਣ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਦਾ ਇਹ ਪੱਖ ਨਹੀਂ ਹੈ। ਇਹ ਕੈਨੇਡਾ ਸਰਕਾਰ ਦੇ ਵਿਚਾਰ ਨਹੀਂ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਸ ਹੋਏ ਮਤੇ ਤੋਂ ਬਾਅਦ ਭਾਰਤੀ ਸੰਸਦ ਦੇ ਦੋਵਾਂ ਸਦਨਾਂ ਵਿਚ ਅਕਾਲੀ ਸੰਸਦ ਮੈਂਬਰਾਂ ਵੱਲੋਂ 1984 ਦੇ ਦੰਗਿਆਂ ਨੂੰ ਨਸਲਕੁਸ਼ੀ ਕਰਾਰ ਦੇਣ ਦੀ ਮੰਗ ਕੀਤੀ ਗਈ ਸੀ। ਭਾਰਤ ਦੇ ਰੱਖਿਆ ਤੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਕੈਨੇਡਾ ਸਰਕਾਰ ਭਾਰਤ ਨਾਲ ਜਲ ਸੈਨਾ, ਅੱਤਵਾਦ ਵਿਰੋਧੀ ਹਥਿਆਰ ਪ੍ਰਣਾਲੀਆਂ ਦੀ ਖੋਜ ਤੇ ਵਿਕਾਸ ਵਿਚ ਮੇਲਜੋਲ ਨੂੰ ਵਧਾਉਣਾ ਚਾਹੁੰਦੀ ਹੈ। ਸ. ਸੱਜਣ 'ਬਦਲ ਰਹੇ ਸੰਸਾਰ ਵਿਚ ਸ਼ਾਂਤੀ ਦੀ ਰੱਖਿਆ ਤੇ ਝਗੜਿਆਂ ਨੂੰ ਰੋਕਣ ਸਬੰਧੀ' ਵਿਸ਼ੇ 'ਤੇ ਬੋਲ ਰਹੇ ਸਨ। ਦੋਹਾਂ ਆਗੂਆਂ ਨੇ ਦੋਹਾਂ ਦੇਸ਼ਾਂ ਵਿਚਾਲੇ ਰੱਖਿਆ ਸਹਿਯੋਗ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ। ਕੈਨੇਡਾ ਦੇ ਰੱਖਿਆ ਉਦਯੋਗ ਵਿਚ ਭਾਰਤੀ ਨਿਵੇਸ਼ ਵਧਾਉਣ ਦੇ ਟੀਚੇ ਬਾਰੇ ਚਰਚਾ ਵੀ ਉਨ੍ਹਾਂ ਦੇ ਏਜੰਡੇ ਵਿਚ ਸ਼ਾਮਲ ਸੀ। ਭਾਰਤ ਤੇ ਕੈਨੇਡਾ ਨੇ ਰੱਖਿਆ ਅਤੇ ਸੁਰੱਖਿਆ ਸਹਿਯੋਗ ਵਧਾਉਣ ਬਾਰੇ ਚਰਚਾ ਕੀਤੀ।

**ਸਤਿ ਸ੍ਰੀ ਅਕਾਲ ਨਾਲ ਸ਼ੁਰੂ ਕੀਤੀ ਪ੍ਰੈੱਸ ਕਾਨਫ਼ਰੰਸ :**
ਹਰਜੀਤ ਸਿੰਘ ਸੱਜਣ ਨੇ ਹੋਟਲ ਲੀਲਾ ਪੈਲੇਸ ਵਿਚ ਸੱਦੀ ਪ੍ਰੈਸ ਕਾਨਫ਼ਰੰਸ ਦੀ ਸ਼ੁਰੂਆਤ ਸਤਿ ਸ੍ਰੀ ਅਕਾਲ ਨਾਲ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਹੋਟਲ ਦੇ 2 ਸਿੱਖ ਮੁਲਾਜ਼ਮਾਂ ਵੱਲੋਂ ਹਰਜੀਤ ਸਿੰਘ ਸੱਜਣ ਨੂੰ ਵਿਸਾਖੀ ਪੁਰਬ ਦੀ ਵਧਾਈ ਦਿੱਤੀ ਤਾਂ ਉਨ੍ਹਾਂ ਵਧਾਈ ਸਵੀਕਾਰ ਕਰਦਿਆਂ ਸ਼ੁਕਰੀਆ ਅਦਾ ਕੀਤਾ। ਪ੍ਰੈਸ ਕਾਨਫ਼ਰੰਸ ਦੋਂ ਇਲਾਵਾ ਕੈਨੇਡਾ ਦੇ ਰੱਖਿਆ ਮੰਤਰੀ ਨੇ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਵੱਲੋਂ ਕਰਵਾਏ ਇਕ ਸੈਮੀਨਾਰ ਵਿਚ ਵੀ ਸ਼ਿਰਕਤ ਕੀਤੀ ਅਤੇ ਇਸ ਦੌਰਾਨ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਤਾਲਿਬਾਨ ਆਪਣੇ ਆਪ ਵਿਚ ਕੋਈ ਬਹੁਤ ਵੱਡੀ ਸੰਸਥਾ ਨਹੀਂ ਹੈ ਸਗੋਂ ਕੁਝ ਨੌਜਵਾਨਾਂ ਦਾ ਇਕੱਠ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਉੱਥੋਂ ਦੀ ਸਰਕਾਰ ਨੂੰ ਗੱਲਬਾਤ ਦਾ ਰਾਹ ਹੀ ਅਖ਼ਤਿਆਰ ਕਰਨਾ ਹੋਵੇਗਾ। ਹਰਜੀਤ ਸਿੰਘ ਸੱਜਣ ਨੇ ਇੰਡੀਆ ਗੇਟ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਦਿੱਤੀ। ਦੋ ਸਾਲ ਦੀ ਉਮਰ ਵਿਚ ਕੈਨੇਡਾ ਗਏ ਹਰਜੀਤ ਸਿੰਘ ਸੱਜਣ ਨੇ 11 ਸਾਲਾਂ ਤੱਕ ਪੁਲੀਸ ਵਿਭਾਗ ਵਿਚ ਵੀ ਕੰਮ ਕਰਨ ਦੇ ਬਾਵਜੂਦ ਆਪਣੀ ਸਿੱਖੀ ਪਛਾਣ ਨਹੀਂ ਛੱਡੀ। ਉਨ੍ਹਾਂ ਇਸ ਗੱਲ ਦਾ ਸਿਹਰਾ ਕੈਨੇਡਾ ਸਰਕਾਰ ਨੂੰ ਦਿੰਦਿਆਂ ਕਿਹਾ ਕਿ ਉਥੇ (ਕੈਨੇਡਾ ਵਿਚ) ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਹੋਣ ਕਾਰਨ ਉਨ੍ਹਾਂ ਆਪਣੇ ਲਈ ਵਿਸ਼ੇਸ਼ ਤੌਰ 'ਤੇ ਗੈਸ ਮਾਸਕ ਤਿਆਰ ਕੀਤਾ ਜਿਸ ਨੂੰ ਉਹ ਸਿੱਖੀ ਪਹਿਰਾਵੇ ਨਾਲ ਪਹਿਨ ਸਕਦੇ ਹਨ।

### ਕੇਂਦਰ ਸਰਕਾਰ ਨੇ ਦਿੱਤਾ 'ਗਾਰਡ ਆਫ ਆਨਰ'

ਕੇਂਦਰ ਸਰਕਾਰ ਵੱਲੋਂ ਕੈਨੇਡਾ ਦੇ ਰੱਖਿਆ ਮੰਤਰੀ ਨੂੰ ਦਿੱਤੇ ਜਾਣ ਵਾਲੇ ਰਸਮੀ ਸਵਾਗਤ ਬਾਰੇ ਸਰਕਾਰ ਕਾਫੀ ਦੁਚਿੱਤੀ ਵਿਚ ਨਜ਼ਰ ਆਈ। ਪਹਿਲਾਂ ਰੱਖਿਆ ਮੰਤਰਾਲੇ ਨੇ ਸੱਜਣ ਨੂੰ ਦਿੱਤੇ ਜਾਣ ਵਾਲੇ ਗਾਰਡ ਆਫ ਆਨਰ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ ਪਰ ਸੋਮਵਾਰ ਦੇਰ ਰਾਤ ਰੱਖਿਆ ਮੰਤਰਾਲੇ ਦੇ ਬੁਲਾਰੇ ਨਿਤੀਸ਼ ਵਾਕਾਨਕਰ ਨੇ ਸਪਸ਼ਟੀਕਰਨਨ ਦਿੰਦਿਆਂ ਇਸ ਨੂੰ ਗਲਤ ਫਹਿਮੀ ਕਰਾਰ ਦਿੱਤਾ। ਦਰਅਸਲ ਗਾਰਡ ਆਫ ਆਨਰ ਦੌਰੇ 'ਤੇ ਆਏ ਪਤਵੰਤਿਆਂ ਦਾ ਰਸਮੀ ਸਵਾਗਤ ਕਰਨ ਲਈ ਦਿੱਤਾ ਜਾਂਦਾ ਹੈ ਜਿਸ ਵਿਚ ਫ਼ੌਜ ਦੇ ਜਵਾਨਾਂ ਦਾ ਇਕ ਦਲ ਪੂਰੀ ਯੂਨੀਫਾਰਮ ਵਿਚ ਆਪਣੇ ਹਥਿਆਰਾਂ ਨੂੰ ਨੀਵੇਂ ਕਰ ਕੇ ਪਤਵੰਤੇ ਨੂੰ ਆਪਣੇ ਵੱਲੋਂ ਸਨਮਾਨ ਭੇਟ ਕਰਦਾ ਹੈ, ਜਿਸ ਨੂੰ ਉਹ ਸੈਲੂਅਟ ਦੇ ਨਾਲ ਸਵੀਕਾਰ ਕਰਦਾ ਹੈ।

### ਸਿਆਸੀ ਨੁਕਤਾਚੀਨੀ ਦੀ ਦਲਦਲ 'ਚ ਨਹੀਂ ਜਾਣਾ ਚਾਹੁੰਦੇ ਸੱਜਣ :

ਖਾਲਿਸਤਾਨੀ ਹੋਣ ਦੇ ਦੋਸ਼ਾਂ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਿਆਸੀ ਨੁਕਤਾਚੀਨੀ ਦੀ ਦਲਦਲ ਵਿਚ ਨਹੀਂ ਜਾਣਾ ਚਾਹੁੰਦੇ ਅਤੇ ਉਨ੍ਹਾਂ ਦਾ ਕੰਮ ਹੀ ਉਨ੍ਹਾਂ ਦੀ ਪਛਾਣ ਹੈ। ਸੱਜਣ ਨੇ ਕਿਹਾ ਕਿ ਜ਼ਿੰਦਗੀ ਵਿਚ ਉਨ੍ਹਾਂ 'ਤੇ ਕਈ ਦੋਸ਼ ਲਗਦੇ ਰਹੇ ਹਨ ਪਰ ਉਨ੍ਹਾਂ ਦਾ ਮਕਸਦ ਸਬੰਧ ਬਣਾਉਣਾ ਹੈ। ਸੱਜਣ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਫਖਰ ਹੈ ਕਿ ਉਹ ਭਾਰਤ ਨਾਲ ਸਬੰਧ ਰੱਖਦੇ ਹਨ।

# ਐਸ.ਵਾਈ.ਐਲ: ਬੁੱਕਲ 'ਚ ਗੁੜ ਭੰਨ੍ਹਣ ਦੀ ਕਾਰਵਾਈ 2012 ਤੋਂ ਸ਼ੁਰੂ ਹੈ

**ਗੁਰਪ੍ਰੀਤ ਸਿੰਘ ਮੰਡਿਆਣੀ**
(ਫੋਨ: 8872664000)

ਪੰਜਾਬ ਦੀ ਸ਼ਾਹ ਰਗ ਪਾਣੀ ਦੀ ਲੁੱਟ ਨਾਲ ਜੁੜੇ ਮਾਮਲੇ ਦੀ ਫੈਸਲਾਕੁਨ ਘੜੀ ਦਿਨ ਬ ਦਿਨ ਨੇੜੇ ਆ ਰਹੀ ਹੈ ਪਰ ਇਸ ਬਾਬਤ ਪੰਜਾਬ ਚ ਬਿਲਕੁਲ ਸੰਨਾਟਾ ਹੈ। ਜਿਵੇਂ ਇਸ ਲੇਖਕ ਵਲੋਂ ਪਹਿਲਾਂ ਵੀ ਖਦਸ਼ਾ ਜਾਹਰ ਕੀਤਾ ਗਿਆ ਸੀ, ਵਿਰੋਧੀ ਧਿਰ ਵੱਲੋਂ ਪੰਜਾਬ ਦੀ ਪਹਿਰੇਦਾਰੀ ਨਾ ਕਰਨ ਦੀ ਵਜਾਹ ਕਰਕੇ ਸਰਕਾਰ ਵੱਲੋਂ ਬੁੱਕਲ ਚ ਗੁੜ ਭੰਨ੍ਹਣਾ ਬਹੁਤ ਸੁਖਾਲਾ ਹੋ ਗਿਆ ਹੈ।

ਅਸੀਂ ਵਾਰ-ਵਾਰ ਲਿਖਿਆ ਹੈ ਕਿ ਪੰਜਾਬ ਦੀਆਂ ਮੌਕੇ ਦਰ ਮੌਕੇ ਸਾਰੀਆ ਸਰਕਾਰਾਂ 'ਚੋਂ ਕੋਈ ਪੰਜਾਬ ਦੀ ਲੁੱਟ ਰੋਕਣ ਬਾਰੇ ਗੰਭੀਰ ਨਹੀਂ ਰਹੀ। ਕੈਪਟਨ ਅਮਰਿੰਦਰ ਸਿੰਘ ਨੇ 2004 'ਚ ਸਮਝੌਤੇ ਤੋੜੂ ਐਕਟ ਪਾਸ ਕਰਕੇ ਜਿਹੜੀ ਵਾਹ-ਵਾਹ ਖੱਟੀ ਉਹ ਆਰਜ਼ੀ ਹੀ ਸੀ। 2016 'ਚ ਆ ਕੇ ਸੁਪਰੀਮ ਕੋਰਟ ਨੇ ਉਹ ਐਕਟ ਗੈਰਕਾਨੂੰਨੀ ਕਰਾਰ ਦੇ ਦਿੱਤਾ। ਇਹਦੇ ਨਾਲ ਸੁਪਰੀਮ ਕੋਰਟ 2004 ਵਾਲਾ ਫੈਸਲਾ ਮੁੜ ਸੁਰਜੀਤ ਹੋ ਗਿਆ ਜੀਹਦੇ 'ਚ ਸੈਂਟਰ ਕੇਂਦਰ ਸਰਕਾਰ ਨੂੰ ਹੁਕਮ ਕੀਤਾ ਗਿਆ ਸੀ ਕਿ ਉਹ ਖੁਦ ਐਸ.ਵਾਈ. ਐਲ. ਦੀ ਪੁਟਾਈ ਕਰੇ। ਹੁਣ ਹੁਕਮ ਨਾ ਲਾਗੂ ਕਰਾਉਣ ਖਾਤਰ ਸੁਪਰੀਮ ਕੋਰਟ 'ਚ ਕੰਨਟੈਪਟ ਆਫ ਕੋਰਟ ਦੀ ਸੁਣਵਾਈ ਲਗਭਗ ਮੁਕੰਮਲ ਹੋ ਚੁੱਕੀ ਹੈ। ਸੁਪਰੀਮ ਕੋਰਟ ਨੇ ਬੜੇ ਸਪੱਸ਼ਟ ਲਫਜ਼ਾਂ 'ਚ ਆਖ ਦਿੱਤਾ ਹੈ ਕਿ ਨਹਿਰ ਤਾਂ ਪੁੱਟਣੀ ਹੀ ਪੈਣੀ ਹੈ। ਹੁਣ ਕੇਂਦਰ ਸਰਕਾਰ ਦੇ ਵਕੀਲ ਨੇ ਸੁਪਰੀਮ ਕੋਰਟ ਤੋਂ 3 ਮਹੀਨਿਆਂ ਦੀ ਮੋਹਲਤ ਲੈ ਲਈ ਹੈ ਕਿ ਅਸੀਂ ਪੰਜਾਬ ਤੇ ਹਰਿਆਣੇ ਦੀ ਸਾਲਸੀ ਕਰਾ ਕੇ ਸਮਝੌਤਾ ਕਰਾਂਵਾਂਗੇ। ਸਾਲਸੀ ਵਾਲੀ ਮੀਟਿੰਗ 20 ਅਪ੍ਰੈਲ ਨੂੰ ਹੋਣੀ ਹੈ। ਪਰ ਪੰਜਾਬ ਸਰਕਾਰ ਨੇ ਇਸ ਬਾਬਤ ਆਪਦਾ ਕੋਈ ਸਟੈਂਡ ਜ਼ਾਹਰ ਨਹੀਂ ਕੀਤਾ ਤੇ ਨਾ ਹੀ ਵਿਰੋਧੀ ਧਿਰਾਂ ਨੇ ਪੁੱਛਿਆ ਹੈ।

ਸਵਾਲ ਇਹ ਹੈ ਕਿ ਬੁੱਕਲ 'ਚ ਗੁੜ ਕਿਵੇਂ ਭੰਨਿਆ ਜਾ ਸਕਦਾ ਹੈ? ਇਹਦੀ ਸੰਭਾਵਨਾ ਇਹ ਹੈ ਕਿ ਐਸ. ਵਾਈ ਐਲ. ਨਹਿਰ ਨਹੀਂ ਪੁੱਟੀ ਜਾਵੇਗੀ ਪਰ ਹਰਿਆਣਾ ਨੂੰ ਪਾਣੀ ਹੋਰ ਤਰੀਕੇ ਨਾਲ ਦਿੱਤਾ ਜਾਊਗਾ। ਪੰਜਾਬ



ਸਰਕਾਰ ਇਸ ਗੱਲ 'ਤੇ ਖੁਸ਼ੀ ਜਾਹਰ ਕਰ ਸਕਦੀ ਹੈ ਕਿ ਅਸੀਂ ਨਹਿਰ ਨਾ ਪੁਟਣ ਵਾਲਾ ਆਪਦਾ ਵਾਅਦਾ ਪੁਗਾ ਦਿੱਤਾ ਹੈ। ਸੁਣਨ ਸਮਝਣ ਨੂੰ ਤਾਂ ਨੂੰ ਤਾਂ ਇਹ ਗੱਲ ਔਖੀ ਤੇ ਅਜੀਬ ਤੇ ਅਸੰਭਵ ਜਾਪਦੀ ਹੈ ਪਰ ਇਹਦੀ ਤਿਆਰੀ ਬਾਦਲ ਸਰਕਾਰ ਵੇਲੇ ਤੋਂ ਹੀ ਚੱਲ ਰਹੀ ਹੈ। ਐਸ. ਵਾਈ. ਐਲ. ਜੋਗਾ ਪਾਣੀ ਹੋਰ ਨਹਿਰਾਂ ਰਾਹੀਂ ਦਿੱਤਾ ਜਾ ਸਕਦਾ ਹੈ। ਇਹ ਦੋ ਪੱਕੀਆਂ ਨਹਿਰਾਂ ਹਨ ਨਰਵਾਣਾ ਬਰਾਂਚ, ਤੇ ਭਾਖੜਾ ਮੇਨ ਲਾਇਨ। ਇਹਦੀ ਟੈਕਨੀਕਲ ਵਿਉਂਤਬੰਦੀ ਇਓਂ ਹੈ। ਐਸ. ਵਾਈ. ਐਲ. ਨਹਿਰ ਰਾਜਪੁਰਾ ਤਹਿਸੀਲ ਵਿੱਚ ਘਨੌਰ ਠਾਣੇ ਦੇ ਪਿੰਡ ਸਰਾਲਾ ਨੇੜਿਓਂ ਹਰਿਆਣਾ ਵਿੱਚ ਦਾਖਲ ਹੁੰਦੀ ਹੈ। ਏਥੇ ਹੀ ਆ ਕੇ ਨਰਵਾਣਾ ਬਰਾਂਚ ਪੱਕੀ ਨਹਿਰ ਪੰਜਾਬ ਤੋਂ ਹੁੰਦੀ ਹੋਈ ਹਰਿਆਣਾ ਵਿੱਚ ਦਾਖਲ ਹੁੰਦੀ ਹੈ। ਇਹ ਦੋਵੇਂ ਨਹਿਰਾਂ ਬਰੋ ਬਰਾਬਰ ਕੱਠੀਆਂ ਹੀ ਹਰਿਆਣੇ 'ਚ ਵੜਦੀਆਂ ਨੇ। ਹਰਿਆਣੇ 'ਚ ਵੜਣ ਸਾਰ ਪਿੰਡ ਇਸਮਾਈਲਪੁਰ ਦੀ ਜੂਹ 'ਚ ਨਰਵਾਣਾ ਬਰਾਂਚ ਦਾ ਕੁੱਝ ਪਾਣੀ ਐਸ.ਵਾਈ.ਐਲ. ਨਹਿਰ 'ਚ ਸੁੱਟ ਕੇ ਇਹਨੂੰ ਚਾਲੂ ਵਿਖਾ ਦਿੱਤਾ ਗਿਆ ਹੈ। ਦੂਜੇ ਲਫਜ਼ਾਂ ਚ ਐਸ.ਵਾਈ.ਐਲ. ਪੰਜਾਬ 'ਚ ਨਹੀਂ ਵਗਦੀ ਬਲਕਿ ਇਹ ਹਰਿਆਣੇ 'ਚ ਚਾਲੂ ਹੈ। ਅਗਾਂਹ ਜਾ ਕੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿੰਡਾਂ ਬੁਢੇਰਾ ਤੇ ਭੋਰਸ਼ਾਮ ਨੇੜੇ ਇਹ ਦੋਵੇਂ ਨਹਿਰਾਂ ਐਸ. ਵਾਈ. ਐਲ. ਤੇ ਨਰਵਾਣਾ ਬਰਾਂਚ ਇੱਕਠੀਆਂ ਹੋ ਜਾਂਦੀਆਂ ਨੇ। ਇਥੋ ਇਹਨਾਂ ਦਾ ਕੁੱਝ ਪਾਣੀ ਕਰਨਾਲ ਜਿਲ੍ਹੇ ਵੱਲ ਨੂੰ ਤੇ ਸਿੱਧਾ ਚਲਿਆ ਜਾਦਾ ਹੈ ਤੇ ਕੁੱਝ ਪਾਣੀ ਸੱਜੇ ਪਾਸੇ ਵੱਲ ਨਰਵਾਣੇ ਨੂੰ ਚਲਿਆ ਜਾਂਦਾ ਹੈ। ਇੱਕ ਹੋਰ ਨਹਿਰ ਜੀਹਦਾ ਨਾਂਅ ਭਾਖੜਾ ਮੇਨ ਲਾਈਨ ਹੈ ਉਹ ਸੰਗਰੂਰ ਜ਼ਿਲ੍ਹੇ ਦੇ ਖਨੌਰੀ ਹੈਡ ਵਰਕਸ ਨੇੜਿਉਂ ਹਰਿਆਣੇ 'ਚ ਦਾਖਲ ਹੁੰਦੀ ਹੈ ਤੇ ਨਰਵਾਣਾ ਨੇੜੇ ਐਸ. ਵਾਈ ਐਲ. ਨਾਲ ਰਲ ਜਾਂਦੀ ਹੈ। ਜੇ ਨਰਵਾਣਾ ਬਰਾਂਚ ਤੇ ਭਾਖੜਾ ਮੇਨ ਲਾਇਨ 'ਚ ਹੋਰ ਵਾਧੂ ਪਾਣੀ ਛੱਡਿਆ ਜਾਵੇ ਤਾਂ ਅਗਾਂਹ ਜਾ ਕੇ ਹਰਿਆਣੇ 'ਚ ਇਹ ਐਸ, ਵਾਈ. ਐਲ. ਨਹਿਰ ਨੂੰ ਪੂਰੀ ਮਿਕਦਾਰ 'ਚ ਪਾਣੀ ਮਿਲ ਸਕਦਾ ਹੈ। ਕਹਿਣ ਤੋਂ ਭਾਵ ਹੈ ਇਹ ਹੈ ਕਿ ਐਸ. ਵਾਈ. ਐਲ. ਦੇ ਪੰਜਾਬ ਵਾਲੇ ਹਿੱਸੇ ਦੀ ਵਰਤੋਂ ਕੀਤੇ ਬਿਨਾਂ ਹੋਰ ਪਾਸਿਉਂ ਪਾਣੀ ਛੱਡ ਕੇ ਹਰਿਆਣੇ ਚ ਐਸ. ਵਾਈ ਐਲ. ਨਹਿਰ ਪੂਰੀ ਤਰ੍ਹਾਂ ਚਾਲੂ ਕੀਤੀ ਜਾ ਸਕਦੀ ਹੈ।

ਹੁਣ ਦੇਖੋ ਬਾਦਲ ਸਰਕਾਰ ਵੇਲੇ ਤੋਂ ਇਹਦੀ ਕਿਵੇਂ ਤਿਆਰੀ ਹੋਈ। ਸਾਲ 2014-15 'ਚ ਪੰਜਾਬ ਸਰਕਾਰ ਨੇ ਭਾਖੜਾ ਮੇਨ ਲਾਈਨ ਦੇ ਕੰਢੇ ਉੱਚੇ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਕਾਂਗਰਸ ਨੇ ਕੁੱਝ ਲੀਡਰਾਂ ਨੇ ਦੋਸ਼ ਲਾਇਆ ਕਿ ਹਰਿਆਣਾ ਨੂੰ ਪਾਣੀ ਛੱਡਣ ਦੀ ਨੀਤ ਨਾਲ ਨਹਿਰ ਦੀ ਸਮਰੱਥਾ ਵਧਾਈ ਜਾ ਰਹੀ ਹੈ। 8 ਅਪੈਲ 2015 ਨੂੰ ਪੰਜਾਬ ਦੇ ਤਤਕਾਲੀ ਸਿੰਜਾਈ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਨੇ ਇਹਦਾ ਜ਼ੋਰਦਾਰ ਖੰਡਨ ਕੀਤਾ ਤੇ ਕਿਹਾ ਕਿ ਇਹ ਗੱਲ ਗਲਤ ਹੈ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਕੋਈ ਪ੍ਰੋਗਰਾਮ ਨਹੀਂ ਬਲਕਿ ਇਹ ਰੁਟੀਨ ਦੀ ਮੁਰੰਮਤ ਦਾ ਹਿੱਸਾ ਹੈ। ਕਿਉਂਕਿ ਨਹਿਰ 'ਚ ਗਾਰ ਭਰਨ ਕਰਕੇ ਇਹ ਪਾਣੀ ਪੂਰਾ ਨਹੀਂ ਖਿੱਚ ਰਹੀ ਜੀਹਦੇ ਕਰਕੇ ਕੰਢੇ ਉੱਚੇ ਚੱਕਣੇ ਪੈ ਰਹੇ ਹਨ ਇਹ ਪੰਜਾਬ ਦੇ ਸਰਦੂਲਗੜ੍ਹ ਇਲਾਕੇ ਦੀ ਲੋੜ ਕਰਨ ਖਾਤਰ ਹੈ।

ਪਰ ਅਸਲੀਅਤ ਇਹ ਨਿਕਲੀ ਕਿ ਹਰਿਆਣੇ ਨੂੰ ਵਾਧੂ ਪਾਣੀ ਛੱਡਣ ਖਾਤਰ ਹੀ ਕੰਢੇ ਉੱਚੇ ਚੱਕਣ ਦਾ ਪ੍ਰੋਗਰਾਮ ਵਿੱਢਿਆ ਗਿਆ। ਪੰਜਾਬ ਸਰਕਾਰ ਦੀ ਤਰਫੋਂ ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਬੋਲੇ ਗਏ ਝੂਠ ਦਾ ਉਦੋਂ ਪਰਦਾਫਾਸ਼ ਹੋ ਗਿਆ ਜਦੋਂ ਹਰਿਆਣਾ ਸਰਕਾਰ ਨੇ ਉਥੋਂ ਦੇ ਸਾਬਕਾ ਸਿੰਜਾਈ ਮੰਤਰੀ ਪ੍ਰੋਫੈਸਰ ਸੰਪਤ ਸਿੰਘ ਨੂੰ ਆਰ. ਟੀ. ਆਈ. ਆਈ. ਦੇ ਰਾਹੀਂ ਜਾਣਕਾਰੀ ਦਿੱਤੀ। ਇਸ ਬਾਬਤ ਸੰਪਤ ਨੇ 14 ਨਵੰਬਰ 20 16 ਨੂੰ ਦਿੱਤੇ ਇੱਕ ਬਿਆਨ 'ਚ ਦੱਸਿਆ ਗਿਆ ਕਿ ਹਰਿਆਣੇ ਨੂੰ ਵਾਧੂ ਪਾਣੀ ਦੇਣ ਖਾਤਰ ਹੀ ਨਹਿਰ ਦੇ ਥੱਲੇ ਤੋਂ ਕੰਢਿਆਂ ਦੀ ਉਚਾਈ 18 ਫੁੱਟ ਤੋਂ ਵਧਾ ਕੇ ਸਾਢੇ 19 ਫੁੱਟ ਕਰਨੀ ਸੀ। ਇਹਦੇ 'ਤੇ ਕੁੱਲ ਖਰਚਾ 4 ਕਰੋੜ 88 ਲੱਖ ਰੁਪਏ ਆਉਣਾ ਸੀ ਤੇ ਹਰਿਆਣੇ ਨੇ ਅਪਣੇ ਦੇ ਹਿੱਸੇ ਦਾ 4 ਕਰੋੜ 65 ਲੱਖ 21 ਜਨਵਰੀ 2015 ਨੂੰ ਪੰਜਾਬ ਕੋਲ ਜਮ੍ਹਾਂ ਕਰਵਾਇਆ। ਇਸ ਵਾਧੂ ਪਾਣੀ ਨਾਲ ਹਰਿਆਣੇ ਦੀ ਬਰਵਾਲਾ ਨਹਿਰ ਨੂੰ ਪਾਣੀ ਮਿਲਣਾ ਸੀ। ਪ੍ਰੋ. ਸੰਪਤ ਸਿੰਘ ਦੇ ਬਿਆਨ ਨੇ ਸ. ਢਿੱਲੋਂ ਵੱਲੋਂ ਹੋਰ ਝੂਠ ਬੋਲਿਆ ਵੀ ਬੇ ਪਰਦਾ ਕਰ ਦਿੱਤਾ। ਢਿੱਲੋਂ ਨੇ ਕਿਹਾ ਕਿ ਨਹਿਰ ਦੇ ਕੰਢੇ ਉੱਚੇ ਚੱਕਣ ਦਾ ਪ੍ਰੋਗਰਾਮ ਬੜਾ ਪੁਰਾਣਾ ਹੈ ਕਿਉਂਕਿ ਸੈਂਟਰਲ ਵਾਟਰ ਕਮਿਸ਼ਨ ਨੇ ਇਹਦੀ ਮਨਜ਼ੂਰੀ 1982 ਦੀ ਦਿਤੀ ਹੋਈ ਹੈ ਜਦਕਿ ਸੰਪਤ ਸਿੰਘ ਦਾ ਕਹਿਣਾ ਹੈ ਕਿ ਵਾਟਰ ਕਮਿਸ਼ਨ ਦੀ ਟੀਮ ਨੇ 18 ਜੁਲਾਈ 2012 ਨੂੰ ਮੌਕਾ ਦੇਖਣ ਤੋਂ ਬਾਅਦ ਇਹਦੀ ਮਨਜ਼ੂਰੀ ਦਿੱਤੀ ਹੈ। ਭਾਵ ਇਹ ਕਿ ਸਾਰਾ ਪ੍ਰੋਗਰਾਮ ਬਾਦਲ ਸਰਕਾਰ ਨੇ ਮੌਕੇ ਹੀ ਨੇਪਰੇ ਚੜ੍ਹਿਆ ਹੈ। ਬਾਦਲ ਦੇ ਦੌਰ ਤੱਕ ਬੁਰਜੀ ਨੰਬਰ 4,45000 ਤੋਂ ਲੈ ਕੇ ਬੁਰਜੀ ਨੰਬਰ 4,62000 ਤੱਕ ਇਹ ਕੰਮ ਸਿਰੇ ਚੜ੍ਹ ਚੁਕਿਆ ਹੈ। ਨਾਲੇ ਜੇ ਪੱਕੀ ਨਹਿਰ ਵਿੱਚ ਗਾਰ ਭਰਨ ਕਰਕੇ ਨਹਿਰ ਦੀ ਸਮਰੱਥਾ ਘੱਟ ਜਾਵੇ ਤਾਂ ਗਾਰ ਕਢਾ ਕੇ ਸਮਰੱਥਾ ਵਧਾਉਣੀ ਚਾਹੀਦੀ ਹੈ ਜਾਂ ਕੰਢੇ ਉੱਚੇ ਚੁੱਕ ਕੇ ਇਹ ਵੀ ਵੱਡਾ ਸਵਾਲ ਹੈ।

ਪੰਜਾਬ ਦੇ ਉਸ ਵੇਲੇ ਦੇ ਸਿੰਜਾਈ ਵਜ਼ੀਰ ਸ.. ਢਿੱਲੋਂ ਨੇ ਇਹ ਵੀ ਕਿਹਾ ਸੀ ਕਿ ਹਰਿਆਣੇ ਨੂੰ ਉਹਦੇ ਹਿੱਸੇ ਤੋਂ ਵਾਧੂ ਪਾਣੀ ਕਦੇ ਵੀ ਨਹੀਂ ਛੱਡਿਆ ਉਨ੍ਹਾਂ ਕਿਹਾ ਕਿ ਖਨੌਰੀ ਹੈਡ ਵਰਕਸ ਤੇ ਦੋਵੇਂ ਸਰਕਾਰਾਂ ਦੇ ਅਫਸਰ ਪਾਣੀ ਪੂਰਾ ਪੂਰਾ ਨਾਪ ਕੇ ਛੱਡਦੇ ਹਨ। ਸ. ਢਿਲੋਂ ਦੀ ਇਹ ਗੱਲ 21 ਅਗਸਤ 2014 ਨੂੰ ਇੱਕ ਅਖਬਾਰੀ ਬਿਆਨ ਦੇ ਰਾਹੀਂ ਪੰਜਾਬ ਦੇ ਮੁੱਖ ਸਿੰਜਾਈ ਇੰਜਨੀਅਰ ਸ੍ਰ. ਏ. ਐਸ. ਦੂੱਲਟ ਨੇ ਝਠਲਾਉਂਦਿਆ ਕਿਹਾ ਕਿ ਖਨੌਰੀ ਤੋਂ ਹਰਿਆਣੇ ਦੇ ਅਫਸਰ ਆਪੇ ਹੀ ਮਿਣਤੀ ਕਰਦੇ ਨੇ ਤੇ ਆਪੇ ਹੀ ਪਾਣੀ ਛੱਡਦੇ ਨੇ ਤੇ ਪੰਜਾਬ ਆਲਿਆਂ ਨੂੰ ਪੁੱਛਦੇ ਵੀ ਨਹੀਂ।

ਪੰਜਾਬ ਦੀ ਪਿਛਲੀ ਬਾਦਲ ਸਰਕਾਰ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਵੀ ਇਸੇ ਦਿਨ ਮੰਗ ਕੀਤੀ ਸੀ ਕਿ ਭਾਖੜਾ ਬਿਆਸ ਮੈਨੇਜੇਮੈਂਟ ਬੋਰਡ 'ਚ ਮੈਂਬਰ ਸਿੰਜਾਈ ਹਰਿਆਣੇ ਦਾ ਹੋਣ ਕਰਕੇ ਪਾਣੀ ਛੱਡਣ ਵੇਲੇ ਪੰਜਾਬ ਨਾਲ ਇਨਸਾਫ ਨਹੀਂ ਹੁੰਦਾ। ਹੁਣ ਮੌਕੇ ਦੀ ਪੁਜ਼ੀਸ਼ਨ, ਹਰਿਆਣੇ ਦੇ ਬਿਆਨ, ਪੰਜਾਬ ਦੇ ਅਫਸਰਾਂ ਦੇ ਬਿਆਨਾਂ ਨੂੰ ਜੇ ਜੋੜ ਕੇ ਦੇਖਿਆ ਜਾਵੇ ਤਾਂ ਇਹ ਗੱਲ ਬਿਲਕੁਲ ਸਾਫ ਹੈ ਕਿ ਹਰਿਆਣੇ ਵਿਚਲੀ ਐਸ. ਵਾਈ. ਐਲ. ਨੂੰ ਚਾਲੂ ਕਰਨ ਖਾਤਰ ਪਾਣੀ ਦੀ ਪੂਰਤੀ ਹੋਰ ਪਾਸਿਉਂ ਕਰਨ ਦੀ ਸ਼ੁਰੂਆਤ ਬਾਦਲ ਸਰਕਾਰ ਵੇਲੇ ਤੋਂ ਹੀ ਹੋ ਚੁੱਕੀ ਹੈ।

ਜੇ ਮੌਜੂਦਾ ਕੈਪਟਨ ਸਰਕਾਰ ਵੀ ਇਸੇ ਨੀਤੀ 'ਤੇ ਚੱਲਦਿਆਂ ਅੰਦਰੋਂ ਗਤੀ ਹਰਿਆਣੇ ਨਾਲ ਕੋਈ ਸਮਝੌਤਾ ਕਰ ਲਵੇ ਤਾਂ ਕੋਈ ਵਡੀ ਗੱਲ ਨਹੀਂ ਹੈ। ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਹ ਗੱਲ ਕਦੇ ਠੋਕ ਵਜਾ ਕੇ ਨਹੀਂ ਆਖੀ ਕਿ ਸਤਲੁਜ ਦੇ ਪਾਣੀ ਵਿੱਚ ਹਰਿਆਣੇ ਦੀ ਕੋਈ ਹਿੱਸੇਦਾਰੀ ਨਹੀਂ ਬਣਦੀ। ਇਸ ਅਹਿਮ ਮਾਮਲੇ ਤੇ ਸਰਕਾਰੀ ਧਿਰ ਦੀ ਖਾਮੋਸ਼ੀ ਇਹਦੇ ਵੱਲ ਇਸ਼ਾਰਾ ਕਰਦੀ ਹੈ ਤੇ ਆਪੋਜੀਸ਼ਨ ਦੀ ਚੁੱਪ ਪੰਜਾਬੀਆਂ ਦਾ ਹੋਰ ਮੱਥਾ ਠਣਕਾਉਂਦੀ ਹੈ। ਜੇ ਪੰਜਾਬੀ ਵੇਲੇ ਸਿਰ ਨਾ ਜਾਗੇ ਤਾਂ ਐਸ. ਵਾਈ. ਐਲ. ਜੋਗਾ ਪਾਣੀ ਹਰਿਆਣੇ ਨੂੰ ਚੱਲਿਆ ਜਾਣਾ ਹੈ ਭਾਵੇਂ ਇਹਦਾ ਰਾਹ ਕੋਈ ਹੋਰ ਹੋਵੇ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**


## Classified

### ਲੜਕੀ ਦੀ ਲੋੜ

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5’10” ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ ’ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।

ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ ’ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ ’ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।

**ਹੋਰ ਜਾਣਕਾਰੀ ਲਈ ਫੋਨ: 09045898878**

**E-mail: navi_singh001@yahoo.com**

### Bride WANTED

Jat Sikh Bhular boy 28 years old Height: 5’ 10” Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**

**Call Mobile No. 09045898878**

**E-mail: navi_singh001@yahoo.com**



ਸ੍ਰੀਨਗਰ ਦੇ ਲਾਲ ਚੌਂਕ ਵਿੱਚ ਸੋਮਵਾਰ ਨੂੰ ਐਸਪੀ ਕਾਲਜ ਦੇ ਬਾਹਰ ਵਿਦਿਆਰਥੀ ਸੁਰੱਖਿਆ ਬਲਾਂ ’ਤੇ ਪੱਥਰਾਅ ਕਰਦੇ ਹੋਏ।

## ਡੇਰੇ ਤੋਂ ਵੋਟ ਮੰਗਣ ਵਾਲੇ ਸਿੱਖ ਆਗੂ ਚਾਹ-ਪਾਣੀ ਦੀ ਖ਼ਾਤਰਦਾਰੀ ਮਗਰੋਂ ਤਨਖ਼ਾਹੀਏ ਕਰਾਰ

ਘੰਟੇ ਲੰਗਰ ਵਰਤਾਉਣ ਦੀ ਸੇਵਾ ਕਰਨਗੇ ਅਤੇ ਇਕ ਦਿਨ ਇਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਸੁਣਨ ਦੀ ਸੇਵਾ ਕਰਨਗੇ। ਇਸ ਮਗਰੋਂ 501 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਅਤੇ 5100-5100 ਰੁਪਏ ਗੋਲਕ ਵਿੱਚ ਪਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਨਗੇ। 18 ਪਤਿਤ ਸਿੱਖਾਂ ਨੂੰ ਆਪੋ-ਆਪਣੇ ਹਲਕੇ ਦੇ ਗੁਰਦੁਆਰਿਆਂ ਵਿੱਚ 10 ਦਿਨ ਝਾੜੂ ਮਾਰਨ ਅਤੇ ਲੰਗਰ ਦੀ ਸੇਵਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਵਿੱਚ 10 ਕਾਂਗਰਸ, ਸੱਤ ਸ਼੍ਰੋਮਣੀ ਅਕਾਲੀ ਦਲ ਅਤੇ ਇਕ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ। ਕਾਂਗਰਸ ਵੱਲੋਂ ਸਾਧੂ ਸਿੰਘ ਧਰਮਸੋਤ, ਅਮਰਿੰਦਰ ਸਿੰਘ ਰਾਜਾ ਵੜਿੰਗ, ਕੁਸ਼ਲਦੀਪ ਸਿੰਘ, ਕੇਵਲ ਸਿੰਘ, ਕਰਨ ਕੌਰ, ਦਰਸ਼ਨ ਸਿੰਘ, ਰਣਦੀਪ ਸਿੰਘ ਨਾਭਾ, ਰਜਿੰਦਰ ਸਿੰਘ ਸਮਾਣਾ, ਖੁਸ਼ਬਾਜ ਸਿੰਘ ਜਟਾਣਾ, ਦਮਨ ਕੌਰ, ਨਰਿੰਦਰ ਸਿੰਘ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਰਿੰਦਰ ਪਾਲ ਸਿੰਘ, ਗੁਲਜ਼ਾਰ ਸਿੰਘ, ਹਰਦੀਪ ਸਿੰਘ, ਨਿਸ਼ਾਨ ਸਿੰਘ ਬੁਢਲਾਡਾ, ਦਰਸ਼ਨ ਸਿੰਘ ਕੋਟਫੱਤਾ, ਦਿਲਰਾਜ ਸਿੰਘ ਭੂੰਦੜ ਤੇ ਜਗਦੀਪ ਸਿੰਘ ਨਕਈ ਸ਼ਾਮਲ ਹਨ।

ਮੀਟਿੰਗ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਗਿਆਨੀ ਮੱਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਸ਼ਾਮਲ ਸਨ। ਮਈ 2007 ਵਿੱਚ ਡੇਰਾ ਸਿਰਸਾ ਮੁਖੀ ਖ਼ਿਲਾਫ਼ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਜੋ ਚਾਰ ਆਗੂ ਅੱਜ ਗੈਰਹਾਜ਼ਰ ਰਹੇ ਹਨ, ਉਨ੍ਹਾਂ ਨੂੰ ਅਗਲੀ ਇਕੱਤਰਤਾ ਸਮੇਂ ਹਾਜ਼ਰ ਹੋਣਾ ਪਵੇਗਾ। ਗੁਰਸਿੱਖ ਅਤੇ ਪਤਿਤ ਸਿੱਖਾਂ ਨੂੰ ਵੱਖ ਵੱਖ ਧਾਰਮਿਕ ਸੇਵਾ ਲਾਏ ਜਾਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਪਤਿਤ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਉਤੇ ਤਲਬ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ ਸਾਰਿਆਂ ਦੀ ਸਹਿਮਤੀ ਨਾਲ ਹੋਈ ਗਲਤੀ ਦੀ ਤਨਖਾਹ ਲਾਈ ਗਈ ਹੈ। ਇਨ੍ਹਾਂ ਸਾਰਿਆਂ ਨੂੰ ਆਪੋ-ਆਪਣੇ ਨਗਰ ਦੇ ਗੁਰਦੁਆਰੇ ਵਿੱਚ 10 ਦਿਨ ਸੇਵਾ ਕਰਨ ਵਾਸਤੇ ਆਖਿਆ ਗਿਆ ਹੈ।

ਤਨਖਾਹੀਆਂ ਦੀ ਵੀਆਈਪੀ ਆਓ ਭਗਤ

ਤਨਖ਼ਾਹ ਸੁਣਾਏ ਜਾਣ ਤੋਂ ਪਹਿਲਾਂ ਸਾਰੇ ਸਿਆਸੀ ਆਗੂਆਂ ਨੂੰ ਵੀਆਈਪੀ ਸੇਵਾ ਦਿੱਤੀ ਗਈ। ਇਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੀ ਮੁੱਖ ਇਮਾਰਤ ਹੇਠਾਂ ਬਣੇ ਭੋਰੇ ਵਿੱਚ ਏਸੀ ਦੀ ਠੰਢੀ ਹਵਾ ਵਿੱਚ ਬਿਠਾਇਆ ਗਿਆ ਅਤੇ ਉਥੇ ਹੀ ਚਾਹ-ਪਾਣੀ ਵਰਤਾਇਆ ਗਿਆ, ਜਦੋਂ ਕਿ ਆਮ ਤੌਰ ’ਤੇ ਤਲਬ ਕੀਤੇ ਦੋਸ਼ੀਆਂ ਨੂੰ ਅਕਾਲ ਤਖ਼ਤ ਦੇ ਸਕੱਤਰੇਤ ਦੇ ਬਾਹਰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ।

### ਰਾਜਾ ਵੜਿੰਗ ਨੇ ਕਿਹਾ-ਬਾਦਲਾਂ ਨੂੰ ਵੀ ਤਲਬ ਕੀਤਾ ਜਾਵੇ:

ਕਾਂਗਰਸੀ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਪੰਜ ਸਿੰਘ ਸਾਹਿਬਾਨ ਨੂੰ ਪੱਤਰ ਸੌਂਪ ਕੇ ਅਪੀਲ ਕੀਤੀ ਹੈ ਕਿ ਇਸ ਦੋਸ਼ ਹੇਠ ਦੋਵਾਂ ਬਾਦਲਾਂ ਨੂੰ ਵੀ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਅਕਾਲੀ ਦਲ ਨੇ ਡੇਰਾ ਸਿਰਸਾ ਦਾ ਸਮਰਥਨ ਕਿਉਂ ਲਿਆ। ਅਕਾਲ ਤਖ਼ਤ ਵਿਖੇ ਇਸ ਮਾਮਲੇ ਵਿੱਚ ਵਿਤਕਰਾ ਨਹੀਂ ਹੋਣਾ ਚਾਹੀਦਾ। ਕਾਂਗਰਸੀ ਆਗੂ ਰਣਦੀਪ ਸਿੰਘ ਨਾਭਾ ਨੇ ਆਖਿਆ ਕਿ ਅਕਾਲ ਤਖ਼ਤ ਤੋਂ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਦੇ ਫੈਸਲੇ ਕਾਰਨ ਹੀ ਉਹ ਡੇਰਾ ਸਿਰਸਾ ਦੀ ਹਮਾਇਤ ਪ੍ਰਾਪਤ ਕਰਨ ਗਏ ਸਨ। ਬੀਬੀ ਦਮਨ ਕੌਰ ਨੇ ਆਖਿਆ ਕਿ ਤਖ਼ਤ ਵੱਲੋਂ ਜੋ ਤਨਖਾਹ ਲਾਈ ਗਈ ਹੈ, ਉਸ ਨੂੰ ਉਹ ਸਿਰ ਮੱਥੇ ਪ੍ਰਵਾਨ ਕਰਦੇ ਹਨ।

## ਸਿਆਸੀ ਦਬਾਅ ਹੇਠ ਹੋਏ ਅਕਾਲ ਤਖ਼ਤ ਦੇ ਫ਼ੈਸਲੇ : ਭਾਈ ਗੁਰਮੁਖ ਸਿੰਘ

ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਸ਼ਾਮਲ ਕਰ ਕੇ ਪੰਚ ਪ੍ਰਧਾਨੀ ਪ੍ਰਥਾ ਦਾ ਕੋਰਮ ਪੂਰਾ ਕਰ ਕੇ ਮੀਟਿੰਗ ਕੀਤੀ ਗਈ। ਇਸੇ ਦੌਰਾਨ ਭਾਈ ਗੁਰਮੁਖ ਸਿੰਘ ਨੂੰ ਮਨਾਉਣ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਤੇ ਹੋਰ ਅਧਿਕਾਰੀ ਵੀ ਗਏ ਪਰ ਉਹ ਆਪਣੀ ਸ਼ਰਤ ’ਤੇ ਅੜੇ ਰਹੇ।

ਮੀਟਿੰਗ ਵਿੱਚ ਸ਼ਾਮਲ ਨਾ ਹੋਣ ਸਬੰਧੀ ਭਾਈ ਗੁਰਮੁਖ ਸਿੰਘ ਨੇ ਆਖਿਆ ਕਿ ਉਹ ਪਿਛਲੇ ਡੇਢ ਸਾਲ ਤੋਂ ਮੰਗ ਕਰ ਰਹੇ ਹਨ ਕਿ ਡੇਰਾ ਮੁਖੀ ਦੀ ਮੁਆਫ਼ੀ ਸਬੰਧੀ ਚਿੱਠੀ ਬਾਰੇ ਪੰਥ ਨੂੰ ਸਪਸ਼ਟ ਕੀਤਾ ਜਾਵੇ। ਇਸ ਚਿੱਠੀ ਨੂੰ ਲਿਆਉਣ ਨਾਲ ਉਨ੍ਹਾਂ ਦਾ ਨਾਂ ਜੋੜਿਆ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਦਾ ਫੈਸਲਾ ਸਿਆਸੀ ਪ੍ਰਭਾਵ ਹੇਠ ਕੀਤਾ ਗਿਆ ਸੀ। ਉਹ ਇਸ ਫੈਸਲੇ ਦੇ ਹੱਕ ਵਿੱਚ ਨਹੀਂ ਸਨ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਵਾਲੀ ਚਿੱਠੀ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਪੁੱਜੀ ਸੀ। ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਰੱਖੇ ਰਜਿਸਟਰ ਵਿੱਚ ਇਸ ਦੇ ਵੇਰਵੇ ਵੀ ਦਰਜ ਹੋਣਗੇ ਕਿ ਇਹ ਚਿੱਠੀ ਕੌਣ ਲੈ ਕੇ ਆਇਆ ਸੀ ਅਤੇ ਕਿਸ ਨੇ ਪ੍ਰਾਪਤ ਕੀਤੀ ਸੀ। ਉਨ੍ਹਾਂ ਆਖਿਆ ਕਿ ਜੇ ਇਹ ਮਸਲਾ ਹੱਲ ਨਹੀਂ ਹੁੰਦਾ ਤਾਂ ਇਸ ਦੇ ਹੱਲ ਲਈ ਮਰਿਆਦਾ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਮੂਹ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਣ।

ਇਕ ਸੁਆਲ ਦੇ ਜਵਾਬ ਵਿੱਚ ਭਾਈ ਗੁਰਮੁਖ ਸਿੰਘ ਨੇ ਆਖਿਆ ਕਿ 21 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿੱਚ ਜੇ ਉਨ੍ਹਾਂ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਭਵਿੱਖ ਵਿੱਚ ਜੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਕਾਲ ਤਖ਼ਤ ’ਤੇ ਹੋਵੇਗੀ ਤਾਂ ਹੀ ਉਹ ਮੀਟਿੰਗ ਵਿੱਚ ਸ਼ਾਮਲ ਹੋਣਗੇ।

ਇਸ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਭਾਈ ਗੁਰਮੁਖ ਸਿੰਘ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ ਕਿ ਅਕਾਲ ਤਖ਼ਤ ਉਤੇ ਫੈਸਲੇ ਸਿਆਸੀ ਦਬਾਅ ਹੇਠ ਕੀਤੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਸਾਰੇ ਫੈਸਲਿਆਂ ਵਿੱਚ ਭਾਈ ਗੁਰਮੁਖ ਸਿੰਘ ਦੀ ਸਹਿਮਤੀ ਸ਼ਾਮਲ ਹੁੰਦੀ ਸੀ। ਇਸ ਇਕੱਤਰਤਾ ਲਈ ਵੀ ਉਨ੍ਹਾਂ ਸਹਿਮਤੀ ਦਿੱਤੀ ਸੀ, ਜਿਸ ਤਹਿਤ ਇਹ ਇਕੱਤਰਤਾ ਸ੍ਰੀ ਅਕਾਲ ਤਖ਼ਤ ਦੀ ਥਾਂ ਸਕੱਤਰੇਤ ਵਿੱਚ ਸੱਦੀ ਗਈ ਸੀ। ਡੇਰਾ ਮੁਖੀ ਦੀ ਚਿੱਠੀ ਬਾਰੇ ਉਨ੍ਹਾਂ ਆਖਿਆ ਕਿ ਇਸ ਬਾਰੇ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਅਤੇ ਡੇਰਾ ਮੁਖੀ ਦੀ ਮੁਆਫ਼ੀ ਰੱਦ ਕਰਨ ਮਗਰੋਂ ਇਹ ਮਾਮਲਾ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਢੁਕਵੇਂ ਪ੍ਰਬੰਧ ਕਰ ਕੇ ਭਵਿੱਖ ਵਿੱਚ ਇਹ ਮੀਟਿੰਗਾਂ ਅਕਾਲ ਤਖ਼ਤ ਵਿੱਚ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤੀਆਂ ਜਾਣਗੀਆਂ।

## ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਸਿੱਖਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ

ਕਾਰਡਿਨ, ਸੈਨੇਟਰ ਸ਼ੇਲਡਨ ਵ੍ਹਾਈਟਹਾਊਸ, ਕ੍ਰਿਸ ਮਰਫ਼ੀ, ਜੈੱਫ ਮਾਰਕਲੇਅ, ਮਾਰਕੋ ਰੂਬੀਓ, ਕਾਂਗਰਸ ਮੈਂਬਰ ਜੋਅ ਕਰਾਉਲੇ, ਕਾਂਗਰਸ ਮੈਨ ਇਲੀਅਟ ਏਂਜਲ, ਬਰੈਡ ਸ਼ੇਰਮਨ, ਕਾਂਗਰਸ ਵੁਮੈਨ ਸ਼ੇਇਲਾ ਜੈਕਸਨ ਲੀ, ਕਾਂਗਰਸਮੈਨ ਲੂਕ ਮੈਸਰ ਅਤੇ ਕਈ ਹੋਰ ਉਚ ਅਧਿਕਾਰੀਆਂ ਨੇ ਵੀ ਵਿਸਾਖੀ ਦੀਆਂ ਸਿੱਖਾਂ ਨੂੰ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ, ‘ਅਸੀਂ ਆਪਣੇ ਸਿੱਖ ਅਮਰੀਕੀ ਗਵਾਂਢੀਆਂ ਅਤੇ ਦੋਸਤਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦੇ ਹਾਂ।’ ਗੈਰੀ ਪੀਟਰਜ਼ ਨੇ ਕਿਹਾ, ‘ਸਿੱਖਾਂ ਲਈ ਖ਼ਾਸ ਮਹੱਤਵ ਰੱਖਦੇ ਇਸ ਦਿਹਾੜੇ ’ਤੇ ਮੈਂ ਸਾਰੇ ਅਮਰੀਕੀ ਸਿੱਖਾਂ, ਦੋਸਤਾਂ ਤੇ ਗਵਾਂਢੀਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਾ ਹਾਂ।’ ਸੈਨੇਟਨ ਡਿਕ ਡਰਬਿਨ ਨੇ ਵੀ ਸਮੂਹ ਸਿੱਖ ਭਾਈਚਾਰੇ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ।

ਮਾਰੀਆ ਕੈਂਟਵੈੱਲ ਨੇ ਟਵੀਟ ਕੀਤਾ ਕਿ ਉਹ ਇਸ ਇਤਿਹਾਸਕ ਦਿਨ ’ਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਵਧਾਈ ਦਿੰਦੇ ਹਨ। ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕੀ ਕਾਨੂੰਨਸਾਜ਼ਾਂ ਵਲੋਂ ਵਿਸਾਖੀ ਦੀਆਂ ਦਿੱਤੀਆਂ ਵਧਾਈਆਂ ਲਈ ਧੰਨਵਾਦ ਕਿਹਾ।

ਇਸ ਦੌਰਾਨ ਸਿੰਗਾਪੁਰ ਦੇ ਸਿੱਖਿਆ ਮੰਤਰੀ ਨੇਗ ਚੀ ਮੇਂਗ ਨੇ ਸਿੱਖ ਭਾਈਚਾਰੇ ਦੇ ਗਤੀਸ਼ੀਲ ਸਭਿਆਚਾਰ ਦੀ ਸ਼ਲਾਘਾ ਕੀਤੀ। ਸਿੰਗਾਪੁਰ ਖ਼ਾਲਸਾ ਐਸੋਸੀਏਸ਼ਨ ਵੱਲੋਂ ਕਬੱਡੀ ਵਰਗੀਆਂ ਰਵਾਇਤੀ ਖੇਡਾਂ ਤੇ ਮੇਲਾ ਕਰਵਾਉਣ ਦੀ ਪਹਿਲਕਦਮੀ ਦਾ ਸਵਾਗਤ ਕਰਦਿਆਂ ਉਨ੍ਹਾਂ ਸਿੰਗਾਪੁਰ ਵਿੱਚ ਵਿਦੇਸ਼ੀ ਕਾਮਿਆਂ ਵੱਲੋਂ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕੀਤੀ।

## ਸਟਾਕਟਨ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਮੌਕੇ ਵਿਸ਼ਾਲ ਨਗਰ ਕੀਰਤਨ

ਸ਼ਹਿਰ ਦੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ, ਲੈਥਰੋਪ ਸ਼ਹਿਰ ਦੇ ਪੁਲਿਸ ਮੁਖੀ ਤੇ ਲੈਥਰੋਪ ਸ਼ਹਿਰ ਦੇ ਮੇਅਰ ਸੰਨੀ ਧਾਲੀਵਾਲ ਤੋਂ ਇਲਾਵਾ ਬਾਕੀ ਸ਼ਾਮਲ ਹੋਣ ਵਾਲਿਆਂ ਵਿਚ ਸਿੱਖ ਆਗੂ ਜੌਨ ਸਿੰਘ ਗਿੱਲ, ਹਰਨੇਕ ਅਟਵਾਲ, ਜਸਵਿੰਦਰ ਜੰਡੀ, ਕੁਲਜੀਤ ਨਿੱਝਰ ਅਤੇ ਹੋਰਨਾਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਇਸ ਦੌਰਾਨ ਧਾਰਮਿਕ ਸਮਾਗਮਾਂ ਵਿਚ ਪੰਥ ਦੇ ਮਹਾਨ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ, ਕਵੀਸ਼ਰ ਭਾਈ ਸੁਲੱਖਣ ਸਿੰਘ ਦਾ ਜਥਾ, ਹਜ਼ੂਰੀ ਰਾਗੀ ਗੁਰੂ ਘਰ ਸਟਾਕਟਨ, ਭਾਈ ਹਰਪ੍ਰੀਤ ਸਿੰਘ ਦਰਬਾਰ ਸਾਹਿਬ ਵਾਲੇ, ਭਾਈ ਮਹਿਲ ਸਿੰਘ ਦੇ ਕਵੀਸ਼ਰੀ ਜਥੇ ਸਮੇਤ ਹੋਰਨਾਂ ਨੇ ਲਗਾਤਾਰ ਹਾਜ਼ਰੀ ਲੁਆਈ। ਇਨ੍ਹਾਂ ਸਮਾਗਮਾਂ ਦੌਰਾਨ ਨਗਰ ਕੀਰਤਨ ਤੋਂ ਪਹਿਲਾਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਚੋਲਾ ਸਾਹਿਬ ਬਦਲਿਆ ਗਿਆ।

ਨਗਰ ਕੀਰਤਨ ਦੌਰਾਨ ਵੱਖ ਵੱਖ ਫਲੋਟਾਂ ਰਾਹੀਂ ਸਿੱਖ ਇਤਿਹਾਸ ਤੇ ਸਿੱਖ ਘੱਲੂਘਾਰੇ ਦੀਆਂ ਤਸਵੀਰਾਂ ਵੀ ਸ਼ੁਸੋਭਤ ਕੀਤੀਆਂ ਗਈਆਂ ਸਨ ਜਿਨ੍ਹਾਂ ਰਾਹੀਂ ਸਿੱਖਾਂ ਦੇ ਇਤਿਹਾਸ ਤੇ ਤਰਾਸਦੀ ਦਾ ਜਿਕਰ ਸੀ।

ਟਰਲਕ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਨੇ ਵੀ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਸਿੱਖ ਯੂਥ ਆਫ਼ ਅਮਰੀਕਾ ਦੇ ਨੌਜਵਾਨਾਂ ਨੇ ਸ਼ਹੀਦਾਂ ਨੂੰ ਸਮਰਪਿਤ ਫਲੋਟ ਤਿਆਰ ਕੀਤੀ ਗਈ। ਭਾਈ ਮਹਿਲ ਸਿੰਘ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਜੋਸ਼ ਭਰਪੂਰ ਸ਼ਹੀਦੀ ਵਾਰਾਂ ਸਰਵਣ ਕਰਵਾਈਆਂ।

ਇਸ ਮੌਕੇ ਗੁਰੂ ਘਰ ਦੇ ਪ੍ਰਬੰਧਕਾਂ ਗੁਲਵਿੰਦਰ ਸਿੰਘ ਗਾਖਲ ਪ੍ਰਧਾਨ, ਮਨਜੀਤ ਸਿੰਘ ਮੁਕੇਰੀਆ, ਸੈਕਟਰੀ ਜਤਿੰਦਰ ਸਿੰਘ ਪੰਮਾ, ਅਮਰਜੀਤ ਸਿੰਘ ਕੰਗ, ਖਜਾਨਚੀ ਰਣਜੀਤ ਸਿੰਘ ਚੰਦੋਵਾਲੀਆ ਤੇ ਪਰਮਜੀਤ ਸਿੰਘ ਨਿੱਝਰ ਨੇ ਸਮੂਹ ਸੰਗਤਾਂ, ਵਲੰਟੀਅਰਾਂ ਤੇ ਲੰਗਰ ਦਾਨੀਆਂ ਦਾ ਧੰਨਵਾਦ ਕੀਤਾ।

## ਪੰਥਕ ਜਥੇਬੰਦੀਆਂ ਨੇ ਕੈਪਟਨ ਵਲੋਂ ਸੱਜਣ ਨੂੰ ਖਾਲਿਸਤਾਨੀ ਹਮਦਰਦ ਕਰਾਰ ਦੇਣ ਦਾ ਲਿਆ ਗੰਭੀਰ ਨੋਟਿਸ

ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਗੰਭੀਰ ਦੋਸ਼ ਲਾਇਆ ਕਿ ਕੈਪਟਨ ਪਰਿਵਾਰ ਦੇ ਵੱਡੇ-ਵਡੇਰੇ ਅਕਸਰ ਅੰਗਰੇਜ਼ਾਂ ਦੀ ਪਿੱਠ ਪੂਰਦੇ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਕੈਪਟਨ ਵੀ ਮੌਕਾਪ੍ਰਸਤ ਇਤਿਹਾਸ ਦੀ ਪੈਰਵਾਈ ਕਰਦੇ ਜਾਪਦੇ ਹਨ। ਸਿੱਖ ਆਗੂਆਂ ਨੇ ਕਿਹਾ ਕਿ ਭਾਰਤੀ ਸਟੇਟ ਸਿੱਖਾਂ ਨੂੰ ਹਾਲੇ ਤੱਕ ਵੀ ਇਨਸਾਫ਼ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਕੈਨੇਡਾ ਦੇ ਸੂਬਾ ਓਂਟਾਰੀਓ ਦੀ ਵਿਧਾਨ ਸਭਾ ਵੱਲੋਂ ਸਿੱਖ ਦੰਗਿਆਂ ਨੂੰ ਕਤਲੇਆਮ ਕਰਾਰ ਦੇਣ ਤੋਂ ਬਾਅਦ ਘਬਰਾਈ ਹੋਈ ਹੈ ਅਤੇ ਇੱਕ ਵੱਡੀ ਸਾਜ਼ਿਸ਼ ਤਹਿਤ ਹੀ ਸ੍ਰੀ ਸੱਜਣ ਨੂੰ ਖਾਲਿਸਤਾਨ ਨਾਲ ਜੋੜ ਕੇ ਬਦਨਾਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।




ਕੈਪਟਨ ਅਮਰਿੰਦਰ ਸਿੰਘ ਪਿਛਲੀ ਵਾਰ ਮੁੱਖ ਮੰਤਰੀ ਹੁੰਦਿਆਂ ਕੈਨੇਡਾ ਦੇ ਡਿਕਸੀ ਗੁਰਦੁਆਰਾ ਸਾਹਿਬ ਵਿਖੇ ਸੰਬੋਧਨ ਕਰਦੇ ਹੋਏ, ਉਨ੍ਹਾਂ ਦੇ ਪਿਛੇ ਸਟੇਜ 'ਤੇ 'ਖ਼ਾਲਿਸਤਾਨ ਜ਼ਿੰਦਾਬਾਦ' ਲਿਖਿਆ ਹੈ। ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ 'ਖ਼ਾਲਿਸਤਾਨੀ ਸਮਰਥਕ' ਕਹਿਣ 'ਤੇ ਕੈਪਟਨ ਦੀ ਇਹ ਤਸਵੀਰ ਵੀ ਚਰਚਾ ਵਿਚ ਆ ਗਈ ਹੈ।

# ਮੈਰੀਲੈਂਡ ਦੇ ਸਿੱਖ ਵਿਦਿਆਰਥੀਆਂ ਨੇ ਮਨਾਇਆ ਦਸਤਾਰ ਦਿਵਸ

**ਮੈਰੀਲੈਂਡ/ਬਿਊਰੋ ਨਿਊਜ਼ :** ਸਿੱਖ ਵਿਦਿਆਰਥੀ ਸੰਸਥਾ ਯੂਨੀਵਰਸਿਟੀ ਮੈਰੀਲੈਂਡ ਵਲੋਂ ਸਿੱਖੀ ਦੀ ਪਹਿਚਾਣ ਦਰਸਾਉਣ ਅਤੇ ਅਮਰੀਕਨ ਵਿਦਿਆਰਥੀਆਂ ਨੂੰ ਸਿੱਖੀ ਪ੍ਰਤੀ ਜਾਗਰੂਕ ਕਰਨ ਲਈ ਦਸਤਾਰ ਦਿਵਸ ਮਨਾਇਆ ਗਿਆ। ਸਿੱਖ ਵਿਦਿਆਰਥਣਾਂ ਅਤੇ ਸਿੱਖ ਬੱਚਿਆਂ ਵਲੋਂ ਪਿਛਲੇ ਕਈ ਦਿਨਾਂ ਤੋਂ ਯੂਨੀਵਰਸਿਟੀ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਵਿਸਾਖੀ ਦੇ ਦਿਹਾੜੇ 'ਤੇ ਦਸਤਾਰਬੰਦੀ ਉਨ੍ਹਾਂ ਵਿਦਿਆਰਥੀਆਂ ਦੀ ਕੀਤੀ ਜਾਵੇਗੀ, ਜੋ ਸਿੱਖੀ ਨੂੰ ਪਿਆਰ ਕਰਦੇ ਹਨ ਅਤੇ ਸਿੱਖੀ ਬਾਰੇ ਸਿੱਖਣਾ ਚਾਹੁੰਦੇ ਹਨ। ਕੈਂਪਸ ਦੇ ਕੌਫੀ ਹਾਊਸ ਦੇ ਸਾਹਮਣੇ ਵਿਦਿਆਰਥੀਆਂ ਵਲੋਂ ਦਸਤਾਰ ਸਜਾਉਣ ਸਮਾਗਮ ਵਿੱਚ ਗੋਰੇ, ਗੋਰੀਆਂ ਅਤੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ। ਉਨ੍ਹਾਂ ਵਲੋਂ ਖੁਸ਼ੀ-ਖੁਸ਼ੀ ਦਸਤਾਰਾਂ ਸਜਾਈਆਂ ਗਈਆਂ ਅਤੇ ਸਿੱਖੀ ਪ੍ਰਤੀ ਜਾਣਕਾਰੀ ਲਈ। ਸਿਮਰਤ ਕੌਰ ਸਿੰਘ ਅਤੇ ਉਸ ਦੀ ਸਮੁੱਚੀ ਟੀਮ ਵਲੋਂ ਸਿੱਖੀ ਸਬੰਧੀ ਲਿਟਰੇਚਰ ਵੰਡਿਆ ਗਿਆ ਅਤੇ ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਨੂੰ ਸਿਰਾਂ 'ਤੇ ਸਜਾਇਆ ਗਿਆ। ਜਿੱਥੇ ਵਿਸਾਖੀ ਨੂੰ ਸਮਰਪਿਤ ਇਹ ਦਸਤਾਰ ਸਜਾਉਣ ਦਾ ਸਮਾਗਮ ਸਿੱਖੀ ਪ੍ਰਤੀ ਅਜਿਹਾ ਰੰਗ ਬਿਖੇਰ ਗਿਆ, ਜਿਸ ਨੂੰ ਯੂਨੀਵਰਸਿਟੀ ਦੇ ਡਾਇਰੈਕਟਰ ਡੇਲ ਬਿੰਲਹਾਰ ਨੇ ਸ਼ਾਮਲ



ਹੋ ਕੇ ਵਿਸਾਖੀ ਦਿਵਸ ਸਬੰਧੀ ਸੰਦੇਸ਼ ਪੜ੍ਹਿਆ ਅਤੇ ਵਿਦਿਆਰਥੀਆਂ ਨੂੰ ਇਸ ਦਿਹਾੜੇ 'ਤੇ ਢੇਰ ਸਾਰੀਆਂ ਵਧਾਈਆਂ ਦਿੱਤੀਆਂ। ਸਮੂਹ ਸੰਸਥਾ ਦੇ ਬਹੁਤ ਹੀ ਅਦਬ ਨਾਲ ਇਸ ਦਸਤਾਰ ਸਮਾਗਮ ਦੀ ਕਾਰਵਾਈ ਨੂੰ ਕਈ ਘੰਟੇ ਜਾਰੀ ਰੱਖਿਆ ਅਤੇ ਸ਼ਮੂਲੀਅਤ ਕਰਨ ਵਾਲਿਆਂ ਨੂੰ ਸਨੈਕਸ ਵੰਡੇ।

## ਕੈਪਟਨ ਆਪੇ ਹੀ ਆਇਆ ਕੁੜਿੱਕੀ 'ਚ

ਰਿਹਾ ਹੈ। ਇਹ ਵੀ ਚਰਚਾ ਹੋ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਪਿਛਲੇ ਕਾਰਜਕਾਲ ਦੌਰਾਨ ਜਦੋਂ ਕੈਨੇਡਾ ਦੌਰੇ 'ਤੇ ਡਿਕਸੀ ਗੁਰਦੁਆਰਾ ਸਾਹਿਬ ਗਏ ਸਨ ਤੇ ਜਿਸ ਸਟੇਜ 'ਤੇ ਉਹ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਸ ਪਿਛੇ ਲਿਖਿਆ ਸੀ 'ਖ਼ਾਲਿਸਤਾਨ ਜ਼ਿੰਦਾਬਾਦ'। ਜਦੋਂ ਇਸ ਨੂੰ ਲੈ ਕੇ ਪੰਜਾਬ ਵਿਚ ਉਨ੍ਹਾਂ ਦੇ ਵਿਰੋਧੀਆਂ ਨੇ ਘੇਰਿਆ ਤਾਂ ਉਨ੍ਹਾਂ ਕਿਹਾ, 'ਉਥੇ ਰਹਿਣ ਵਾਲੇ ਸਾਰੇ ਖ਼ਾਲਿਸਤਾਨੀ ਨਹੀਂ ਹਨ। ਪਰ ਹੁਣ ਖ਼ੁਦ ਉਨ੍ਹਾਂ ਨੇ ਹਰਜੀਤ ਸਿੰਘ ਸੱਜਣ ਨੂੰ ਮਿਲਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਖ਼ਾਲਿਸਤਾਨੀ ਸਮਰਥਕ ਹਨ। ਹਰਜੀਤ ਸਿੰਘ ਸੱਜਣ ਭਾਰਤ ਪੁੱਜ ਗਏ ਹਨ ਤੇ ਆਉਂਦੇ ਦਿਨਾਂ ਨੂੰ ਉਹ ਦਰਬਾਰ ਸਾਹਿਬ ਨਤਮਸਤਕ ਹੋਣ ਜਾਣਗੇ, ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਕੈਪਟਨ ਅਕਸਰ ਹੀ ਆਪਣੇ ਅੜਬ ਸੁਭਾਅ ਵਜੋਂ ਜਾਣੇ ਜਾਂਦੇ ਹਨ ਤੇ ਇਸ ਵਾਰ ਉਨ੍ਹਾਂ ਨੇ ਅਜਿਹਾ ਐਲਾਨ ਕਰਕੇ ਦੇਸ਼-ਵਿਦੇਸ਼ ਵਿਚ ਬੈਠੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵੇਲੇ ਜਦੋਂ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਵਿਦੇਸ਼ਾਂ ਵਿਚ ਪਰਵਾਸੀਆਂ ਨੂੰ ਆਪਣੇ-ਆਪਣੇ ਹੱਕ ਵਿਚ ਭੁਗਤਾਣ ਵਿਚ ਜੁਟੇ ਹੋਏ ਸਨ ਤਾਂ ਕੈਪਟਨ ਅਮਰਿੰਦਰ ਸਿੰਘ ਵੀ ਅਜਿਹੇ ਮੌਕੇ ਦਾ ਲਾਹਾ ਲੈਣ ਗਏ ਸਨ। ਪਰ ਉਥੋਂ ਦੀਆਂ ਕੁਝ ਧਿਰਾਂ ਵਲੋਂ ਵਿਰੋਧ ਕਾਰਨ ਕੈਨੇਡਾ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਜਨਤਕ ਰੈਲੀਆਂ ਕਰਨ ਤੋਂ ਰੋਕ ਦਿੱਤਾ ਸੀ। ਮੰਨਿਆ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਹੋ ਕਿੜ ਕੱਢਦਿਆਂ ਹਰਜੀਤ ਸਿੰਘ ਸੱਜਣ ਨਾਲ ਮੁਲਾਕਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਹਰਜੀਤ ਸਿੰਘ ਸੱਜਣ ਦਾ ਇਥੋਂ ਦੀਆਂ ਸਿਆਸੀ ਧਿਰਾਂ ਨਾਲ ਮੇਲ-ਜੋਲ ਦਾ ਕੋਈ ਪ੍ਰੋਗਰਾਮ ਨਹੀਂ ਸੀ। ਉਹ ਹੁਸ਼ਿਆਰਪੁਰ ਦੇ ਪਿੰਡ ਬੰਬੇਲੀ ਦੇ ਜੰਮਪਲ ਹਨ ਤੇ ਆਮ ਪਰਵਾਸੀਆਂ ਵਾਂਗ ਹੀ ਆਪਣੇ ਜੱਦੀ ਘਰ ਫੇਰੀ ਲਈ ਆਏ ਹਨ।

ਕੈਪਟਨ ਦਾ ਇਹ ਬਿਆਨ ਠੀਕ ਉਸ ਵੇਲੇ ਆਇਆ ਜਦੋਂ ਕੈਨੇਡਾ ਦੇ ਪਾਰਲੀਮੈਂਟ ਹਾਊਸ ਅਤੇ ਹੋਰਨਾਂ ਥਾਵਾਂ 'ਤੇ ਵੱਡੇ ਪੱਧਰ 'ਤੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮਨਾਈ ਜਾ ਰਹੀ ਸੀ। ਪਾਰਲੀਮੈਂਟ ਹਾਊਸ ਵਿਚ ਨਾ ਸਿਰਫ਼ ਸਿੱਖ ਮੰਤਰੀਆਂ ਤੇ ਭਾਈਚਾਰੇ ਨੇ ਹੀ ਸ਼ਮੂਲੀਅਤ ਕੀਤੀ ਸਗੋਂ ਕੈਨੇਡੀਅਨ ਮੰਤਰੀਆਂ, ਵਿਧਾਇਕਾਂ ਤੇ ਕੈਨੇਡੀਅਨ ਲੋਕਾਂ ਨੇ ਵੀ ਵੱਧ-ਚੜ੍ਹ ਕੇ ਹਿੱਸਾ ਲਿਆ। ਅਪ੍ਰੈਲ ਦਾ ਇਹ ਮਹੀਨਾ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜਦੋਂ 1984 ਦੇ ਸਿੱਖ ਕਤਲੇਆਮ ਨੂੰ ਆਪਣੇ ਹੀ ਮੁਲਕ ਭਾਰਤ ਵਿਚ ਨਿਆਂ ਨਹੀਂ ਮਿਲ ਰਿਹਾ, ਉਦੋਂ ਇਨ੍ਹਾਂ ਸਿੱਖ ਮੰਤਰੀਆਂ ਤੇ ਸਿੱਖ ਭਾਈਚਾਰੇ ਦੀਆਂ ਕੋਸ਼ਿਸ਼ਾਂ ਸਦਕਾ ਹੀ ਓਂਟਾਰੀਓ ਸੂਬੇ ਵਿਚ '84 ਦੇ ਦੁਖਾਂਤ ਨੂੰ ਕਤਲੇਆਮ ਐਲਾਨਿਆ ਗਿਆ। ਇਸ ਤੋਂ ਪਹਿਲਾਂ ਜਦੋਂ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ ਤਾਂ ਉਨ੍ਹਾਂ ਆਉਂਦਿਆਂ ਹੀ ਕਾਮਾਗਾਟਾਮਾਰੂ ਕਾਂਡ ਲਈ ਸੰਸਦ ਵਿਚ ਮੁਆਫ਼ੀ ਮੰਗੀ। ਜਦੋਂ ਦੋਹਾਂ ਮੁਲਕਾਂ ਵਿਚਾਲੇ ਅਜਿਹੇ ਮਿੱਤਰਤਾ ਵਾਲੇ ਸਬੰਧ ਹੋਣ ਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾ ਰਹੀ ਹੋਵੇ, ਉਥੇ ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਰਿਸ਼ਤਿਆਂ ਵਿਚ ਕਾਂਜੀ ਘੋਲਣ ਵਾਂਗ ਹੈ।

## ਸਿੱਖਾਂ ਨੇ ਟਾਈਮ ਸੁਕੇਅਰ ਵਿਚ 8000 ਲੋਕਾਂ ਦੇ ਸਜਾਈ ਦਸਤਾਰ

ਦਾ ਅਨੁਭਵ ਲੈਣ ਅਤੇ ਇਸ ਦੇ ਮਹੱਤਵ ਨੂੰ ਸਮਝਾਉਣ ਦਾ ਮੌਕਾ ਦਿੰਦਾ ਹੈ।'

600 ਮੈਂਬਰਾਂ ਵਾਲੇ 'ਦਿ ਸਿੱਖ ਆਫ਼ ਨਿਊਯਾਰਕ' ਗਰੁੱਪ ਵਲੋਂ ਇਸ ਦੌਰਾਨ ਸਿੱਖ ਡਾਕਟਰਾਂ ਤੇ ਕਾਰੋਬਾਰੀਆਂ ਦਾ ਇਕ ਵੀਡੀਓ ਵੀ ਦਿਖਾਇਆ ਗਿਆ। ਇਸ ਵਿਚ ਇਹ ਸੁਨੇਹਾ ਦਿੱਤਾ ਗਿਆ ਕਿ ਸਿੱਖ ਲੋਕ ਭਾਵੇਂ ਵੱਖਰੇ ਪਿਛੋਕੜ ਤੋਂ ਆਉਂਦੇ ਹਨ ਪਰ ਉਹ ਅਤਿਵਾਦੀ ਨਹੀਂ ਹਨ। ਇਵੈਂਟ ਵਿਚ ਹਿੱਸਾ ਲੈਣ ਵਾਲੀ ਇਵਾ ਜੌਨ ਨੇ ਕਿਹਾ, 'ਬਹੁਤ ਸਾਰੇ ਲੋਕਾਂ ਨੇ ਪੱਗ ਬੰਨ੍ਹੀ ਹੈ, ਇੰਜ ਲੱਗ ਰਿਹਾ ਹੈ ਨਿਊਯਾਰਕ ਜਿਵੇਂ ਅੰਮ੍ਰਿਤਸਰ ਬਣ ਗਿਆ ਹੋਵੇ।'

ਇਕ ਸਰਵੇਖਣ ਮੁਤਾਬਕ ਅਮਰੀਕਾ ਵਿਚ ਕਰੀਬ 33 ਲੱਖ ਭਾਰਤੀ ਹਨ। ਇਨ੍ਹਾਂ ਵਿਚੋਂ ਪੰਜਾਬੀ, ਗੁਜਰਾਤੀ ਤੇ ਦੱਖਣੀ ਭਾਰਤੀ ਸਾਰੇ ਸ਼ਾਮਲ ਹਨ। ਸਿੱਖਾਂ ਦੀ ਸੰਖਿਆ 5 ਲੱਖ ਤੋਂ ਜ਼ਿਆਦਾ ਹੈ। ਸਿੱਖ ਇੱਥੇ ਕਾਰੋਬਾਰ ਤੋਂ ਇਲਾਵਾ ਨਿਊਯਾਰਕ ਪੁਲੀਸ ਵਿਭਾਗ ਵਿਚ ਵੀ ਕੰਮ ਕਰਦੇ ਹਨ। ਪਿਛਲੇ ਸਾਲ ਦਸੰਬਰ ਤਕ ਇਨ੍ਹਾਂ ਦੀ ਸੰਖਿਆ 160 ਸੀ। ਵਿਭਾਗ ਵਲੋਂ ਇਨ੍ਹਾਂ ਨੂੰ ਦਾੜ੍ਹੀ ਰੱਖਣ ਤੇ ਪੁਲੀਸ ਟੋਪੀ ਦੀ ਥਾਂ ਨੀਲੀ ਦਸਤਾਰ ਸਜਾਉਣ ਦੀ ਆਗਿਆ ਹੈ।

## ਕਸ਼ਮੀਰ ਵਿੱਚ ਵਿਦਿਆਰਥੀਆਂ ਦਾ ਹੁਣ ਤਕ ਦਾ ਸਭ ਤੋਂ ਵੱਡਾ ਪ੍ਰਦਰਸ਼ਨ

ਦੇ ਡਿਗਰੀ ਕਾਲਜਾਂ ਅਤੇ ਕੁਝ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਰੈਲੀਆਂ ਕੱਢਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੂੰ ਪੁਲੀਸ ਨੇ ਰੋਕ ਦਿੱਤਾ ਜਿਸ ਕਾਰਨ ਉਨ੍ਹਾਂ ਦੀ ਸੁਰੱਖਿਆ ਬਲਾਂ ਨਾਲ ਝੜਪ ਹੋਈ। ਇਕ ਅਧਿਕਾਰੀ ਨੇ ਦੱਸਿਆ ਕਿ ਇਸ ਕਾਰਨ ਲਾਲ ਚੌਕ ਸਮੇਤ ਕੁਝ ਇਲਾਕਿਆਂ ਵਿੱਚ ਆਮ ਜਨਜੀਵਨ ਪ੍ਰਭਾਵਿਤ ਰਿਹਾ। ਜ਼ਿਕਰਯੋਗ ਹੈ ਕਿ ਕਈ ਵਿਦਿਆਰਥੀ ਧੜਿਆਂ ਨੇ ਸੁਰੱਖਿਆ ਬਲਾਂ ਦੀ ਕਾਲਜ ਵਿਦਿਆਰਥੀਆਂ 'ਤੇ ਕੀਤੀ ਕਥਿਤ ਧੱਕੇਸ਼ਾਹੀ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਵਿਦਿਆਰਥੀਆਂ ਦਾ ਇਕ ਧੜਾ ਲਾਲ ਚੌਕ ਨੇੜੇ ਮੌਲਾਨਾ ਆਜ਼ਾਦ ਮਾਰਗ 'ਤੇ ਸ੍ਰੀ ਪ੍ਰਤਾਪ ਕਾਲਜ ਨੇੜੇ ਵਿਰੋਧ ਪ੍ਰਦਰਸ਼ਨ ਕਰ ਰਿਹਾ ਸੀ। ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਉਥੋਂ ਹਟਣ ਲਈ ਕਿਹਾ ਪਰ ਉਹ ਉਥੇ ਹੀ ਡਟੇ ਰਹੇ ਅਤੇ ਉਨ੍ਹਾਂ ਨੇ ਸੁਰੱਖਿਆ ਬਲਾਂ 'ਤੇ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਦੋਵਾਂ ਧੜਿਆਂ ਵਿੱਚ ਝੜਪ ਹੋ ਗਈ। ਪੁਲੀਸ ਨੇ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਦਾਗੇ। ਅੰਤਿਮ ਖ਼ਬਰਾਂ ਆਉਣ ਤੱਕ ਗੰਦਰਬਲ, ਬਾਰਾਮੁੱਲਾ, ਸ਼ੋਪੀਆਂ ਅਤੇ ਪੁਲਵਾਮਾ ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨ ਜਾਰੀ ਸੀ। ਇਨ੍ਹਾਂ ਝੜਪਾਂ ਵਿੱਚ ਸੁਰੱਖਿਆ ਬਲ ਦੇ ਜਵਾਨਾਂ ਸਮੇਤ ਕਈ ਜ਼ਖ਼ਮੀ ਹੋਏ ਹਨ। ਇਸੇ ਦੌਰਾਨ ਪੁਲੀਸ ਨੇ ਵਾਦੀ ਵਿਚਲੀਆਂ ਟੈਲੀਕਾਮ ਕੰਪਨੀਆਂ ਨੂੰ 3ਜੀ ਅਤੇ 4ਜੀ ਸੇਵਾਵਾਂ ਬੰਦ ਕਰਨ ਲਈ ਕਿਹਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਆਨ ਲਾਈਨ ਵੀਡੀਓਜ਼ ਰਾਹੀਂ ਸੁਰੱਖਿਆ ਬਲਾਂ ਦੀ ਸਾਖ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ।

**ਪਲਾਸਟਿਕ ਗੋਲੀਆਂ ਦੀ ਹੋਵੇਗੀ ਵਰਤੋਂ :**

ਨਵੀਂ ਦਿੱਲੀ: ਜੰਮੂ ਕਸ਼ਮੀਰ ਵਿੱਚ ਭੀੜ ਅਤੇ ਪੱਥਰਬਾਜ਼ਾਂ ਨੂੰ ਕਾਬੂ ਕਰਨ ਲਈ ਹੁਣ ਪਲਾਸਟਿਕ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਜਾਵੇਗੀ। ਸੂਤਰਾਂ ਅਨੁਸਾਰ ਹਜ਼ਾਰਾਂ ਦੀ ਗਿਣਤੀ ਵਿੱਚ ਪਲਾਸਟਿਕ ਦੀਆਂ ਗੋਲੀਆਂ ਬਣਾ ਕੇ ਵਾਦੀ ਵਿੱਚ ਪੁਲੀਸ ਤੇ ਹੋਰ ਬਲਾਂ ਨੂੰ ਭੇਜੀਆਂ ਗਈਆਂ ਹਨ। ਇਨ੍ਹਾਂ ਨਾਲ ਵਧੇਰੇ ਨੁਕਸਾਨ ਨਹੀਂ ਹੁੰਦਾ। ਇਸ ਤੋਂ ਪਹਿਲਾਂ ਮੁਜ਼ਾਹਰਾਕਾਰੀਆਂ ਅਤੇ ਪੱਥਰਬਾਜ਼ਾਂ ਨੂੰ ਕਾਬੂ ਕਰਨ ਲਈ ਸੁਰੱਖਿਆ ਬਲ ਅਸਾਲਟ ਰਾਈਫਲ ਦੀ ਵਰਤੋਂ ਕਰਨ ਤੋਂ ਪਹਿਲਾਂ ਅੱਥਰੂ ਗੈਸ ਦੇ ਗੋਲੇ ਅਤੇ ਪੈਲੇਟ ਗਨ ਦੀ ਵਰਤੋਂ ਕਰਦੇ ਸਨ।

**ਸਰਹੱਦ 'ਤੇ ਗੋਲੀਬਾਰੀ ਦੌਰਾਨ 5 ਪਾਕਿ ਫ਼ੌਜੀ ਹਲਾਕ :**

ਜੰਮੂ: ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਨਾਲ ਲੱਗਦੀ ਕੰਟਰੋਲ ਰੇਖਾ 'ਤੇ ਨੌਸ਼ਿਹਰਾ ਖਿੱਤੇ ਵਿਚ ਪਾਕਿਸਤਾਨੀ ਤੇ ਭਾਰਤੀ ਸੈਨਾ ਵਿਚਕਾਰ ਹੋਈ ਗੋਲੀਬਾਰੀ ਵਿੱਚ 5 ਤੋਂ ਜ਼ਿਆਦਾ ਪਾਕਿਸਤਾਨੀ ਸੈਨਿਕ ਮਾਰੇ ਗਏ ਹਨ। ਇਸ ਤੋਂ ਪਹਿਲਾਂ ਪਾਕਿਸਤਾਨ ਫੌਜ ਵੱਲੋਂ ਸਵੈਚਾਲਿਤ ਹਥਿਆਰਾਂ ਤੇ ਮੋਰਟਾਰ ਗੋਲੇ ਦਾਗ ਕੇ ਗੋਲੀਬੰਦੀ ਦੀ ਉਲੰਘਣਾ ਕੀਤੀ। ਇਸ ਮਹੀਨੇ ਗੋਲੀਬੰਦੀ ਦੀ ਉਲੰਘਣਾ ਦੀ ਇਹ ਛੇਵੀਂ ਘਟਨਾ ਹੈ। ਪਾਕਿਸਤਾਨੀ ਫੌਜ ਨੇ ਛੋਟੇ ਅਤੇ ਆਟੋਮੈਟਿਕ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ। ਭਾਰਤੀ ਫੌਜ ਨੇ ਜਵਾਬੀ ਕਾਰਵਾਈ ਕੀਤੀ ਤੇ ਤੋਪਖਾਨੇ ਦਾ ਇਸਤੇਮਾਲ ਕੀਤਾ। ਫੌਜ ਦੇ ਇਕ ਬੁਲਾਰੇ ਨੇ ਦੱਸਿਆ ਕਿ ਨੌਸ਼ਿਹਰਾ ਇਲਾਕੇ ਵਿਚ ਲੋਕਾਂ ਨੂੰ ਸੁਰੱਖਿਅਤ ਥਾਵਾਂ ਵੱਲ ਜਾਣ ਲਈ ਕਿਹਾ ਗਿਆ ਹੈ।

**ਜੀਪ ਕਾਂਡ: ਪੁਲੀਸ ਵੱਲੋਂ ਫੌਜ ਖ਼ਿਲਾਫ਼ ਕੇਸ ਦਰਜ**

ਪੁਲੀਸ ਨੇ ਇਕ ਨਾਗਰਿਕ ਨੂੰ ਜੀਪ 'ਤੇ ਬੰਨ੍ਹ ਕੇ ਮਨੁੱਖੀ ਢਾਲ ਬਣਾਉਣ ਦੇ ਮਾਮਲੇ ਵਿੱਚ ਅਣਪਛਾਤੇ ਸੁਰੱਖਿਆ ਬਲਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬੀਰਵਾਹ ਥਾਣੇ ਵਿੱਚ ਵੱਖ ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਲੀਸ ਨੇ ਗੋਲੀ ਲੱਗਣ ਕਾਰਨ ਨੌਜਵਾਨ ਦੀ ਹੋਈ ਮੌਤ ਦੇ ਮਾਮਲੇ ਵਿੱਚ ਵੀ ਬੀਐਸਐਫ ਦੇ ਜਵਾਨਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਠੋਸ ਤੇ ਕਾਰਗਰ ਸਭਿਆਚਾਰਕ ਨੀਤੀ ਬਣਾਉਣ ਲਈ ਨਵਜੋਤ ਸਿੱਧੂ ਨੇ ਕਲਾਕਾਰਾਂ ਤੇ ਸਾਹਿਤਕਾਰਾਂ ਤੋਂ ਲਏ ਸੁਝਾਅ

ਸਿੰਘ ਨੇ ਕਿਹਾ ਕਿ ਜੇ ਸਾਡੀ ਬੋਲੀ ਖ਼ਤਮ ਹੁੰਦੀ ਹੈ ਤਾਂ ਸਾਡਾ ਸਭਿਆਚਾਰ ਵੀ ਖ਼ਤਮ ਹੁੰਦਾ ਹੈ। ਡਾ. ਕਰਮਜੀਤ ਸਰਾ ਆਈ.ਏ.ਐਸ. (ਰਿਟਾ.) ਨੇ ਆਪਣੇ ਇਕ ਵਿਸ਼ੇਸ਼ ਅੰਦਾਜ਼ ਵਿਚ ਜਿੱਥੇ ਸਭਿਆਚਾਰਕ ਨੀਤੀ ਦੇ ਹੋਏ ਤੇ ਅਧੂਰੇ ਪਏ ਕੰਮਕਾਜ ਬਾਰੇ ਗੱਲ ਕੀਤੀ, ਉਥੇ ਉਨ੍ਹਾਂ ਵੱਲੋਂ ਆਪਣੀ ਸਪਸ਼ਟ ਸ਼ਬਦਾਵਲੀ ਨਾਲ ਮੀਟਿੰਗ ਦੌਰਾਨ ਹਾਸੇ ਵੀ ਬਿਖੇਰੇ ਗਏ। ਸਭਿਆਚਾਰ ਵਿਭਾਗ ਦੇ ਸਕਤੱਰ ਹੁਸਨ ਲਾਲ ਤੇ ਡਾਇਰੈਕਟਰ ਡਾ. ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਸਭਿਆਚਾਰ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਇਸ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਤੇ ਉਨ੍ਹਾਂ ਇਹ ਦ੍ਰਿੜ ਪ੍ਰਣ ਕੀਤਾ ਹੈ ਕਿ ਇਸ ਵਿਭਾਗ ਰਾਹੀਂ ਪੰਜਾਬੀ ਸਾਹਿਤ, ਸਭਿਆਚਾਰ, ਲੋਕ ਕਲਾਵਾਂ, ਮਾਂ-ਬੋਲੀ ਦੀ ਸੇਵਾ ਕਰਨ ਲਈ ਸਭ ਨੂੰ ਨਾਲ ਲੈ ਕੇ ਕੰਮ ਕੀਤਾ ਜਾਵੇ ਤੇ ਸਭਿਆਚਾਰਕ ਲਹਿਰ ਖੜ੍ਹੀ ਕੀਤੀ ਜਾਵੇ। ਮਾਹਰਾਂ ਵੱਲੋਂ ਮਿਲੇ ਸੁਝਾਵਾਂ ਉਪਰੰਤ ਸਿੱਧੂ ਨੇ ਸਭ ਮਾਹਰਾਂ ਨਾਲ ਇਕਮਤ ਹੁੰਦਿਆਂ ਕਿਹਾ ਕਿ ਅਸ਼ਲੀਲਤਾ ਨੂੰ ਨੱਥ ਪਾਉਣ ਲਈ ਸਭਿਆਚਾਰਕ ਨੀਤੀ ਰਾਹੀਂ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪਾਇਰੇਸੀ ਨੂੰ ਰੋਕਣ ਲਈ ਗੁੰਡਾ ਐਕਟ ਬਣਾਉਣਾ ਵੀ ਮੁੱਖ ਏਜੰਡਾ ਹੋਵੇਗਾ। ਸਿੱਧੂ ਨੇ ਸਾਰੇ ਮਾਹਰਾਂ ਵੱਲੋਂ ਸੁਝਾਅ ਸੁਣਨ ਉਪਰੰਤ ਕਿਹਾ ਕਿ ਜੇਕਰ ਕੋਈ ਹੋਰ ਵੀ ਸੁਝਾਅ ਜਾਂ ਨੁਕਤਾ ਰਹਿ ਗਿਆ ਹੋਵੇ ਤਾਂ ਉਸ ਨੂੰ ਲਿਖਤੀ ਰੂਪ ਵਿਚ ਵਿਭਾਗ ਨੂੰ ਈ-ਮੇਲ ਰਾਹੀਂ ਭੇਜ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਸੁਝਾਵਾਂ ਨੂੰ ਇਕੱਠਾ ਕਰ ਕੇ 15 ਦਿਨਾਂ ਦੇ ਅੰਦਰ ਦੁਬਾਰਾ ਮੀਟਿੰਗ ਰੱਖੀ ਜਾਵੇਗੀ, ਜਿਸ ਵਿਚ ਸਾਰੇ ਸੁਝਾਵਾਂ 'ਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਜਾਣਗੀਆਂ। ਸਿੱਧੂ ਨੇ ਕਿਹਾ ਕਿ ਪੰਜਾਬ ਹਿੰਦੀ ਫਿਲਮਾਂ ਦੀਆਂ ਸ਼ੂਟਿੰਗਾਂ ਲਈ ਵਧੀਆ ਸਥਾਨ ਹੈ ਤੇ ਇਸ ਨੂੰ ਧਿਆਨ ਵਿਚ ਰੱਖਦਿਆਂ ਫਿਲਮੀ ਸੈਰ-ਸਪਾਟਾ ਨੂੰ ਹੁਲਾਰਾ ਦੇਣ ਲਈ ਸੂਬੇ ਵਿਚ ਫਿਲਮ ਸਿਟੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਭਿਆਚਾਰ ਤੇ ਸੈਰ-ਸਪਾਟਾ ਇਕ ਦੂਜੇ ਦੇ ਪੂਰਕ ਹਨ ਤੇ ਆਪਣੇ ਅਮੀਰ ਸਭਿਆਚਾਰ ਤੇ ਵਿਰਾਸਤ ਰਾਹੀਂ ਸੈਰ ਸਪਾਟਾ ਨੂੰ ਹੁਲਾਰਾ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਰੋਜ਼ਾਨਾ ਇਕ ਲੱਖ ਤੋਂ ਵੱਧ ਸ਼ਰਧਾਲੂ ਆਉਂਦੇ ਹਨ। ਧਾਰਮਿਕ ਸੈਰ ਸਪਾਟਾ ਖੇਤਰ ਨੂੰ ਹੁਲਾਰਾ ਦੇਣ ਲਈ ਇਕ ਸਰਕਟ ਬਣਾਇਆ ਜਾਵੇਗਾ ਜਿਸ ਵਿਚ ਧਾਰਮਿਕ ਸਥਾਨਾਂ ਨੂੰ ਜੋੜ ਕੇ ਸ਼ਰਧਾਲੂਆਂ ਲਈ ਵਧੀਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਈ ਇਤਿਹਾਸਕ ਕਿਲ੍ਹੇ, ਯਾਦਗਾਰਾਂ ਅਤੇ ਘਰਾਣੇ ਹਨ, ਜਿਨ੍ਹਾਂ ਦੇ ਸਰਕਟ ਬਣਾ ਕੇ ਸੈਲਾਨੀਆਂ ਨੂੰ ਖਿੱਚਿਆ ਜਾਵੇਗਾ।

## ਸੱਤਾ ਬਦਲਦਿਆਂ ਹੀ ਬਾਦਲਾਂ ਦੇ ਖ਼ਾਸ ਅਧਿਕਾਰੀ ਚੀਮਾ ਨੂੰ ਪਿੱਤਰੀ ਰਾਜ ਭੇਜਣ ਦੀਆਂ ਤਿਆਰੀਆਂ

ਦਿਲ ਨਹੀਂ ਲੱਗਿਆ ਤੇ ਉਨ੍ਹਾਂ ਅਕਾਲੀ ਨੇਤਾ ਚਰਨਜੀਤ ਸਿੰਘ ਅਟਵਾਲ ਦੇ ਲੋਕ ਸਭਾ ਦਾ ਡਿਪਟੀ ਸਪੀਕਰ ਹੁੰਦਿਆਂ ਦਿੱਲੀ ਵਿੱਚ ਤਾਇਨਾਤੀ ਕਰਵਾ ਲਈ ਅਤੇ ਫਿਰ ਲੋਕ ਸਭਾ ਦੇ ਤਤਕਾਲੀ ਸਪੀਕਰ ਸੋਮਨਾਥ ਚੈਟਰਜੀ ਨਾਲ ਵੀ ਕੁੱਝ ਸਮਾਂ ਤਾਇਨਾਤ ਰਹੇ ਦੱਸੇ ਜਾਂਦੇ ਹਨ। ਜਿਵੇਂ ਹੀ 2007 ਵਿੱਚ ਬਾਦਲ ਮੁੜ ਸੱਤਾ ਵਿੱਚ ਆਏ ਤਾਂ ਸ੍ਰੀ ਚੀਮਾ ਵਾਪਸ ਪੰਜਾਬ ਆ ਗਏ। ਇਸ ਸਾਰੇ ਮਾਮਲੇ ਦਾ ਰੋਚਕ ਪੱਖ ਇਹ ਹੈ ਕਿ ਰਾਜ ਦੇ ਪ੍ਰਸੋਨਲ ਵਿਭਾਗ ਵੱਲੋਂ ਜਦੋਂ ਵੀ ਕਦੇ ਕੇਂਦਰ ਸਰਕਾਰ ਅਤੇ ਪੱਛਮੀ ਬੰਗਾਲ ਸਰਕਾਰ ਦੀ ਚਿੱਠੀ 'ਤੇ ਕਾਰਵਾਈ ਲਈ ਮੁੱਖ ਮੰਤਰੀ ਦਫ਼ਤਰ ਨੂੰ ਕਾਰਵਾਈ ਲਈ ਫਾਈਲ ਭੇਜੀ ਜਾਂਦੀ ਸੀ ਤਾਂ ਕੇਂਦਰ ਤੇ ਬੰਗਾਲ ਤੋਂ ਆਈਆਂ ਚਿੱਠੀਆਂ ਗਾਇਬ ਕਰ ਦਿੱਤੀਆਂ ਜਾਂਦੀਆਂ ਸਨ। ਮੌਜੂਦਾ ਸਰਕਾਰ ਵੱਲੋਂ ਚਿੱਠੀਆਂ ਗਾਇਬ ਕਰਨ ਨੂੰ ਅਪਰਾਧਿਕ ਮਾਮਲੇ ਵਜੋਂ ਵਿਚਾਰਿਆ ਜਾ ਰਿਹਾ ਹੈ ਅਤੇ ਅਫ਼ਸਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਲਈ ਵਿਚਾਰ ਕੀਤਾ ਜਾ ਰਿਹਾ ਹੈ। ਪ੍ਰਸੋਨਲ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ੍ਰੀ ਚੀਮਾ ਦੀ ਸਰਵਿਸ ਬੁੱਕ ਅਤੇ ਸਾਲਾਨਾ ਗੁਪਤ ਰਿਪੋਰਟਾਂ ਵੀ ਨਹੀਂ ਮਿਲ ਰਹੀਆਂ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਪ੍ਰਵਾਨਗੀ ਅਤੇ ਬੰਗਾਲ ਸਰਕਾਰ ਦੀ ਸਹਿਮਤੀ ਸਬੰਧੀ ਵਿਭਾਗ ਨੂੰ ਅਜੇ ਤੱਕ ਕੋਈ ਪੱਤਰ ਹਾਸਲ ਨਹੀਂ ਹੋਇਆ, ਜਿਸ ਕਰ ਕੇ ਸਾਰਾ ਮਾਮਲਾ ਅਨਿਯਮਤ ਹੀ ਮੰਨਿਆ ਜਾ ਰਿਹਾ ਹੈ।

ਮਾਮਲੇ ਦਾ ਅਹਿਮ ਪੱਖ ਇਹ ਵੀ ਹੈ ਕਿ ਕੇਂਦਰ ਤੇ ਬੰਗਾਲ ਸਰਕਾਰ ਦੀਆਂ ਹਦਾਇਤਾਂ ਨੂੰ ਅਣਦੇਖਿਆ ਕਰ ਕੇ ਪੰਜਾਬ ਵਿੱਚ ਤਾਇਨਾਤ ਇਸ ਅਧਿਕਾਰੀ ਨੂੰ ਬਾਦਲ ਸਰਕਾਰ ਨੇ ਤਰੱਕੀਆਂ ਵੀ ਦਿੱਤੀਆਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸ੍ਰੀ ਚੀਮਾ ਨੂੰ ਜਲਦੀ ਹੀ ਪਿੱਤਰੀ ਰਾਜ ਭੇਜਿਆ ਜਾਵੇਗਾ। ਸੇਵਾ ਸਬੰਧੀ ਕਾਰਵਾਈ ਬੰਗਾਲ ਸਰਕਾਰ ਵੱਲੋਂ ਕੀਤੀ ਜਾਵੇਗੀ। ਕੈਪਟਨ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਮੁਲਾਜ਼ਮ ਭੇਜ ਕੇ ਦਿੱਲੀ ਤੋਂ ਸ੍ਰੀ ਚੀਮਾ ਦੀ ਸੇਵਾ ਨਾਲ ਸਬੰਧਤ ਦਸਤਾਵੇਜ਼ ਮੰਗਵਾ ਲਏ ਹਨ। ਪ੍ਰਸੋਨਲ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਤੇ ਨਿਯਮਾਂ ਮੁਤਾਬਕ ਕੋਈ ਵੀ ਆਈਏਐਸ ਅਧਿਕਾਰੀ ਦੋ ਰਾਜਾਂ ਦੀ ਆਪਸੀ ਸਹਿਮਤੀ ਅਤੇ ਕੇਂਦਰ ਸਰਕਾਰ ਦੀ ਪ੍ਰਵਾਨਗੀ ਨਾਲ ਕਿਸੇ ਵੀ ਰਾਜ ਵਿੱਚ ਪੰਜ ਸਾਲ ਤੱਕ ਹੀ ਡੈਪੂਟੇਸ਼ਨ 'ਤੇ ਰਹਿ ਸਕਦਾ ਹੈ। ਸ੍ਰੀ ਚੀਮਾ ਦਾ ਪੰਜ ਸਾਲ ਦਾ ਡੈਪੂਟੇਸ਼ਨ ਸਮਾਂ 2003 ਵਿੱਚ ਹੀ ਪੂਰਾ ਹੋ ਗਿਆ ਸੀ, ਇਸ ਲਈ 2007 ਤੋਂ ਬਾਅਦ ਡੈਪੂਟੇਸ਼ਨ ਦੀ ਪ੍ਰਵਾਨਗੀ ਮਿਲਣੀ ਅਸੰਭਵ ਸੀ। ਪਿਛਲੇ 10 ਸਾਲਾਂ ਦਾ ਡੈਪੂਟੇਸ਼ਨ ਅਨਿਯਮਤ ਮੰਨਿਆ ਜਾਣ ਕਾਰਨ ਕੇਂਦਰ ਸਰਕਾਰ ਅਤੇ ਪੱਛਮੀ ਬੰਗਾਲ ਸਰਕਾਰ ਨੇ ਪੰਜਾਬ ਸਰਕਾਰ ਨੂੰ ਕਈ ਪੱਤਰ ਲਿਖੇ। ਸੂਤਰਾਂ ਮੁਤਾਬਕ ਸ੍ਰੀ ਬਾਦਲ ਨੇ ਕੇਂਦਰ ਨੂੰ ਸ੍ਰੀ ਚੀਮਾ ਦੇ ਪੱਖ ਵਿੱਚ ਕਈ ਚਿੱਠੀਆਂ ਲਿਖੀਆਂ।


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


ਕਮਜ਼ੋਰੀ ਦਾ
ਜੜ ਤੋਂ ਖਾਤਮਾਂ
ਕਿਸੇ ਵੀ ਕਾਰਨ ਨਾਲ ਆਈ ਕਮਜ਼ੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ਼ 184 ਕੀਸਮਾਂ ਦੀਆਂ ਕੀਮਤੀ ਜੜੀ ਬੁਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁਛ ਕੇ ਉਸ ਦ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ਼ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।
VAID HARSHBIR SINGH
ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।
ਸ਼ਹਿਨਸ਼ਾਹ ਦਵਾਖਾਨਾ (ਰਜਿ)
ਨੇੜੇ ਬੱਸ ਸਟੈਂਡ, ਜੰਲਧਰ, (ਪੰਜਾਬ) INDIA
USA : 786 528 0001 | INDIA : +91-98888 00060
Email us : harshbir.singh1313@gmail.com


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# LISTEN & SUPPORT ਨਿਰਪੱਖ

RADIO GAL PUNJAB DI USA

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ **ਧਾਰਮਿਕ, ਰਾਜਨੀਤਿਕ, ਸਮਾਜਿਕ**

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

**001-510-541-7344**

galpunjabdi1@gmail.com

www.radiogalpunjabdiusa.com

Download App From

**STAFF/PARTNERS NEEDED AROUND THE WORLD**

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN

USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

**Free announcements for Religious, Political, and Social Events**



G.S. Pannu (Immigration Consultant, LDA)

# PANNU'S LEGAL SERVICES

ivisapass@gmail.com • FAX 510.279.7624

**510.677.5200**

## IMMIGRATION

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

## DIVORCE

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S PASSPORT & VISA SERVICES

indiavisa123@gmail.com • FAX 510.279.7624



M.K. Pannu (Owner)

## VISA IN ONE DAY




Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. **FREMONT** CA-94538

3810 Eau Claire Ave, Ceres, **MODESTO/CERES** CA-95307

220 Bush St/Montgomery St, #445 **SAN FRANCISCO** (OPPOSITE INDIA VISA CENTER)



Raja SWEETS & CATERING — AUTHORIZED CATERER FOR MAJOR 5-STAR HOTELS — ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on: Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

# ਮਹਾਨ ਗੁਰਮਿਤ ਸਮਾਗਮ

## 19 ਮਈ, 2017 ਤੋਂ 21 ਮਈ, 2017


ਭਾਈ ਬਲਦੇਵ ਸਿੰਘ ਜੀ ਵਡਾਲਾ


ਭਾਈ ਨਿਰਮਲ ਸਿੰਘ ਜੀ ਖ਼ਾਲਸਾ


ਭਾਈ ਬਲਜੀਤ ਸਿੰਘ ਜੀ ਕੈਨੇਡਾ


ਭਾਈ ਸੁੱਖਾ ਸਿੰਘ ਜੀ ਯੂ.ਕੇ.


ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ

### ਤਰੀਕ ਅਤੇ ਸਮਾਂ

19 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

20 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਆਸਾ ਦੀ ਵਾਰ

20 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

21 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤਕ ਭਾਈ ਨਿਰਮਲ ਸਿੰਘ ਆਸਾ ਦੀ ਵਾਰ

21 ਮਈ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ ਕੀਰਤਨ, ਕਥਾ, ਕਵੀਸ਼ਰੀ ਦਰਬਾਰ

*ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ*
*ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ-ਸੰਗਤ ਨੂੰ ਇਨ੍ਹਾਂ ਸਮਾਗਮਾਂ*
*ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।*

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**
**ਭਾਈ ਜਸਦੀਪ ਸਿੰਘ 317-560-0019, ਭਾਈ ਸਤਨਾਮ ਸਿੰਘ 317-403-8344,**
**ਭਾਈ ਗੁਰਪ੍ਰੀਤ ਸਿੰਘ 317-476-4038**

---

## GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**



Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com